ISSN:2231-6930

95

# ਪ੍ਰਵਚਨ



ਅਪ੍ਰੈਲ-ਜੂਨ 2024

ਮੁੱਲ 75 ਰੁਪਏ

# ਰਜਨੀਸ਼ ਬਹਾਦਰ ਸਿੰਘ ਦਾ ਆਲੋਚਨਾ ਸੰਸਾਰ



ਰਜਨੀਸ਼ ਬਹਾਦਰ ਸਿੰਘ ਕੁਝ ਵਰ੍ਹਿਆ 'ਚ ਈ ਆਪਣੀ ਵਿਦਵਤਾ ਤੇ ਪ੍ਰਤਿਭਾ ਸਦਕੇ ਪੁਸਤਕ ਸਮੀਖਿਅਕ ਤੇ ਆਲੋਚਕ ਵਜੋਂ ਤੇਜ਼ੀ ਨਾਲ ਉੱਭਰ ਕੇ ਸਥਾਪਤ ਹੋਇਆ ਏ। ਉਹ ਪ੍ਰਤਿਬਧ ਮਾਰਕਸਵਾਦੀ ਆਲੋਚਨਾ ਦੇ ਸਿਧਾਂਤ 'ਤੇ ਚਲਦਾ ਹੋਇਆ ਕਿਸੇ ਵੀ ਵਾਦ ਦੇ ਸਮੇਂ ਨਾਲ ਬਦਲਦੇ ਚਿੰਤਨ ਨੂੰ ਵਾਚਦਾ ਹੈ।

ਏਸ ਤੋਂ ਪਹਿਲਾਂ ਦੇ ਮਾਰਕਸਵਾਦੀ ਆਲੋਚਕ ਪਹਿਲਾਂ ਵਿਸ਼ੇ ਬਾਰੇ ਸੋਚਦੇ ਸੀ ਤੇ ਫਿਰ ਨਿਭਾਅ ਬਾਰੇ। ਰਚਨਾ ਦੇ ਚੰਗਾ ਮਾੜਾ ਸਾਹਿਤ ਹੋਣ ਜਾਂ ਨਾ ਹੋਣ ਦਾ ਦਾਰੋਮਦਾਰ ਲੇਖਕ ਦੀ ਨੀਅਤ ਨੂੰ ਮੰਨਿਆ ਜਾਂਦਾ ਸੀ। ... ਰਜਨੀਸ਼ ਮਾਰਕਸਵਾਦੀ ਤਾਂ ਹੈ ਪਰ ਸਮੇਂ ਦੇ ਚਿੰਤਨ ਦੇ ਨਾਲ ਤੁਰਨਾ ਜਾਣਦਾ ਹੈ। ਉਹਦੇ 'ਚ ਕਈ ਕੰਮਾਂ ਨੂੰ ਇਕੋ ਵਾਰੀ ਹੱਥ ਪਾਉਣ ਤੇ ਨਿਭਾਉਣ ਦੀ ਸਮਰਥਾ ਹੈ। ਆਪਣੀ ਕਮਾਲ ਦੀ ਯਾਦ ਸ਼ਕਤੀ, ਤੀਬਰ ਬੁੱਧੀ-ਵਿਵੇਕ ਕਰ ਕੇ ਉਹਦੇ ਚਿੰਤਨ 'ਚ ਗਹਿਰਾਈ ਪੈਦਾ ਹੁੰਦੀ ਗਈ ਏ। -ਪ੍ਰੇਮ ਪ੍ਰਕਾਸ਼

# ਸੰਤੋਖ ਧਾਲੀਵਾਲ ਦਾ ਗਲਪ ਸੰਸਾਰ



ਸੰਤੋਖ ਧਾਲੀਵਾਲ ਪੰਜਾਬੀ ਜੀਵਨ ਵਰਤਾਰੇ ਨੂੰ ਗਤੀਸ਼ੀਲ ਦ੍ਰਿਸ਼ਟੀ ਰਾਹੀਂ ਪੇਸ਼ ਕਰਦਾ ਹੈ। ਉਹ ਰਚਨਾ ਵਸਤ ਅਨੁਸਾਰ ਉਸ ਦੀ ਵਿਧਾ ਦੀ ਚਾਹਤ ਬਣਾਉਂਦਾ ਹੈ ਇਸ ਲਈ ਉਹ ਕਹਾਣੀ ਤੋਂ ਨਾਵਲ ਤਕ ਦੀ ਸਿਰਜਣਕਾਰੀ ਦਾ ਸਫ਼ਰ ਤੈਅ ਕਰਦਾ ਹੈ। ਉਸ ਦਾ ਸਿਰਜਣੀ ਸੰਸਾਰ ਪ੍ਰਵਾਸ ਦੇ ਵਰਤਾਰੇ ਦੇ ਗਲੈਮਰ ਤੋਂ ਲੈ ਕੇ ਰਿਸ਼ਤਿਆਂ ਦੇ ਆਦਰਸ਼ ਦੀ ਤਿੜਕਣ ਨੂੰ ਆਪਣੇ ਕਲੇਵਰ ਵਿਚ ਲੈਂਦਾ ਹੈ। ਉਸ ਦੀ ਮੁਹਾਵਰੇਦਾਰ ਭਾਸ਼ਾ ਉਸ ਦੀ ਸਿਰਜਣਕਾਰੀ ਦੀ ਵਿਲੱਖਣਤਾ ਹੈ। ਉਸ ਦੇ ਰਚਨਾ ਸੰਸਾਰ ਨੂੰ ਉਸ ਦੀਆਂ ਗਲਪ ਰਚਨਾਵਾਂ ਦੇ ਸਮੁੱਚ ਵਿਚੋਂ ਸਮਝਿਆ ਜਾ ਸਕਦਾ ਹੈ।

-ਡਾ. ਕੁਲਵੰਤ ਸਿੰਘ ਸੰਧੂ


- ਸੰਪਾਦਕੀ ਬੋਰਡ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
- ਨੋਟ: ਚੰਦੇ ਕੇਵਲ ਚੈੱਕ ਜਾਂ ਡਰਾਫਟ ਰਾਹੀਂ ਸੰਪਾਦਕ KULWANT SINGH ਦੇ ਨਾਂ ਭੇਜੇ ਜਾਣ।
- ਪਰਚਾ 'ਪ੍ਰਵਚਨ' ਜਸਵਿੰਦਰ ਸਿੰਘ ਮੰਡ ਨੇ Bright Printing Press, Mohalla Kishanpura, Jalandhar ਤੋਂ ਛਪਵਾ ਕੇ ਪਿੰਡ-ਮੰਡ ਮੌੜ, ਡਾਕਖਾਨਾ: ਕਰਤਾਰਪੁਰ, ਜ਼ਿਲਾ ਜਲੰਧਰ-144801 ਤੋਂ ਪ੍ਰਕਾਸ਼ਤ ਕੀਤਾ।
- ਟਾਈਪ ਸੈਟਿੰਗ ਤੇ ਡਿਜ਼ਾਇਨ: 5ਆਬ ਪ੍ਰਕਾਸ਼ਨ, ਦੇਸ਼ ਭਗਤ ਯਾਦਗਾਰ ਬਿਲਡਿੰਗ, ਜਲੰਧਰ, ਫੋਨ: 98140-87063

'ਪ੍ਰਵਚਨ' ਸਾਹਿਤ, ਸਮੀਖਿਆ ਤੇ ਸੱਭਿਆਚਾਰ ਨੂੰ ਸਮਰਪਿਤ, ਯੂ.ਜੀ.ਸੀ. ਕੇਅਰ ਲਿਸਟ ਅਨੁਸਾਰ ਪ੍ਰਵਾਨਿਤ ਤ੍ਰੈ-ਮਾਸਿਕ ਪਤ੍ਰਿਕਾ

ਸਾਲ : 24 ਪੁਸਤਕ ਲੜੀ : 95 ਅਪ੍ਰੈਲ-ਜੂਨ 2024

**ਬਾਨੀ ਸੰਪਾਦਕ: ਡਾ. ਰਜਨੀਸ਼ ਬਹਾਦਰ ਸਿੰਘ**

**ਮੁੱਖ ਸੰਪਾਦਕ: ਡਾ. ਕੁਲਵੰਤ ਸਿੰਘ**

124, CHHOTI BARADARI-II

Jalandhar-144001

Mob: 98722-44885

pravachanpunjabi@gmail.com

www.pravachan. org

**ਸੰਪਾਦਕ: ਡਾ. ਰਮਿੰਦਰ ਕੌਰ**

Mob: 94172-75147

**ਸਲਾਹਕਾਰ ਬੋਰਡ**

ਡਾ. ਰਵੀ ਰਵਿੰਦਰ (ਦਿੱਲੀ ਯੂਨੀਵਰਸਿਟੀ)

ਡਾ. ਜਸਵਿੰਦਰ ਸਿੰਘ (ਪਟਿਆਲਾ)

ਡਾ. ਮਹਿਲ ਸਿੰਘ (ਅੰਮ੍ਰਿਤਸਰ)

ਡਾ. ਜਨਮੀਤ

ਡਾ. ਜਸ ਮੰਡ

ਸੁਕੀਰਤ

ਡਾ. ਹਰਭਜਨ ਸਿੰਘ ਢਿੱਲੋਂ (ਕੈਲਗਰੀ)

ਡਾ. ਪਰਮਜੀਤ ਕੌਰ ਸਿੱਧੂ (ਕੁਰੁਕਸ਼ੇਤਰ ਯੂਨੀਵਰਸਿਟੀ)

ਸੰਤੋਖ ਧਾਲੀਵਾਲ (ਯੂ. ਕੇ.)

ਬਲਬੀਰ ਪਰਵਾਨਾ

ਰਾਹੁਲ ਸਿੰਘ

**ਚੰਦਿਆਂ ਦਾ ਵੇਰਵਾ:**

| | |
|---|---|
| India | Rs. 75 Per Issue |
| | Rs.1500 Per 5 Years |
| U.K. | £20 Per Year |
| | £100 Per 5 Years |
| U.S.A./ | $40 Per Year |
| | $160 Per 5 Years. |
| Canada | $40 Per Year |
| | $200 Per 5 Years. |

## ਅੰਦਰ ਪੜ੍ਹੋ

- ਸੰਪਾਦਕੀ:
  ਅਜੋਕੇ ਸਮਿਆਂ ਵਿਚ ਸਾਹਿਤ ਅਧਿਐਨ ਦਾ ਮਸਲਾ/2
- **ਕਵਿਤਾਵਾਂ ਤੇ ਗ਼ਜ਼ਲਾਂ** : ਬੀਬਾ ਬਲਵੰਤ, ਡਾ. ਜਨਮੀਤ ਸਿੰਘ, ਨਵਤੇਜ ਗੜ੍ਹਦੀਵਾਲਾ, ਸੰਨੀ ਧਾਲੀਵਾਲ ਤੇ ਹਰਦਿਆਲ ਹੁਸ਼ਿਆਰਪੁਰੀ/4
- ਮੇਰਾ ਗੁਰੂ, ਮੇਰਾ ਮੁਰਸ਼ਦ-ਗਿਆਨੀ ਨਿਰੰਜਨ ਸਿੰਘ/ਵਰਿਆਮ ਸਿੰਘ ਸੰਧੂ/19

**ਕਹਾਣੀਆਂ:**

- ਹਿੰਦੀ ਕਹਾਣੀ: ਨੱਚੋ ਜੀ.ਆਰ. ਯਾਰ
  -ਅਮਰੀਕ ਸਿੰਘ ਦੀਪ
  -ਅਨੁਵਾਦ: ਕੇਸਰਾ ਰਾਮ/33
- ਆਓਗੇ ਜਬ ਤੁਮ.../ਰੇਮਨ /41
- ਖ਼ੁੱਲਾਸੀ/ਸਵਾਮੀ ਸਰਬਜੀਤ/49
- ਕਬੂਲ ਹੈ!/ਜਸਪਾਲ ਕੌਰ/66
- ਪ੍ਰਾਚੀਨ ਭਾਰਤ 'ਚ ਰਾਜਨੀਤਕ ਹਿੰਸਾ : ਇਕ ਪਰਿਪੇਖ/ਮਨਮੋਹਨ/77
- ਸਮਕਾਲੀ ਪੰਜਾਬੀ ਕਹਾਣੀ : ਮੂਲ ਵਿਸ਼ਾ ਰੁਝਾਨ ਅਤੇ ਵਿਧਾਨ
  -ਡਾ. ਨਵਜੋਤ ਕੌਰ/97
- ਸਮਕਾਲੀ ਸਾਹਿਤ ਨੂੰ ਵਾਚਦਿਆਂ
  -ਕੁਲਵੰਤ ਸਿੰਘ ਸੰਧੂ, ਹਰਵਿੰਦਰ ਭੰਡਾਲ/108

## Title

**This drawing is by Anja Rozen, a 13 year old primary school student in Slovenia. She was chosen from 600000 children around the world to create a piece of art to show what piece looks like.**

ਸੰਪਾਦਕੀ

# ਅਜੋਕੇ ਸਮਿਆਂ ਵਿਚ ਸਾਹਿਤ ਅਧਿਐਨ ਦਾ ਮਸਲਾ

ਸਾਹਿਤ ਸ਼ਬਦਾਂ ਦੇ ਮਾਧਿਅਮ ਰਾਹੀਂ ਵਜੂਦ ਧਾਰਨ ਕਰਦਾ ਹੈ ਤੇ ਇਸਦੀ ਰਸਾਈ/ਉਦੇਸ਼ ਮਨੁੱਖੀ ਭਾਵਨਾਵਾਂ ਨੂੰ ਸਮਝਣਾ ਤੇ ਸ਼ਬਦਾਂ ਦਾ ਲਿਬਾਸ ਪਹਿਨਾ ਕੇ ਪੇਸ਼ ਕਰਨਾ ਹੈ। ਵਜੂਦ ਧਾਰਨ ਕਰਨ ਤੋਂ ਲੈ ਕੇ ਪਾਠਕ ਤੱਕ ਪਹੁੰਚਣ ਦਾ ਮਸਲਾ ਵੀ ਸਿੱਧਾ-ਪੱਧਰਾ ਨਹੀਂ, ਕਿਉਂਕਿ ਹਮੇਸ਼ਾ ਹੀ ਸਮਾਜਕ ਰਿਸ਼ਤਿਆਂ/ਮਸਲਿਆਂ/ਵਿਅਕਤੀਆਂ ਨੂੰ ਸਮਝਣ/ਗ੍ਰਹਿਣ ਕਰਨ ਤੇ ਪੇਸ਼ ਕਰਨ ਵਿਚ ਕੁਝ ਨਾ ਕੁਝ ਅੰਤਰ ਰਹਿ ਜਾਣਾ ਸੁਭਾਵਿਕ ਹੈ ਤੇ ਫਿਰ ਇਸ ਦਾ ਇਕ ਟੈਕਸਟ ਦੇ ਰੂਪ ਵਿਚ ਪਾਠਕ ਤਕ ਪਹੁੰਚਣਾ ਤੇ ਉਸ ਦੁਆਰਾ ਟੈਕਸਟ ਨੂੰ ਗ੍ਰਹਿਣ ਕਰਨਾ, ਹਰ ਇਕ ਕਦਮ ਤੇ ਕੁਝ ਨਾ ਕੁਝ ਗੈਪਸ ਰਹਿ ਜਾਣੇ ਸੁਭਾਵਿਕ ਹੀ ਹੁੰਦੇ ਹਨ। ਇਸੇ ਕਰਕੇ ਇਕ ਸਾਧਾਰਣ ਤੇ ਪ੍ਰਬੁੱਧ ਪਾਠਕ ਦੀ ਪੜ੍ਹਤ ਵਿਚ ਫਰਕ ਹੁੰਦਾ ਹੈ। ਸਾਧਾਰਣ ਪਾਠਕ ਦਿਸਦੇ ਅਰਥਾਂ ਤਕ ਸੀਮਤ ਰਹਿ ਜਾਂਦਾ ਹੈ, ਜਦਕਿ ਕੁਝ ਪਾਠਕ ਦਿਸਦੇ ਤੋਂ ਅੱਗੇ ਟੈਕਸਟ ਵਿਚ ਛੁਪੀਆਂ ਰਮਜ਼ਾਂ ਤਕ ਵੀ ਪਹੁੰਚ ਜਾਂਦੇ ਹਨ, ਭਾਵ ਇਹ ਕਿ ਸਾਹਿਤ ਦਾ ਪਾਠ ਸਿਰਫ਼ ਪੜ੍ਹਤ ਤਕ ਸੀਮਤ ਨਹੀਂ ਰਹਿੰਦਾ, ਸਗੋਂ ਪਾਠਕ ਦੇ ਮਨ ਵਿਚ ਵੀ ਉਸਦੀ ਸਮਰੱਥਾ ਮੁਤਾਬਿਕ ਇਕ ਨਵੀਂ ਟੈਕਸਟ ਉਸਰ ਰਹੀ ਹੁੰਦੀ ਹੈ।

ਹਰ ਸਾਹਿਤਕ ਕ੍ਰਿਤ ਦੇ ਇਕ ਤੋਂ ਵਧੇਰੇ ਅਰਥ ਹੋ ਸਕਦੇ ਹਨ ਤੇ ਚੰਗਾ/ਸ਼ਾਹਕਾਰ ਸਾਹਿਤ ਉਹੀ ਹੁੰਦਾ ਹੈ ਜਿਸ ਵਿਚ ਅਜੇਹੀਆਂ ਬਹੁ-ਪਰਤੀ ਅਰਥ ਸਿਰਜ ਸਕਣ ਦੀ ਸੰਭਾਵਨਾਵਾਂ ਵਧੇਰੇ ਹੁੰਦੀਆਂ ਹਨ ਜੋ ਪਾਠਕ ਦੇ ਧੁਰ ਅੰਦਰ ਤਕ ਪਹੁੰਚ ਕਰਕੇ ਉਸਦੀਆਂ ਭਾਵਨਾਵਾਂ ਦਾ ਵੀ ਕਥਾਰਸਿਸ ਕਰ ਸਕਣ ਯੋਗ ਹੋਣੇ। ਅਜੇਹਾ ਸਾਹਿਤ ਆਪਣੇ ਅਜੇਹੇ ਬਹੁ-ਪਰਤੀ ਸੁਭਾਅ ਤੇ ਕਲਾਤਮਿਕ ਗੁਣਾਂ ਕਰਕੇ ਕਲਾਸਿਕ/ਸ਼ਾਹਕਾਰ ਦਾ ਦਰਜਾ ਹਾਸਲ ਕਰਦਾ ਹੈ। ਗੰਭੀਰ ਸਾਹਿਤ ਉਹੀ ਹੁੰਦਾ ਹੈ ਜੋ ਮਾਨਵੀ ਸੰਕਟਾਂ ਨੂੰ ਪੇਸ਼ ਕਰਨ ਵਲ ਰੁਚਿਤ ਹੋਵੇ, ਜਿਥੇ ਮਨੁੱਖੀ ਹੋਂਦ ਦਾਅ ’ਤੇ ਲੱਗੀ ਹੋਵੇ ਅਜੇਹੇ ਸੰਕਟ ਵਿਚੋਂ ਉਪਜੇ ਪਾਤਰ ਆਪਣੇ ਵਿਰਾਟ ਮਾਨਵੀ ਰੂਪ ਤੇ ਗੁਣਾਂ ਕਰਕੇ ਆਮ ਪਾਠਕ ਲਈ ਪ੍ਰੇਰਣਾ ਹੀ ਨਹੀਂ ਬਣਦੇ, ਸਗੋਂ ਉਸ ਵਿਚ ਵੀ ਸੰਕਟਾਂ ਵਿਚੋਂ ਸਿਰਫ਼ ਆਪਣਾ ਵਜੂਦ ਲੈ ਕੇ ਨਹੀਂ, ਸਗੋਂ ਆਪਣੀ ਮਾਨਵੀ ਸੰਵੇਦਨਾ ਸਮੇਤ ਨਿਕਲ ਸਕਣ ਦੀ ਸਮਰੱਥ ਪੈਦਾ ਕਰ ਸਕਣ ਦੇ ਯੋਗ ਹੁੰਦੇ ਹਨ। ਅਜੇਹਾ ਸਾਹਿਤ ਵਿਅਕਤੀਗਤ ਨਾ ਰਹਿ ਕੇ ਸਮੂਹਿਕ ਮਾਨਸਿਕਤਾ ਤੇ ਮਾਨਵੀ ਸੰਵੇਦਨਾ ਦੀ ਪੇਸ਼ਕਾਰੀ ’ਤੇ ਕੇਂਦ੍ਰਿਤ ਹੁੰਦਾ ਹੈ।

ਆਪਣੀ ਇਸ ਵਿਲੱਖਣਤਾ ਕਰਕੇ ਹੀ ਬਾਕੀ ਕਲਾਵਾਂ ਦੇ ਮੁਕਾਬਲੇ ਸਾਹਿਤ ਵਧੇਰੇ ਗੰਭੀਰਤਾ ਦੀ ਮੰਗ ਕਰਦਾ ਹੈ। ਕਿਉਂਕਿ ਇਸ ਦੇ ਮਾਧਿਅਮ ਭਾਸ਼ਾ ਦੇ ਆਪਣੇ ਅੱਡਰੇ ਸਰੋਕਾਰਾਂ ਕਰਕੇ ਇਸਦੇ ਅਰਥ ਇਲਾਕਾਈ ਵੀ ਹੁੰਦੇ ਹਨ ਤੇ ਉਸ ਤੋਂ ਵਡੇਰੇ ਵੀ। ਇਸ ਲਈ ਸਾਹਿਤ ਦੇ ਪਠਨ/ਪਾਠਨ ਦੇ ਸਰੋਕਾਰ ਤੇ ਇਸ ਨੂੰ ਸਮਝਣ ਦੇ ਢੰਗ-ਤਰੀਕੇ ਵੀ ਅੱਡਰੇ ਹੁੰਦੇ ਹਨ। ਪਰ ਪੰਜਾਬੀ ਸਾਹਿਤ ਅਧਿਐਨ ਦੇ ਪ੍ਰਸੰਗ ਵਿਚ ਜਦੋਂ ਅਸੀਂ ਵੇਖਦੇ ਹਾਂ ਉਸ ਦੀ ਇਕ ਬੜੀ ਵੱਡੀ ਸੀਮਾ ਵੀ ਨਜ਼ਰ ਆਉਂਦੀ ਹੈ ਕਿ ਸਾਡਾ ਅਧਿਐਨ ਵਧੇਰੇ ਅਕਾਦਮਿਕ ਜ਼ਰੂਰਤਾਂ ਨਾਲ ਜੁੜਿਆ ਹੋਇਆ ਹੈ। ਇਸ ਕਰਕੇ ਇਸਦਾ ਦਾਇਰਾ ਵਧੇਰੇ ਕਰਕੇ ਵਿਦਿਆਰਥੀਆਂ ਤੇ ਅਧਿਆਪਕਾਂ ’ਤੇ ਹੀ ਕੇਂਦ੍ਰਿਤ ਹੈ ਤੇ ਉਨ੍ਹਾਂ ਦੀਆਂ ਅਕਾਦਮਿਕ ਜ਼ਰੂਰਤਾਂ/ਡਿਗਰੀਆਂ ਦੀਆਂ ਜ਼ਰੂਰਤਾਂ ਦੀ

ਪੂਰਤੀ ਤੱਕ ਸਿਮਟਿਆ ਹੋਇਆਂ ਹੈ ਤੇ ਅਜੋਕੇ ਦੌਰ ਵਿਚ ਰੁਜ਼ਗਾਰ ਦੀਆਂ ਸੁੰਗੜ ਰਹੀਆਂ ਸੰਭਾਵਨਾਵਾਂ ਨੇ ਅਧਿਐਨ ਦੀ ਬਿਰਤੀ ਨੂੰ ਹੋਰ ਵੀ ਖੋਰਾ ਲਾਇਆ ਹੈ। ਇਸ ਤੋਂ ਇਲਾਵਾ ਸਾਡਾ ਅਧਿਐਨ ਮਾਡਲ ਵੀ ਪ੍ਰਗਤੀਵਾਦੀ ਚਿੰਤਕਾਂ/ਲਹਿਰ ਦਾ ਉਸਾਰਿਆ ਹੋਇਆ, ਜੋ ਕਥਨੀ ਦੀ ਪੱਧਰ 'ਤੇ ਰਚਨਾ ਦੇ ਸੰਪੂਰਨ (ਵਸਤੂ/ਰੂਪ) ਅਧਿਐਨ 'ਤੇ ਕੇਂਦ੍ਰਿਤ ਕਰਨ ਦਾ ਦਾਅਵਾ ਕਰਦਾ ਹੈ, ਪਰ ਉਸ ਦੀ ਵਿਹਾਰਕ ਪਹੁੰਚ ਨਿਰੋਲ ਵਸਤੂ ਦੇ ਮਹੱਤਵ ਨੂੰ ਉਜਾਗਰ ਕਰਨ ਵਾਲੀ ਹੈ ਤੇ ਸਾਹਿਤ ਨੂੰ ਇਕ ਸਮਾਜਕ ਦਸਤਾਵੇਜ਼ ਵਜੋਂ ਵੇਖਣ/ਪਰਖਣ ਵਾਲੀ ਹੈ ਇਸ ਅਧਿਐਨ ਪੱਧਤੀ ਨੇ ਇਕ ਪਾਸੇ ਅਧਿਐਨ ਦੇ ਦਾਇਰੇ ਨੂੰ ਸੀਮਤ ਕੀਤਾ ਹੈ ਤੇ ਦੂਸਰੇ ਪਾਸੇ ਰਚਨਾਕਾਰਾਂ ਦੇ ਕਲਾਤਮਿਕ ਜਲੌਅ ਨੂੰ ਵੀ ਵਧਣ/ਫੁੱਲਣ ਨਹੀਂ ਦਿੱਤਾ।

ਅਜੋਕੇ ਸਮਿਆਂ ਵਿਚ ਜਦੋਂ ਸੰਚਾਰ/ਗਿਆਨ ਦੇ ਨਵੇਂ ਸਾਧਨਾਂ ਨੇ ਸਾਡੀ ਸੋਚ ਤੇ ਜ਼ਿੰਦਗੀ ਵਿਚ ਅਹਿਮ ਸਥਾਨ ਹਾਸਲ ਕਰ ਲਿਆ ਹੈ ਤੇ ਸਾਡੀ ਪਹੁੰਚ ਗਿਆਨ ਤੇ ਸੰਸਾਰ ਸਾਹਿਤ ਤੱਕ ਸੌਖਾਲੀ ਹੋ ਗਈ ਹੈ ਤਾਂ ਜ਼ਰੂਰੀ ਹੋ ਜਾਂਦਾ ਹੈ ਕਿ ਅਸੀਂ ਵੀ ਇਸ ਨਾਲ ਜੁੜੀਏ ਤੇ ਆਪਣੇ ਸਾਹਿਤ ਦੇ ਇਲਾਕਾਈ ਤੇ ਵਡੇਰੇ ਪੱਖਾਂ ਨੂੰ ਜਾਣੀਏ ਤੇ ਨਿਰੋਲ ਅਕਾਦਮਿਕਤਾ ਦੇ ਦਾਇਰੇ 'ਚੋਂ ਬਾਹਰ ਆ ਕੇ ਸਾਹਿਤ ਨੂੰ ਕਲਾਤਮਕ ਤੇ ਸਮਾਜਕ ਨਜ਼ਰੀਏ ਤੋਂ ਵਾਚਣ ਦੀ ਪਿਰਤ ਨੂੰ ਹੁੰਗਾਰਾ ਭਰੀਏ। ਪੰਜਾਬੀ ਸਾਹਿਤ ਦੇ ਅਜੇਹੇ ਗੰਭੀਰ ਚਿੰਤਨ ਲਈ ਚਿੰਤਕਾਂ ਨੂੰ ਸੋਚਣਾ ਚਾਹੀਦਾ ਹੈ।

**ਕੁਲਵੰਤ ਸਿੰਘ**

*ਤ੍ਰੈਮਾਸਿਕ 'ਪ੍ਰਵਚਨ' ਪਿਛਲੇ 23 ਸਾਲਾਂ ਤੋਂ ਨਿਰੰਤਰ ਆਪਣੀ ਸਮਰੱਥਾ ਅਤੇ ਸੂਝ ਅਨੁਸਾਰ ਸਮੱਗਰੀ ਪੰਜਾਬੀ ਪਾਠਕਾਂ ਨੂੰ ਪੜ੍ਹਾ ਰਿਹਾ ਹੈ। ਇਸ ਸਫ਼ਰ ਦੌਰਾਨ ਸੁਹਿਰਦ ਪਾਠਕਾਂ ਨੇ ਭਰਪੂਰ ਹੁੰਗਾਰਾ ਭਰਿਆ ਹੈ ਅਤੇ ਇਸ ਨੂੰ ਚੱਲਦਾ ਰੱਖਣ ਵਿਚ ਹਰ ਤਰ੍ਹਾਂ ਦੀ ਸਹਾਇਤਾ ਕੀਤੀ ਹੈ। ਜਿਹਨਾਂ ਪਾਠਕਾਂ ਦੇ ਚੰਦੇ ਖਤਮ ਹਨ ਉਨ੍ਹਾਂ ਨੂੰ ਆਪ ਵੀ ਪਤਾ ਹੈ। ਅਸੀਂ ਵਿਅਕਤੀਗਤ ਚਿੱਠੀ, ਪੱਤਰ ਪਾ ਕੇ ਉਨ੍ਹਾਂ ਨੂੰ ਯਾਦ ਕਰਾਉਣ ਦੀ ਥਾਂ ਸਵੈ ਅਹਿਸਾਸ ਕਰਾਉਣਾ ਚਾਹੁੰਦੇ ਹਾਂ ਕਿ ਉਹ ਆਪਣੇ ਆਪ ਹੀ ਚੰਦਾ ਸਮੇਂ ਸਿਰ ਭੇਜ ਦੇਣ ਤਾਂ ਜੋ ਇਸ ਪਰਚੇ ਨੂੰ ਜਾਰੀ ਰੱਖਿਆ ਜਾ ਸਕੇ। ਚੰਦਿਆਂ ਦੀ ਦਰ ਘੱਟੋ-ਘੱਟ 1500 ਰੁਪਏ ਪੰਜ ਸਾਲ ਲਈ ਹੈ। ਚੰਦਾ ਬੈਂਕ ਡਰਾਫਟ ਜਾਂ ਚੈੱਕ ਰਾਹੀਂ ਭੇਜਿਆ ਜਾਵੇ ਜਾਂ ਸੰਪਾਦਕ ਦੇ ਹੇਠ ਲਿਖੇ ਖਾਤੇ ਵਿਚ ਜਮ੍ਹਾਂ ਕਰਵਾ ਦਿੱਤੇ ਜਾਣ।*

**KULWANT SINGH**
Ac. no. 07141000085751 IFSC PSIB0000714
PUNJAB & SINDH BANK
Defence Colony, Jalandhar

## ਬੀਬਾ ਬਲਵੰਤ ਦੀਆਂ ਕਵਿਤਾਵਾਂ

## ਆਪਣੇ ਆਪ ਨੂੰ

ਕਿਉਂ ਭਾਲਦਾ ਰਹਿਨੈਂ
ਲੋਕਾਂ ਦੇ ਬੰਦ ਦਰਵਾਜ਼ਿਆਂ ਤੋਂ
ਆਓ ਜੀ, ਜੀ ਆਇਆਂ।

ਕਿਉਂ ਫੁੱਲਾਂ ਦੀ ਜੂਨ ਪੈ ਕੇ
ਭਟਕਦਾ ਫਿਰਦੈਂ
ਕੰਡਿਆਂ, ਕੰਕਰਾਂ, ਬੰਜਰਾਂ ਵਿਚ।

ਕਿਉਂ ਮੱਥਾ ਭੰਨਦਾ ਫਿਰਦੈਂ
ਬੋਲੀਆਂ ਕੰਧਾਂ ਨਾਲ
ਟੱਕਰਾਂ ਮਾਰ ਕੇ।

ਕਿਉਂ ਕਰਾਉਂਦਾ ਰਹਿਨੈਂ
ਭੋਲੀਆਂ ਭਾਵਨਾਵਾਂ
ਸੂਖ਼ਮ ਅਹਿਸਾਸਾਂ ਦੀ
ਬੇਕਦਰੀ।

ਲੋਕ ਪੱਥਰ ਦਿਲ ਨੇ
ਕੰਮ ਨਾਲ ਕੰਮ ਰੱਖਦੇ
ਦੂਰੋਂ ਹੀ ਚੰਗੇ ਲੱਗਦੇ
ਧੁੰਦ 'ਚ ਲਿਪਟੇ ਪਹਾੜਾਂ ਵਾਂਗ
ਨੇੜੇ ਜਾਏਂਗਾ
ਪੱਥਰਾਂ ਨਾਲ ਟਕਰਾਏਂਗਾ
ਆਪਣਾ ਆਪ
ਲਹੂ ਲੁਹਾਣ ਕਰਾਏਂਗਾ

ਬੇਗਾਨਿਆਂ 'ਤੇ ਬਹੁਤੇ
ਦਾਅਵੇ ਜਤਾ ਕੇ
ਉਪ ਭਾਵੁਕ,

ਪਾਗਲ ਅਖਵਾਏਂਗਾ
ਜੇਕਰ
ਨਾਜ਼ੁਕ ਜੂਨ 'ਚ ਆਇਐਂ
ਕਵਿਤਾਵਾਂ, ਗੀਤਾਂ,
ਰੰਗਾਂ ਨਾਲ ਹੀ
ਜੀਅ ਪਰਚਾਇਆ ਕਰ
ਐਵੇਂ ਨਾ ਪੁੱਠੇ ਸਿੱਧੇ
ਵਿਸ਼ੇਸ਼ਣ ਲੁਆਇਆ ਕਰ।

## ਫਿਲਹਾਲ

ਪਹਿਲਾਂ
ਇੱਕ ਦੋ ਕਮਰਿਆਂ ਦੀ ਛੱਤ
ਦੋ ਜੂਨ ਦੀ ਰੋਟੀ
ਨੰਗ ਢੱਕਣ ਲਈ ਕੱਪੜਾ
ਬੱਚਿਆਂ ਦਾ
ਪਾਲਣ ਪੋਸ਼ਣ
ਉਹਨਾਂ ਲਈ ਰੁਜ਼ਗਾਰ
ਥੋੜ੍ਹਾ ਬਹੁਤ ਇਲਾਜ
ਜਦੋਂ ਹੋਏ ਬੀਮਾਰ।

ਫਿਰ ਸਿੱਖ ਲਵਾਂਗੇ
ਅਸੀਂ ਵੀ
ਔਖੇ ਸੌਖੇ
ਕੀ ਕਹਿੰਦੇ ਨੇ ਉਹਨੂੰ
....ਹਾਂ...
ਸੰਸਸੈਕਸ
ਨਿਫ਼ਟੀ
ਗਰੋਥ ਰੇਟ
ਡਿਜੀਟਲ ਇੰਡੀਆ
ਵਾਲ ਪੋਸਟ
ਟਵਿੱਟਰ
ਫੇਸ ਬੁੱਕ

ਵਟਸਐਪ
....ਤੇ ਹੋਰ ਕਈ ਕੁਝ
ਜੋ ਅਜੇ ਆਉਣੇ ਨੇ।

ਫਿਲਹਾਲ
ਦੋ ਜੂਨ ਦੀ ਰੋਟੀ।

## ਮੁੜਨ ਵੇਲੇ

ਲੋਕ ਜਦੋਂ ਮੁੜਦੇ
ਵਰ੍ਹਿਆ ਬਾਅਦ
ਹੋ ਕੇ ਬਰਬਾਦ ਤੇ ਨਾਸ਼ਾਦ
ਸਾਡੀਆਂ ਸੋਚਾਂ 'ਚ ਠਹਿਰੇ ਅਕਸ
ਅਕਸਰ ਤਿੜਕ ਜਾਂਦੇ ਨੇ
ਬਹੁਤ ਕੁਝ ਲੈ ਕੇ
ਪਰਤਦੇ ਨੇ ਲੋਕ
ਚਾਹਿਆ ਅਣਚਾਹਿਆ
ਜ਼ਰੂਰੀ, ਗ਼ੈਰ-ਜ਼ਰੂਰੀ, ਮਜਬੂਰੀ।

ਲੋਕ ਜਦੋਂ ਮੁੜਦੇ ਨੇ
ਵਰ੍ਹਿਆ ਬਾਅਦ
ਗੁਆ ਆਉਂਦੇ ਨੇ
ਨਿਰਛਲ ਹਾਸੇ
ਜਾਂਦੇ ਹੋਏ ਕਰਦੇ ਨੇ
ਦਾਅਵੇ-ਵਾਅਦੇ
ਪਿਆਰ, ਨਾ ਭੁਲਣ ਦਾ ਇਕਰਾਰ।

ਜਾਣ ਵੇਲੇ ਜਾਂਦੇ ਨੇ
ਅੱਖਾਂ ਵਿਚ ਭਰ ਕੇ
ਰੰਗਦਾਰ ਕਈ ਸੁਫਨੇ,
ਇਕ ਬਹਾਰ।

ਲੋਕ ਜਦੋਂ ਪਰਤਦੇ ਨੇ
ਲੈ ਆਉਂਦੇ ਨੇ
ਬੇ-ਤਰਤੀਬੇ ਗਿਲੇ-ਸ਼ਿਕਵੇ
ਸ਼ਕਾਇਤਾਂ
ਅਣ-ਸੁਲਝੇ ਸਵਾਲ,
ਬੇ-ਹਾਲ
ਲੋਕ ਅਕਸਰ ਇੰਜ ਹੀ ਮੁੜਦੇ ਨੇ
ਸ਼ਰਮਸਾਰ, ਪਰੇਸ਼ਾਨ, ਪਸ਼ੇਮਾਨ।

## ਸਾਧਾਰਨ ਆਦਮੀ/ਡਾ. ਜਨਮੀਤ

ਉਹ ਇਕ
ਸਾਧਾਰਨ ਆਦਮੀ ਸੀ
ਜਿਸ ਨੂੰ ਫਾਂਸੀ ਦਾ ਹੁਕਮ ਹੋਇਆ।

ਸ਼ਾਇਦ
ਕਿਸੇ ਨਿੱਕੇ ਜਿਹੇ ਪਿੰਡ ਦਾ
ਕੋਈ ਕਿਸਾਨ
ਜਾਂ ਕਿਸੇ ਫ਼ੈਕਟਰੀ ਵਿਚ
ਚੌਥੇ ਦਰਜੇ ਦਾ ਕੋਈ ਮੁਲਾਜ਼ਿਮ
ਜਾਂ ਕਿਸੇ ਯੂਨੀਵਰਸਿਟੀ ਵਿਚ
ਪੁਲੀਟੀਕਲ-ਥਾਟ ਦਾ ਕੋਈ ਵਿਦਿਆਰਥੀ
ਜਾਂ ਆਵਾਰਾ ਲਫ਼ਜ਼ਾਂ ਦਾ ਵਣਜਾਰਾ
ਕੋਈ ਕਵੀ
ਸੱਚ ਮੁੱਚ ਉਹ
ਇਕ ਸਾਧਾਰਨ ਆਦਮੀ ਸੀ
ਜਿਸ ਨੂੰ ਫਾਂਸੀ ਦਾ ਹੁਕਮ ਹੋਇਆ।

ਦੋਸ਼ ਉਸ ਦਾ
ਸਿਰਫ਼ ਐਨਾ ਸੀ
ਕਿ ਉਸ ਨੇ
ਭੀੜ ਭਰੇ ਚੁਰਸਤੇ ਵਿਚ

ਅੰਗੜਾਈ ਲਈ ਸੀ
ਤੇ ਮੁਸਕਰਾਇਆਂ ਸੀ।

ਫ਼ੈਸਲੇ ਵਕਤ
ਜੱਜ ਵੀ ਮੁਸਕਰਾਇਆਂ ਸੀ
ਤੇ ਮੱਥੇ ਤੇ ਤਿਊੜੀਆਂ ਪਾ
ਫ਼ੁਸਫ਼ੁਸਾਇਆ ਸੀ
"ਮੁਸਕਰਾਉਣਾ ਤਾਂ ਕੁਦਰਤੀ ਹੈ
ਹਰ ਕੋਈ ਮੁਸਕਰਾਉਂਦਾ ਹੈ
ਪਰ ਸਰਕਾਰੀ ਵਕੀਲ ਦਾ ਕਹਿਣਾ ਹੈ
ਕਿ ਤੇਰੀ ਮੁਸਕਰਾਹਟ
ਕੁਝ ਹੋਰ ਈ ਤਰ੍ਹਾਂ ਦੀ ਸੀ।"

ਸੋ
ਹੋਰ ਈ ਤਰ੍ਹਾਂ ਮੁਸਕਰਾਉਣਾ
ਤੇ ਭੀੜ ਭਰੇ ਚੁਰਸਤੇ ਵਿਚ
ਅੰਗੜਾਈ ਲੈਣਾ
ਕੁਦਰਤ ਨਹੀਂ
ਗ਼ੈਰ ਕਾਨੂੰਨੀ ਸੀ
ਤੇ ਉਸ
ਸਾਧਾਰਨ ਆਦਮੀ ਨੂੰ
ਫਾਂਸੀ ਦੇ ਦਿੱਤੀ ਗਈ।

ਆਧੁਨਿਕ ਬਣਾਇਆ ਗਿਆ
ਤੇ ਵਿਚਕਾਰ
ਇਕ ਮਰੀਅਲ ਜਿਹੇ
ਬੁੱਢੇ ਦਾ ਬੁੱਤ ਲਗਾਇਆ ਗਿਆ
ਜੋ ਨਾ ਅੰਗੜਾਈ ਲੈਂਦਾ ਸੀ
ਤੇ ਨਾ ਹੀ ਮੁਸਕਰਾਉਂਦਾ ਸੀ।

## ਨਵਤੇਜ ਗੜ੍ਹਦੀਵਾਲਾ ਦੀਆਂ ਕਵਿਤਾਵਾਂ
## ਗਊ ਦਾ ਜਾਇਆ

ਸਾਨ੍ਹ ਦਾ ਕੌਣ ਸਾਨੀ ਸੀ!
ਧਾੜਵੀ ਰਾਜੇ ਨੇ ਉਸ ਨੂੰ ਫੜਨਾ ਚਾਹਿਆ
ਉਸ 'ਤੇ ਕਾਠੀ ਪਾ ਕੇ ਚੜ੍ਹਨਾ ਚਾਹਿਆ
ਪੁਜਾਰੀ ਨੇ ਵੀ ਸਵਾਰੀ ਕਰਨੀ ਚਾਹੀ
ਆਪਣੀ ਦੋ ਨੰਬਰ ਦੀ ਪੰਡ ਵੀ
ਉਸ ਦੀ ਪਿੱਠ 'ਤੇ ਧਰਨੀ ਚਾਹੀ

ਸਾਨ੍ਹ ਦਾ ਕੌਣ ਸਾਨੀ ਸੀ!
ਉਹ ਫੁੰਕਾਰੇ ਮਾਰਦਾ
ਅਣਖੀ ਗੀਤ ਗਾਉਂਦਾ ਮਸਤਿਆ
ਉਸ ਦੇ ਨੇੜੇ ਕੌਣ ਆਉਂਦਾ
ਕਿਹੜਾ ਮਾਈ ਦਾ ਲਾਲ
ਉਸ ਦੇ ਸਿੰਗਾਂ ਨੂੰ ਹੱਥ ਪਾਉਂਦਾ
ਉਹ 'ਹਟ ਪਰ੍ਹਾਂ ਹੋ, ਹਟ ਪਰ੍ਹਾਂ ਹੋ' ਕਹਿੰਦਾ
ਖੁਰਾਂ ਨਾਲ਼ ਧਰਤ ਪੁੱਟ ਦਿੰਦਾ
ਸਿੰਗ ਖੋਭ ਪਹਾੜੀ ਉਠਾ
ਸਿਰ 'ਤੇ ਟਿਕਾ ਔਹ ਪਰੇ ਸੁੱਟ ਦਿੰਦਾ

ਸਾਨ੍ਹ ਦਾ ਕੌਣ ਸਾਨੀ ਸੀ!
ਰਾਜਾ ਤੇ ਪੁਜਾਰੀ
ਕਰ ਕੇ ਹੁਸ਼ਿਆਰੀ
ਸਿਰ ਉੱਤੇ ਪੈਰ ਰੱਖ ਦੌੜੇ
ਕਵਚ ਵਿੱਚ ਜਾ ਵੜੇ
ਮਹਿਲ ਦੇ ਅੰਦਰ
ਰੌਸ਼ਨਦਾਨ ਨਾਲ਼ ਅੱਖਾਂ ਜੋੜ ਹੋਏ ਖੜ੍ਹੇ
ਸਾਨ੍ਹ ਦੇ ਮਾਰੂ ਸਿੰਗ, ਉਭਰੀ ਢਟ, ਤਣੀ ਪੂਛ ਵੇਖ
ਪੁਜਾਰੀ ਨੇ ਰਾਜੇ ਦੇ ਕੰਨ 'ਚ ਫੂਕ ਮਾਰੀ....

ਓ! ਧਰਤੀ ਦੇ ਰੱਬਾ!
ਇੰਝ ਏਸ ਦੀ ਸੰਭਵ ਨਹੀਂ ਸਵਾਰੀ
ਪੁਜਾਰੀ ਦੇ ਸਿਖਾਏ
ਰਾਜੇ ਨੇ ਕਈ ਬ੍ਰਹਮ ਅਸਤਰ

ਧਨੁਖ ਦੀ ਡੋਰੀ ਤੋਂ 'ਕੱਠੇ ਉਡਾਏ
ਸਾਨ੍ਹ ਦੇ ਖੁਰਾਂ ਨੂੰ ਨਾਗਪਾਸ਼ ਪਾਏ
ਉਸ ਦੀ ਪੂਛ ਸ਼ਾਂਤ ਕੀਤੀ
ਮੱਥੇ ਦਾ ਦੀਵਾ ਬੁਝਾਇਆ
ਸਿੰਗਾਂ ਨੂੰ ਡੂੰਘੀ ਨੀਂਦ ਸੁਲਾਇਆ
ਢਟ ਨੂੰ ਵੀ ਸਬਕ ਸਿਖਾਇਆ

ਗੁੱਝੀ ਪਟਾਰੀ 'ਚੋਂ ਪੁਜਾਰੀ ਨੇ
ਆਪ ਬਣਾਏ ਰੱਬੀ ਸ਼ਬਦਾਂ ਦੀ ਪੁੜੀ
ਸਾਨ੍ਹ ਦੇ ਕੰਨਾਂ ਵਿੱਚ ਧੁਖਾ ਦਿੱਤੀ
ਧਰਮ ਦੀ ਵੰਝਲੀ
ਉਸ ਦੇ ਮੱਥੇ ਵਿੱਚ ਗਡਾ ਦਿੱਤੀ
ਅਗਲੇ ਜਨਮ ਪੂਜਨੀਕ ਹੋਣ ਲਈ
ਉਸ ਦੇ ਭਗਤੀ ਦੀ ਨੱਥ ਪਾ ਦਿੱਤੀ
ਨੱਥ ਦੀ ਡੋਰ ਰਾਜੇ ਹੱਥ ਫੜਾ ਦਿੱਤੀ

ਸਾਨ੍ਹ ਦਾ ਕੌਣ ਸਾਨੀ ਸੀ!
ਹੁਣ ਉਹ ਸ਼ਾਂਤੀ ਸਰੂਪ ਬਣੀ
ਮਾਲ਼ਾ ਦੇ ਮਣਕੇ ਗਿਣਦਾ
ਮਣਕੇ ਨੂੰ ਮਣਕੇ 'ਤੇ ਟਿਕਾਉਂਦਾ ਹੈ
ਬੁਰੇ ਹਾਲ ਤੇ ਭੈੜੇ ਦਿਹਾੜੀਆਂ ਦਾ ਦੋਸ਼
ਆਪਣੇ ਪਿਛਲੇ ਕਰਮਾਂ 'ਤੇ ਲਗਾਉਂਦਾ ਹੈ
ਹਰ ਲਹੂ ਪੀਣੇ ਵਰਤਾਰੇ ਨੂੰ
ਉੱਪਰ ਵਾਲ਼ੇ ਦੀ ਰਜ਼ਾ ਦਰਸਾਉਂਦਾ ਹੈ
ਸਾਨ੍ਹ ਦਾ ਕੌਣ ਸਾਨੀ ਸੀ!
ਪੁਜਾਰੀ ਤੇ ਰਾਜਾ ਘਿਉ ਖਿਚੜੀ ਹੋਏ
ਤਖ਼ਤ ਦਾ ਨਸ਼ਈ ਹੁਸੀਨ ਮੰਚ ਮਾਣਦੇ
ਅੰਨ੍ਹੀ ਕੀਤੀ ਰਈਅਤ ਨੂੰ
ਸ਼ਾਂਤ ਮਾਹੌਲ ਬਣਾਈ ਰੱਖਣ 'ਤੇ ਵਧਾਈ ਦਿੰਦੇ
ਦੋਵੇਂ ਗੁਫ਼ਤਗੂ ਕਰਦੇ ਸੁਣਾਈ ਦਿੰਦੇ
ਹੁਣ ਧਰਮ ਸੰਗਤਾਂ ਨੂੰ
ਸੋਹਣਾ ਛਲ਼ ਰਿਹਾ ਹੈ
ਅੱਛੇ ਦਿਨ ਆਉਣ ਦਾ ਝਾਂਸਾ
ਬਹੁਤ ਅੱਛਾ ਫ਼ਲ਼ ਰਿਹਾ ਹੈ
ਸਿਰ ਫਿਰੇ ਸਾਨ੍ਹ ਨੂੰ

ਪਵਿੱਤਰ ਕਾਰੇ ਲਾਇਆ ਹੈ
ਉਸ ਦੀ ਤੀਜੀ ਅੱਖ ਵਿੱਚ
ਮੁਲਾਇਮ ਘੱਟਾ ਪਾਇਆ ਹੈ
ਉਸ ਦੀਆਂ ਪੀੜ੍ਹੀਆਂ ਨੂੰ
ਮੁੱਖ ਧਾਰਾ 'ਚ ਵਸਣਾ ਸਿਖਾਇਆ ਹੈ

ਚਲੋ ! ਕੁੱਝ ਛਕੀਏ-ਛਕਾਈਏ
ਗਲਾਸੀ ਨਾਲ਼ ਗਲਾਸੀ ਟਕਰਾਈਏ
ਖ਼ਾਬਾਂ ਦੀਆਂ ਪਰੀਆਂ ਜ਼ਰਾ ਕੋਲ਼ ਬੁਲਾਈਏ
ਦੋ ਘੜੀਆਂ ਅਰਾਮ ਕਰੀਏ, ਅੱਖ ਲਾਈਏ
ਅਸੀਂ ਆਪਣਾ ਹੁਣ ਦਾ ਤਾਂ ਕੀ
ਸਦੀਆਂ ਦਾ ਫਿਕਰ ਮੁਕਾਇਆ ਹੈ
ਸਾਨੂੰ, ਸਾਨੂੰ ਨਹੀਂ ਰਿਹਾ
ਹੁਣ ਤਾਂ ਉਹ ਗਊ ਦਾ ਜਾਇਆ ਹੈ

## ਭੁਲੇਖੇ ਵਿੱਚ ਰਿਸ਼ੀ

ਭੁਲੇਖੇ ਵਿੱਚ ਰਿਸ਼ੀ ਅੱਜ ਵੀ
ਹੈ ਝੁਕਿਆ ਦੇਵਤੇ ਅੱਗੇ
ਹੈ ਕੀ ਕੀ ਆਪਣੇ ਅੰਦਰ
ਇਹ ਉਸ ਨੂੰ ਨਾ ਪਤਾ ਲੱਗੇ

ਮਿਲਾ ਕੇ ਸੋਮਰਸ ਵਿੱਚ ਦੁੱਧ ਗੋਕੇ ਨੂੰ
ਰਗੜ ਕੇ ਜੌਂ ਮਿਲਾਉਂਦਾ ਹੈ
ਟਿਕਾ ਕੇ ਦੇਵਤੇ ਦੇ ਚਰਨਾਂ ਵਿੱਚ
ਉਹ ਗਿੜਗਿੜਾਉਂਦਾ ਹੈ
ਸੁਣਾਉਂਦਾ ਆਪਣੇ ਮੰਤਰ
ਤੇ ਭੋਗ ਉਸ ਨੂੰ ਲੁਆਉਂਦਾ ਹੈ
ਹੈ ਮੰਗਦਾ ਉਹ ਬੜਾ ਕੁੱਝ ਹੋਰ
ਪਰ ਹਰ ਵਾਰ ਮੰਗ ਇੱਕੋ
ਕਦੇ ਮੰਗਣੋ ਨਾ ਸੰਗਦਾ ਹੈ
ਦੁਆ ਵਿੱਚ ਪੁੱਤ ਮੰਗਦਾ ਹੈ
ਉਹ ਕੇਵਲ ਪੁੱਤ ਮੰਗਦਾ ਹੈ
ਉਹ ਚਾਹੁੰਦਾ ਓਸ ਦੇ ਵਿਹੜੇ

ਕਦੇ ਧੀ ਪੈਰ ਨਾ ਪਾਏ
ਤੇ ਕਲਗੀ ਖ਼ਾਨਦਾਨੀ
ਓਸ ਕਾਰਨ ਝੁਕ ਹੀ ਨਾ ਜਾਏ

ਭੁਲੇਖੇ ਵਿੱਚ ਰਿਸ਼ੀ ਦੇਂਦਾ ਹੈ
ਰਿਸ਼ਵਤ ਦੇਵਤੇ ਤਾਈਂ
ਪਿਆ ਕੇ ਸੋਮਰਸ ਉਸ ਨੂੰ ਪਿਆ ਮਸਤੀ ਚੜ੍ਹਾਉਂਦਾ ਹੈ
ਤੇ ਦਾਤਾਂ ਲੈਣ ਲਈ ਪੁੱਤਰਾਂ ਦੀਆਂ ਪੱਲਾ ਫ਼ੈਲਾਉਂਦਾ ਹੈ
ਫ਼ਰਕ ਧੀ ਪੁੱਤ ਵਿੱਚ ਤਾਂ ਓਸ ਨੇ ਮੁੱਢੋਂ ਹੀ ਪਾਇਆ ਹੈ
ਸ੍ਰਿਸ਼ਟੀ ਨੂੰ ਚਲਾਉਣ ਵਾਸਤੇ
ਕੁਦਰਤ ਨੇ ਦੋਹਾਂ ਨੂੰ
ਬਰਾਬਰ ਦੇ ਬਣਾਇਆ ਹੈ
ਅਜੇ ਵੀ ਗੇੜ ਵਿੱਚ ਉਸ ਦੇ
ਇਹੋ ਨੁਕਤਾ ਨਾ ਆਇਆ ਹੈ

ਰਿਸ਼ੀ ਓ ਆਸ਼ਰਮ ਵਾਲ਼ੇ!
ਤੂੰ ਝਾਤੀ ਮਾਰ ਮਨ-ਮੰਦਰ
ਕੋਈ ਵੀ ਬਾਹਰ ਨਾ ਤੈਥੋਂ
ਤੇਰੇ ਅੰਦਰ ਹੀ ਦੋਏ ਨੇ
ਕੋਈ ਨਾ ਊਣ ਦੋਹਾਂ ਵਿੱਚ
ਤੇਰੇ ਅੰਦਰ ਹੀ ਟੋਏ ਨੇ
ਤੇਰੇ ਘਰ ਪੁੱਤ ਜਦੋਂ ਆਉਂਦਾ
ਤਾਂ ਤੇਰੇ ਵਾਲ਼ ਮੁੱਛਾਂ ਦੇ
ਉਤਾਂਹ ਨੂੰ ਉੱਠ ਖੜ੍ਹੇ ਹੋਵਣ
ਜੇ ਆਏ ਧੀ ਤਾਂ ਇਲਜ਼ਾਮ
ਮਾਂ ਨਿਰਦੋਸ਼ ਦੇ ਸਿਰ 'ਤੇ ਬੜੇ ਹੋਵਣ
ਸੁਜਾਖਾ ਤੂੰ ਕਹਾਉਨੈ ਪਰ
ਲਹੂ ਆਪਣੇ 'ਚ ਲੁਕਿਆ
ਸੱਚ ਵੀ ਕਿਉਂ ਨਾ ਸਿਆਣਦਾ ਏਂ
ਭੁਲੇਖੇ ਦਾ ਹਨ੍ਹੇਰਾ ਚਾਦਰਾ
ਕਿਉਂ ਸਿਰ 'ਤੇ ਤਾਣਦਾ ਏਂ
ਤੂੰ ਦੱਸ ਕਿਉਂ ਪੁੱਤ ਤੇਰੇ ਅੰਦਰ ਪਿਆ ਖ਼ਰਮਸਤੀ ਮਾਣਦਾ ਹੈ
ਤੇਰੇ ਤਨ ਦੇ ਕਿਸੇ ਖੂੰਜੇ
ਤੇਰੀ ਸਹਿਮੀ ਹੋਈ ਧੀ ਦਾ ਭਲਾ ਦੁੱਖ ਕੌਣ ਜਾਣਦਾ ਹੈ
ਭੁਲੇਖੇ ਵਿੱਚ ਰਿਸ਼ੀ ਅੱਜ ਵੀ!

## ਮਾਂ ਨੂੰ ਤਾਂ ਬੜੀ ਸ਼ਰਮ ਆਉਂਦੀ ਹੈ

ਸੈਂਕੜੇ ਵਰ੍ਹੇ ਪਿਛਾਂਹ ਹੋਰ ਪਿਛਾਂਹ ਹੋਰ ਪਰ੍ਹਾਂ
ਪੂਜਾ ਸਥਾਨ 'ਚੋਂ ਉੱਠਦੀ ਹੋਈ
ਰਾਜ ਦਰਬਾਰ 'ਚੋਂ ਆਉਂਦੀ ਹੋਈ
ਡਾਢੀ ਹਵਾ ਕਰੂਰ ਸੀ ਮਗ਼ਰੂਰ ਸੀ
ਮੇਰੀ ਮਾਂ ਦੀ ਮਾਂ, ਉਹਦੀ ਮਾਂ ਦੀ ਮਾਂ
ਹੋਰ ਅਗ੍ਹਾਂ ਹੋਰ ਪਰ੍ਹਾਂ
ਉਹ ਬੜੀ ਮਜਬੂਰ ਸੀ ਚਕਨਾਚੂਰ ਸੀ
ਉਸ ਨੂੰ ਝੁਕਣਾ ਪੈ ਗਿਆ ਸੀ
ਅਨਿਆਂ ਦੀ ਤੱਕੜੀ ਦੇ ਕਾਲ਼ੇ ਛਾਬੇ ਹੇਠ
ਪੁਜਾਰੀਆਂ-ਹਾਕਮਾਂ ਦੇ ਦਾਬੇ ਹੇਠ।

ਗ਼ੁਲਾਮੀ ਦੀ ਸੂਲ਼ੀ ਟੰਗੀ ਹੋਈ
ਉਹ ਡੰਗਰਾਂ ਵਾਂਗ ਰੁੱਖਾ-ਸੁੱਕਾ ਖਾ ਕੇ
ਛੱਪੜ ਦੇ ਕੰਢੇ ਨਹਾਉਂਦੀ
ਬੇਮੇਚ ਕੁੜਤੀ ਜਿਹੀ ਪਾਉਂਦੀ
ਟਿੱਡੀਆਂ ਦੇ ਟੁੱਕੇ ਘਸੇ ਟੋਟੇ ਨਾਲ਼
ਸੁੰਗੜ-ਸੁੰਗੜ ਅੱਧਪਚੱਧਾ
ਆਪਣਾ ਜਿਸਮ ਲੁਕਾਉਂਦੀ
ਭਾਰਤ ਮਾਤਾ ਦੀ ਉਹ ਹਾਣੀ
ਨੀਵੀਂ ਹੋ-ਹੋ ਵਕਤ ਲੰਘਾਉਂਦੀ
ਉਹ ਜੁਗ ਭਾਵੇਂ ਬਹੁਤਾ ਨਹੀਂ
ਇੱਕ ਦੋ ਹੱਥ ਤਾਂ ਬਦਲ ਚੁੱਕਾ ਹੈ
ਪੁਜਾਰੀਆਂ-ਹਾਕਮਾਂ ਦਾ ਬੇਸ਼ਰਮ ਸੂਰਜ
ਬਹੁਤਾ ਨਹੀਂ
ਇੱਕ ਦੋ ਗਿੱਠਾਂ ਢਲ਼ ਚੁੱਕਾ ਹੈ
ਹੁਣ ਮੇਰੀ ਮਾਂ
ਆਪਣੇ ਖੁਰੇ ਵਿੱਚ ਨਹਾ ਸਕਦੀ ਹੈ
ਸੀਤੇ ਕੱਪੜੇ ਪਾ ਸਕਦੀ ਹੈ
ਵਿਹੜੇ 'ਚ ਮੰਜੀ ਡਾਹ ਸਕਦੀ ਹੈ।

ਪਰ ਅੱਜ ਕੱਲ੍ਹ ਸੁਤੰਤਰਤਾ ਦੀ ਜਾਈ
ਕਿਉਂ ਕਿਸੇ ਇਸ਼ਾਰੇ 'ਤੇ

ਟੀ.ਵੀ ਦੀ ਸਕਰੀਨ 'ਤੇ
ਸਾਬਣ ਮਲ਼-ਮਲ਼ ਪਿੰਡੇ ਨਹਾਉਂਦੀ ਹੈ
ਉਹ ਬੇਸ਼ਰਮ ਜਿਹੀ ਕੁੜਤੀ ਕਿਉਂ ਪਾਉਂਦੀ ਹੈ
ਉਸ ਦੇ ਵਿੱਚੋਂ ਵੀ ਟਾਕੀਆਂ ਕਢਵਾ ਕੇ
ਰੌਸ਼ਨਦਾਰ ਰਖਵਾਉਂਦੀ ਹੈ
ਲੱਕ ਤੋਂ ਹੇਠਾਂ
ਗਿੱਠ ਕੁ ਕੱਪੜਾ ਹੀ ਸਜਾਉਂਦੀ ਹੈ
ਸਿਰ ਉੱਚਾ ਕਰ-ਕਰ
ਫੋਟੋ 'ਤੇ ਫੋਟੋ ਖਿਚਵਾਉਂਦੀ ਹੈ
ਮੇਰੀ ਮਾਂ ਨੂੰ ਤਾਂ ਬੜੀ ਸ਼ਰਮ ਆਉਂਦੀ ਹੈ।

## ਬੇਬੇ ਦਾ ਸੰਦੂਕ/ ਸੰਨੀ ਧਾਲੀਵਾਲ

ਬਾਪੂ ਤਾਂ ਹਰ ਵਕਤ ਹੀ ਕਾਹਲ਼ ਵਿੱਚ ਰਹਿੰਦਾ ਸੀ
ਹਰ ਕੰਮ ਹੀ ਕਾਹਲ਼ ਵਿੱਚ ਕਰਦਾ ਸੀ
ਖਾਣਾ ਵੀ ਕਾਹਲ਼ ਵਿੱਚ
ਪਹਿਨਣਾ ਵੀ ਕਾਹਲ਼ ਵਿੱਚ
ਗਾਲ੍ਹਾਂ ਵੀ ਕਾਹਲ਼ ਵਿੱਚ
ਕਿਸੇ ਨਾਲ ਲੜਨਾ ਵੀ ਕਾਹਲ਼ ਵਿੱਚ
ਸ਼ਾਇਦ ਖੇਤੀਬਾੜੀ ਤੇ ਕਰਜ਼ੇ ਦਾ ਭਾਰ ਹੀ ਏਨਾ ਸੀ ਕਿ
ਵਕਤ ਦੀ ਕਮੀ ਕਰਕੇ
ਹਰ ਕੰਮ ਕਾਹਲੀ ਨਾਲ ਕਰਦਾ

ਸ਼ਾਇਦ !
ਇਸੇ ਕਾਹਲ਼ ਵਿੱਚ ਹੀ
ਦਿੱਲੀ ਕਿਸਾਨਾਂ ਦੇ ਮੋਰਚੇ ਵਿੱਚੋਂ
ਸਾਨੂੰ ਸਾਰਿਆਂ ਨੂੰ
ਛੱਡ ਕੇ ਜਾਣ ਵਿੱਚ ਵੀ
ਕਾਹਲ਼ੀ ਕਰ ਗਿਆ

ਪਿੰਡ !
ਬੇਬੇ ਇਕੱਲੀ ਰਹਿ ਗਈ ਸੀ
ਕਨੇਡਾ ਬਲਾਉਣ ਦਾ ਕੰਮ ਨਾ ਬਣਿਆ
ਕਾਫ਼ੀ ਕੋਸ਼ਿਸ਼ ਦੇ ਬਾਵਜੂਦ
ਹਰ ਵਾਰ ਮੈਡੀਕਲ ਵਿੱਚ ਫ਼ੇਲ੍ਹ ਹੋ ਜਾਂਦੀ

ਜਿਵੇਂ ਕੇ ਉਹ ਕਿਤੇ
'ਕੁਇੰਨਟਮ ਫਜਿਕਸ' ਦਾ ਇਮਤਿਹਾਨ ਹੋਵੇ

ਬਸ ਬਾਪੂ ਦੇ ਸੋਗ ਵਿੱਚ
ਡਿੱਗਦੀ ਢਹਿੰਦੀ
ਹੁਲਾਰੇ ਲੈ ਕੇ ਤੁਰਦੀ
ਐਨਕਾਂ ਲਾ ਕੇ ਵੀ ਅੱਖਾਂ ਤੇ ਹੱਥ ਰੱਖ ਕੇ ਦੇਖਦੀ
ਬੇਬੇ ਵੀ ਜਲਦੀ ਹੀ
ਕਿਸੇ ਹੋਰ ਦੁਨੀਆ ਵਿੱਚ ਚਲੀ ਗਈ

ਰਸਮਾਂ ਨਿਭਾਉਣ ਲਈ
ਬੱਚਿਆਂ ਨੂੰ 'ਕਨੇਡਾ ਤੋਂ ਪੰਜਾਬ' ਨਾਲ ਲੈ ਗਿਆ

ਵਾਪਸ ਕਨੇਡਾ ਆਉਣ ਲਈ ਵੀ
ਕੁਝ ਹੀ ਦਿਨ ਬਚੇ ਸਨ
ਇੱਕ ਦਿਨ ਬੜ੍ਹਾ ਵਧੀਆ "ਸੰਨੀ ਡੇਅ"ਸੀ
ਮੈਂ ਸੋਚਿਆ !
ਬੇਬੇ ਦਾ ਸੰਦੂਕ ਖੋਲ੍ਹ ਕੇ ਸਮਾਨ ਵੰਡ ਦੇਵਾਂ

ਜਦੋ ਬੱਚਿਆਂ ਨੂੰ ਸੰਦੂਕ ਖੋਲ੍ਹਣ ਬਾਰੇ ਦੱਸਿਆ
ਬੜੇ ਖ਼ੁਸ਼ ਹੋਏ
ਟੱਪਣ ਲੱਗੇ, ਨੱਚਣ ਲੱਗੇ
ਇੱਕੋ ਦੂਜੇ ਤੋਂ ਮੂਹਰੇ ਖੜ੍ਹੇ ਹੋਣ ਲਈ
ਕੋਸ਼ਿਸ਼ ਕਰਨ ਲੱਗੇ
ਇੱਕ ਦੂਜੇ ਨੂੰ ਮੋਢੇ ਮਾਰਨ ਲੱਗੇ
ਪੈਰ ਮਿੱਧਣ ਲੱਗੇ
ਆਪਣੀ ਪਸੰਦ ਦੀ ਚੀਜ਼ ਚੁੱਕਣ ਲਈ ਤਿਆਰ
ਹੋਣ ਲੱਗੇ

ਮੈਂ ਕੁਝ ਨਹੀਂ ਬੋਲਿਆ
ਮੈਂ ਸਿਰਫ਼ ਉਨ੍ਹਾਂ ਦੇ ਚਿਹਰੇ ਪੜ੍ਹ ਰਿਹਾ ਸੀ

ਉਨ੍ਹਾਂ ਦੇ ਚਿਹਰੇ ਦੀ ਮੁਸਕਰਾਹਟ ਜਲਦੀ ਹੀ
ਕਿਤੇ ਦੂਰ ਉਡਾਰੀ ਮਾਰ ਗਈ
ਜਦੋਂ ਬੇਬੇ ਦੇ ਸੰਦੂਕ ਵਿੱਚੋ
-ਬੇਬੇ ਦੀਆਂ ਆਪ ਕੱਢੀਆਂ ਚਾਦਰਾਂ

-ਘੱਗਰੇ
-ਫੁਲਕਾਰੀਆਂ
-ਦਰੀਆਂ
-ਰਜਾਈਆਂ ਨਿਕਲੀਆਂ

ਬੱਚਿਆਂ ਨੇ ਕਿਸੇ ਵੀ ਚੀਜ਼ ਨੂੰ ਹੱਥ ਨਾ ਲਾਇਆ
ਨੱਕ ਤੇ ਹੱਥ ਰੱਖ
ਪਿੱਛੇ ਨੂੰ ਖਿਸਕਣ ਲੱਗੇ
ਬੱਚਿਆਂ ਦੇ ਉੱਤਰੇ ਹੋਏ ਚਿਹਰੇ ਦੱਸਦੇ ਸੀ
ਕਿ ਉਹ ਕੁੱਝ ਹੋਰ ਹੀ ਲੱਭ ਰਹੇ ਸੀ
ਸ਼ਾਇਦ ਉਹ ਸੋਚਦੇ ਹੋਣ ਕਿ
ਸੰਦੂਕ ਵਿੱਚੋਂ
-ਸਕੇਟਬੋਰਡ
-ਈ ਸਕੂਟਰ
-ਰੌਲਰ ਬਲੈਡਜ਼
-ਆਈਸ ਸਕੇਟਸ
-ਆਈ ਫ਼ੋਨ
-ਲੈਪ-ਟੌਪ
-ਸੋਨੀ ਦੇ ਪਲੇਅ ਸ਼ਟੇਸ਼ਨ ਨਿਕਲਣਗੇ

ਮੈਂ ਉਨ੍ਹਾਂ ਦੇ ਚਿਹਰਿਆਂ ਦੇ ਹਾਵ ਭਾਵ
ਪੜ੍ਹਨ ਦੀ ਕੋਸ਼ਿਸ਼ ਕਰਦਾ ਹਾਂ
ਮੈਂ ਸੋਚਾਂ !
ਦਾਦੀ ਦੇ ਹੱਥਾਂ ਨਾਲ ਬਣਾਈਆ ਚੀਜ਼ਾਂ ਨਾਲ
ਉਨ੍ਹਾਂ ਵਿੱਚੋਂ ਆਉਂਦੀ ਦਾਦੀ ਦੀ ਮਿਹਨਤ ਤੇ ਪਸੀਨੇ ਦੀ ਮਹਿਕ ਨਾਲ ਉਨ੍ਹਾਂ ਨੂੰ ਕੋਈ ਮਤਲਬ ਨਹੀਂ ਸੀ

ਮੈਂ ਸੋਚਾਂ !
ਬੰਦਾ ਵੀ ਕੀ ਚੀਜ਼ ਹੈ
ਤੀਜੀ ਪੀਹੜੀ ਤੱਕ
ਸ਼ੌਕ ਕਿੰਨੇ ਬਦਲ ਜਾਂਦੇ ਹਨ
ਬਜ਼ੁਰਗਾਂ ਦੇ ਪਸੀਨੇ ਦੀ ਮਹਿਕ ਵੀ
ਬੁੱਢੀ ਹੋ ਕੇ 'ਬੋਅ' ਵਿੱਚ ਬਦਲ ਜਾਂਦੀ ਹੈ

ਬਜ਼ੁਰਗਾਂ ਦੇ ਪਸੀਨੇ ਦੀ ਮਹਿਕ ਵੀ
ਬੁੱਢੀ ਹੋ ਕੇ 'ਬੋਅ' ਵਿੱਚ ਬਦਲ ਜਾਂਦੀ ਹੈ

## ਹਰਦਿਆਲ ਹੁਸ਼ਿਆਰਪੁਰੀ ਦੀਆਂ ਗਜ਼ਲਾਂ

### ਇਕ

ਦੇਸ਼ ਮੇਰੇ ਵਿੱਚ ਸੱਭ ਕੌਮਾਂ ਦਾ ਏਦਾਂ ਹੀ ਗੁਲਦਸਤਾ ਹੋਵੇ।
ਨਫ਼ਰਤ ਕਰਨਾ ਮਹਿੰਗਾ ਹੋਵੇ, ਪਿਆਰ ਮੁਹੱਬਤ ਸਸਤਾ ਹੋਵੇ।

ਜੇ ਵਿਦਿਆ ਗੁਣਕਾਰੀ ਹੋਵੇ ਰੋਜ਼ੀ ਰੋਟੀ ਚੱਲ ਸਕਦੀ ਹੈ,
ਕੀ ਕਰਨਾ ਹੈ ਨਾਲ ਡਿਗਰੀਆਂ ਤੁੰਨ ਕੇ ਭਰਿਆ ਬਸਤਾ ਹੋਵੇ।

ਮੰਜ਼ਿਲ ਪਾ ਲੈਣੀ ਤਾਂ ਕੋਈ ਐਡਾ ਵੀ ਔਖਾ ਨਹੀਂ ਹੁੰਦਾ,
ਲਗਨ ਲਗਾ ਕੇ ਮਿਹਨਤ ਕਰਨੀ ਤੇ ਜਾਣੀਦਾ ਰਸਤਾ ਹੋਵੇ।

ਚੰਨ ਦੇ ਉੱਤੇ ਪਹੁੰਚ ਅਸਾਂ ਨੇ ਕਿੱਡਾ ਚੰਨ ਚੜ੍ਹਾ ਦਿੱਤਾ ਹੈ,
ਕੀ ਹੋਇਆ ਜੇ ਸਾਡੀ ਹਾਲਤ ਪਹਿਲਾਂ ਤੋਂ ਵੀ ਖ਼ਸਤਾ ਹੋਵੇ।

ਵਿਹਲੜ ਬੰਦਾ, ਸਾਧ ਪਖੰਡੀ, ਅਨਪੜ੍ਹ ਨੇਤਾ ਏਦਾਂ ਹੀ ਨੇ,
ਹਿੱਲਦਾ ਰੰਬਾ, ਖੁੰਢੀ ਦਾਤੀ, ਜਿਉਂ ਕੱਸੀ ਬਿਨ ਦਸਤਾ ਹੋਵੇ।

ਮੰਨ ਲੈਂਦੇ ਹਾਂ ਪਿਆਰ ਕਿਤੇ ਵੀ ਪਹਿਲੀ ਨਜ਼ਰੇ ਹੋ ਸਕਦਾ ਹੈ,
ਦਿਆਲ ਵਫ਼ਾ ਇਸ ਦੇ ਵਿੱਚ ਲੇਕਿਨ ਆਹਿਸਤਾ ਆਹਿਸਤਾ ਹੋਵੇ।

### ਦੋ

ਪੇਟ ਲਈ ਤਾਂ ਚੰਗੇ ਹੁੰਦੇ ਔਲੇ ਹਰੜ, ਬਹੇੜੇ ਯਾਰ।
ਦਿਲ ਦਾ ਰੋਗੀ ਆਪਣੇ ਦਿਲ ਦੇ ਕਿੱਦਾਂ ਰੋਗ ਨਬੇੜੇ ਯਾਰ।

ਹੋਰ ਕਿਸੇ ਦਾ ਮਸਲਾ ਹੋਵੇ ਵਿੱਚ ਪੈ ਕੇ ਹੱਲ ਕਰ ਦੇਵੇ,
ਆਪਣੇ ਦੁੱਖ ਦਾ ਕੀ ਹੱਲ ਕੱਢੇ ਜਿਹੜੇ ਆਪ ਸਹੇੜੇ ਯਾਰ।

ਦਿਲ ਦੇ ਅੱਗੇ ਪੰਡਤ, ਮੁੱਲਾ, ਕਾਜ਼ੀ ਦੀ ਨਾ ਪੇਸ਼ ਗਈ,
ਟੂਣੇ-ਟੰਮਣ, ਧਾਗੇ, ਦੇਖੇ ਗਾਂ ਨੂੰ ਦੇ ਕੇ ਪੇੜੇ ਯਾਰ।

ਸਾਫ਼ ਪਤਾ ਹੈ ਓਸ ਮੁਹੱਲੇ ਵਿਚੋਂ ਹੁਣ ਕੁੱਝ ਮਿਲਣਾ ਨਹੀਂ,
ਆਉਂਦੇ ਜਾਂਦੇ ਫਿਰ ਵੀ ਇੱਕ ਦੋ ਲੱਗ ਹੀ ਜਾਂਦੇ ਗੇੜੇ ਯਾਰ।

ਓਸ ਦੀਆਂ ਯਾਦਾਂ ਦੇ ਖ਼ੁੱਖਰ ਭੇਜੇ ਦੇ ਵਿੱਚ ਲੱਗੇ ਨੇ,
ਥਾਂ ਥਾਂ ਤੇ ਡੰਗ ਮਾਰਨ ਕੋਈ ਜਦ ਇਹਨਾਂ ਨੂੰ ਛੇੜੇ ਯਾਰ।

ਲੰਘਿਆ ਵੇਲਾ, ਵਗਦੇ ਪਾਣੀ ਵਿਛੜੇ ਸੱਜਣ ਕਦ ਮੁੜਦੇ,
ਬਹੁਤੀ ਲੰਘੀ, ਥੋੜ੍ਹੀ ਰਹਿ ਗਈ ਨਾ ਕਰ ਐਵੇਂ ਝੇੜੇ ਯਾਰ।

ਚੰਗੇ ਵੇਲੇ ਦੇ ਸੱਭ ਬੇਲੀ, ਮਾੜੇ ਵੇਲੇ ਕੌਣ ਸੁਣੇ,
ਦੂਰੋਂ ਆਉਂਦਾ ਦਿਆਲ ਜੁ ਦੇਖੇ ਹਰ ਕੋਈ ਬੂਹਾ ਭੇੜੇ ਯਾਰ।

## ਤਿੰਨ

ਓਹ ਕਹਿੰਦੀ ਹੈ ਸੂਰਜ, ਚੰਨ, ਸਿਤਾਰੇ ਦੇਖ।
ਮੈਂ ਕਹਿੰਦਾ ਹਾਂ ਬੱਚੇ ਭੁੱਖ ਦੇ ਮਾਰੇ ਦੇਖ।

ਓਹ ਕਹਿੰਦਾ ਮੈਂ ਜਿੱਤ ਕੇ ਆਇਆਂ ਲੋਕਾਂ 'ਚੋਂ,
ਮੈਂ ਕਹਿਨਾ ਕੀ ਇਸ ਤੋਂ ਪਹਿਲਾਂ ਹਾਰੇ ਦੇਖ।

ਮਹਿੰਗੇ ਪੱਥਰ ਲਾਈ ਜਾਨੈਂ ਮਹਿਲਾਂ ਨੂੰ,
ਆਪਣੇ ਚਾਰ ਚੁਫੇਰੇ ਬਣਦੇ ਢਾਰੇ ਦੇਖ।

ਨਿਰਦੋਸ਼ਾਂ ਨੂੰ ਅੰਦਰ ਸੁੱਟੀ ਜਾਨਾ ਏਂ,
ਸੜਕਾਂ ਉੱਤੇ ਘੁੰਮਦੇ ਨੇ ਹੱਤਿਆਰੇ ਦੇਖ।

'ਤੇਰੇ ਵੀ ਪੈ ਜਾਣ ਖਿਲਾਰੇ' ਕਹਿੰਦੇ ਲੋਕ,
ਧੀਆਂ, ਭੈਣਾਂ ਦੇ ਜੋ ਕੇਸ ਖਿਲਾਰੇ ਦੇਖ।

ਐਵੇਂ ਤਾਂ ਨਹੀਂ ਇਹ ਸਿਰ ਉੱਚਾ ਕਰ ਹੁੰਦਾ,
ਕਿੰਨੀ ਵਾਰੀ ਸਿਰ ਤੇ ਚੱਲੇ ਆਰੇ ਦੇਖ।

ਤੈਨੂੰ ਕਿੰਨਾ ਚਾਹੁੰਦੇ ਤੱਕ, ਸਵਾਗਤ ਲਈ,
ਲੋਕਾਂ ਦੇ ਹੱਥਾਂ ਵਿੱਚ ਪੱਥਰ ਭਾਰੇ ਦੇਖ।

ਦਿਆਲ 'ਭੁਲੇਖੇ ਵਿੱਚ ਹੈ ਠੰਡਾ ਮੌਸਮ ਜਾਣ,
ਸਮਝੇ ਨਾ ਓਹ ਜਿਸਮੀ ਚੜ੍ਹਦੇ ਪਾਰੇ ਦੇਖ।

# ਮੇਰਾ ਗੁਰੂ, ਮੇਰਾ ਮੁਰਸ਼ਦ-ਗਿਆਨੀ ਨਿਰੰਜਨ ਸਿੰਘ

**-ਵਰਿਆਮ ਸਿੰਘ ਸੰਧੂ**

ਮੈਨੂੰ ਸਾਹਿਤ ਅਕਾਦਮੀ ਦਾ ਇਨਾਮ ਹੁਣੇ-ਹੁਣੇ ਮਿਲ ਕੇ ਹਟਿਆ ਸੀ। ਬਹੁਤ ਸਾਰੇ ਕਾਲਜਾਂ ਤੇ ਯੂਨੀਵਰਸਿਟੀਆਂ ਵੱਲੋਂ ਵਿਦਿਆਰਥੀਆਂ ਨਾਲ ਰੂ-ਬ-ਰੂ ਕਰਵਾਉਣ ਦੀ ਝੜੀ ਜਿਹੀ ਲੱਗੀ ਹੋਈ ਸੀ। ਜਦੋਂ ਇਹ ਮੌਸਮ ਕੁਝ ਥੰਮ੍ਹ ਜਿਹਾ ਗਿਆ ਤਾਂ ਬਲਜਿੰਦਰ ਨਸਰਾਲੀ ਦਾ ਫ਼ੋਨ ਆਇਆ ਕਿ ਮੈਂ ਉਹਨਾਂ ਦੇ ਕਾਲਜ ਆ ਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਾਂ। ਉਹਨੀਂ ਦਿਨੀਂ ਉਹ ਪਬਲਿਕ ਕਾਲਜ ਸਮਾਣਾ ਵਿਚ ਪੰਜਾਬੀ ਦਾ ਪ੍ਰਾ-ਅਧਿਆਪਕ ਸੀ। ਉਹਨੇ ਮੈਨੂੰ ਦੱਸਿਆ ਕਿ ਉਹਨਾਂ ਦਾ ਪ੍ਰਿੰਸੀਪਲ ਮੇਰਾ ਗਿਰਾਈਂ ਹੈ। ਮੇਰੇ ਪਿੰਡ ਸੁਰ ਸਿੰਘ ਤੋਂ। ਮੈਂ ਨਾਂ ਪੁੱਛਿਆ ਤਾਂ ਕਹਿੰਦਾ, "ਸੋਢੀ ਸਵਰਨ ਸਿੰਘ।"

ਪੈਂਦੀ ਸੱਟੇ ਇਹ ਨਾਂ ਮੇਰੇ ਗੇੜ ਜਿਹੇ ਵਿਚ ਨਾ ਆਇਆ। ਪਰ ਅਗਲੇ ਪਲ ਹੀ ਇੱਕ ਹੋਰ ਨਾਂ ਮੇਰੇ ਚੇਤੇ ਵਿਚ ਲਿਸ਼ਕ ਪਿਆ। ਸੋਢੀ ਨਿਰੰਜਨ ਸਿੰਘ। ਫਿਰ ਅੱਗੇ ਟਿਮਕਣੇ ਜਿਹੇ ਜਗਣ ਲੱਗੇ। ਸਵਰਨ ਤੇ ਗੁਰਚਰਨ। ਮੇਰੇ ਸਕੂਲ ਦੇ ਪੰਜਾਬੀ ਅਧਿਆਪਕ ਗਿਆਨੀ ਸੋਢੀ ਨਿਰੰਜਨ ਸਿੰਘ ਅਤੇ ਉਹਦੇ ਦੋਵੇਂ ਬੇਟੇ।

"ਕੀ ਤੁਹਾਡਾ ਪ੍ਰਿੰਸੀਪਲ ਮੇਰੇ ਪਿਆਰੇ ਅਧਿਆਪਕ ਗਿਆਨੀ ਨਿਰੰਜਨ ਸਿੰਘ ਦਾ ਪੁੱਤ ਤਾਂ ਨਹੀਂ?"

"ਹਾਂ ਜੀ, ਉਹਨਾਂ ਦਾ ਹੀ ਪੁੱਤਰ ਹੈ। ਜਦੋਂ ਮੈਂ ਉਹਨੂੰ ਕਿਹਾ ਕਿ ਤੁਹਾਨੂੰ ਕਾਲਜ ਬੁਲਾਉਣਾ ਹੈ ਤਾਂ ਉਹਨੇ ਓਸੇ ਵੇਲੇ ਹਾਮੀ ਭਰ ਦਿੱਤੀ ਤੇ ਸੁਰ ਸਿੰਘ ਪਿੰਡ ਨਾਲ ਆਪਣੀ ਰਿਸ਼ਤਗੀ ਵੀ ਮੇਰੇ ਨਾਲ ਸਾਂਝੀ ਕੀਤੀ।"

"ਬਲਜਿੰਦਰ ਚੰਗਾ ਹੋਇਆ, ਮੈਂ ਸਵਰਨ ਸਿੰਘ ਦੇ ਚਿਹਰੇ ਵਿਚੋਂ ਆਪਣੇ ਗੁਰੂਦੇਵ ਦੇ ਦੀਦਾਰ ਕਰ ਸਕਾਂਗਾ। ਪੰਜਾਬੀ ਭਾਸ਼ਾ ਤੇ ਸਾਹਿਤ ਨਾਲ ਮੇਰਾ ਮੋਹ ਜਗਾਉਣ ਅਤੇ ਮੈਨੂੰ ਲੇਖਕ ਬਨਾਉਣ ਵਿਚ ਗਿਆਨੀ ਜੀ ਦਾ ਬਹੁਤ ਵੱਡਾ ਯੋਗਦਾਨ ਹੈ।"

ਫਿਰ ਗੱਲਾਂ ਕਰਦਿਆਂ ਬਲਜਿੰਦਰ ਨੇ ਸਵਰਨ ਸਿੰਘ ਦੇ ਮਨ ਵਿਚ ਲੁਕੀ ਝਿਜਕ ਜਿਹੀ ਵੀ ਸਾਂਝੀ ਕੀਤੀ। ਸਵਰਨ ਸਿੰਘ ਦੇ ਮਨ ਵਿਚ ਵਹਿਮ ਜਿਹਾ ਬੈਠਾ ਸੀ ਕਿ ਉਹਦਾ ਪਿਤਾ ਗਿਆਨੀ ਮਾਸਟਰ ਸੀ ਤੇ ਉਹਦਾ ਖ਼ਿਆਲ ਸੀ ਕਿ ਪੰਜਾਬੀ ਪੜ੍ਹਾਉਣ ਵਾਲੇ ਗਿਆਨੀਆਂ ਬਾਰੇ ਵਿਦਿਆਰਥਿਆਂ ਦੇ ਮਨ ਵਿਚ ਬਹੁਤੇ ਉੱਚੇ ਭਾਵ ਨਹੀਂ ਹੁੰਦੇ!

ਹੱਦ ਹੋ ਗਈ! ਪੁੱਤ ਨੂੰ ਹੀ ਆਪਣੇ ਬਾਪ ਦੀ ਕੀਮਤ 'ਤੇ ਸ਼ੱਕ ਹੋ ਗਿਆ ਸੀ। ਉਹਦਾ ਵੀ ਕਸੂਰ ਨਹੀਂ ਸੀ ਸ਼ਾਇਦ! ਪੰਜਾਬੀ ਮਾਂ-ਬੋਲੀ ਨਾਲ, ਵਰ੍ਹਿਆਂ ਤੋਂ ਜਿਹੜੀ ਹੀਣ-ਭਾਵਨਾ ਜੋੜ ਦਿੱਤੀ ਗਈ ਸੀ, ਸਵਰਨ ਸਿੰਘ ਉਹਦਾ ਸ਼ਿਕਾਰ ਹੋ ਗਿਆ ਸੀ। ਆਪਣੇ ਹੀਰੇ ਨੂੰ ਪੱਥਰ ਸਮਝੀ ਬੈਠਾ ਸੀ!

ਸਵਰਨ ਸਿੰਘ ਨੂੰ ਕੀ ਪਤਾ ਉਹਦੇ ਬਾਪ ਦਾ ਮੇਰੀ ਲੇਖਕੀ ਤੇ ਸ਼ਖ਼ਸੀ ਜ਼ਿੰਦਗੀ ਬਨਾਉਣ ਵਿਚ ਕੇਡਾ ਵੱਡਾ ਹਿੱਸਾ ਸੀ।

ਰੂ-ਬ-ਰੂ ਵਾਲੇ ਦਿਨ ਖੁੱਲ੍ਹੇ ਪੰਡਾਲ ਵਿਚ ਸਾਰੇ ਕਾਲਜ ਦੇ ਅਧਿਆਪਕ ਤੇ ਵਿਦਿਆਰਥੀ

ਚਾਨਣੀਆਂ ਥੱਲੇ ਬੈਠੇ ਸਨ।

ਯੁੱਧ ਸ਼ੁਰੂ ਕਰਨ ਤੋਂ ਪਹਿਲਾਂ, ਅਰਜਨ ਦੇ ਦ੍ਰੋਣਾਚਾਰੀਆ ਦੇ ਚਰਨਾਂ ਵਿਚ ਨਮਸਕਾਰ ਵਜੋਂ ਪਹਿਲਾਂ ਤੀਰ ਮਾਰਨ ਦਾ ਹਵਾਲਾ ਦਿੰਦਿਆਂ ਮੈਂ ਕਿਹਾ ਕਿ ਮੈਂ ਆਪਣੀ ਗੱਲਬਾਤ ਤੁਹਾਡੇ ਪ੍ਰਿੰਸੀਪਲ ਸਾਹਿਬ ਦੇ ਸਤਿਕਾਰਯੋਗ ਪਿਤਾ ਜੀ ਅਤੇ ਆਪਣੇ ਗੁਰੂਦੇਵ ਗਿਆਨੀ ਨਿਰੰਜਨ ਸਿੰਘ ਨੂੰ ਨਮਸਕਾਰ ਕਰ ਕੇ ਸ਼ੁਰੂ ਕਰਾਂਗਾ। ਤੇ ਪਹਿਲੀ ਗੱਲ ਜਿਹੜੀ ਮੈਂ ਉਹਨਾਂ ਬਾਰੇ ਕਹਿਣੀ ਏਂ ਉਹ ਇਹੋ ਹੈ ਕਿ ਅੱਜ ਜੇ ਮੈਂ ਇਸ ਮੰਚ ’ਤੇ ਤੁਹਾਨੂੰ ਸੰਬੋਧਨ ਕਰਨ ਲਈ ਖਲੋਤਾ ਹਾਂ, ਮੈਨੂੰ ਅਜਿਹਾ –ਘੜਣ–ਬਨਾਉਣ ਵਿਚ ਗਿਆਨੀ ਜੀ ਦਾ ਨੁਮਾਇਆ ਹਿੱਸਾ ਹੈ।”

ਉਸਤੋਂ ਬਾਅਦ ਮੈਂ ਗਿਆਨੀ ਨਿਰੰਜਨ ਸਿੰਘ ਜੀ ਦੀ ਸ਼ਖ਼ਸੀਅਤ ਬਾਰੇ ਆਪਣੇ ਵਿਚਾਰ ਬੜੇ ਮੋਹ ਅਤੇ ਸਤਿਕਾਰ ਨਾਲ ਹੁੱਬ ਕੇ ਪੇਸ਼ ਕਰ ਰਿਹਾ ਸਾਂ ਕਿ ਸਪੀਕਰ ਵਿਚੋਂ ਆਉਂਦੀ ਆਵਾਜ਼ ਵਿਚੋਂ ਆਪਣੇ ਬਜ਼ੁਰਗ ਦੀ ਸ਼ੋਭਾ ਸੁਣ ਕੇ ਪ੍ਰਿੰਸੀਪਲ ਦੀ ਪਤਨੀ ਤੇ ਬੱਚੇ ਵੀ ਘਰੋਂ ਉੱਠ ਕੇ ਪੰਡਾਲ ਵਿਚ ਆਣ ਬੈਠੇ। ਸ਼ਾਇਦ ਉਹਨਾਂ ਨੂੰ ਵੀ ਪਹਿਲੀ ਵਾਰ ਆਪਣੇ ਬਜ਼ੁਰਗ ਦੀ ਐਸੀ ਵਡਿਆਈ ਸੁਣਨ ਦਾ ਮੌਕਾ ਮਿਲਿਆ ਸੀ।

ਮੈਂ ਕੋਈ ਮੂੰਹ ਰਖਣੀਆਂ ਗੱਲਾਂ ਨਹੀਂ ਸਾਂ ਕਰ ਰਿਹਾ। ਦਿਲ ’ਚੋਂ ਆਪ-ਮੁਹਾਰੇ ਉਮਡ ਰਹੇ ਜਜ਼ਬਾਤ ਹੀ ਪੇਸ਼ ਕਰ ਰਿਹਾ ਸਾਂ।

ਗਿਆਨੀ ਨਿਰੰਜਨ ਸਿੰਘ ਗੁਰਮੁਖ ਆਦਮੀ ਸਨ। ਚਿਹਰਾ ਭਾਰਾ। ਫੈਲਿਆ ਹੋਇਆ ਖੁੱਲ੍ਹਾ ਸਫ਼ੈਦ ਦਾੜ੍ਹਾ। ਚਿੱਟੇ ਭਰਵੱਟੇ। ਰੰਗ ਥੋੜਾ ਕੁ ਸਉਲਾ। ਧਿਆਨ ਨਾਲ ਨੇੜੇ ਤੋਂ ਵੇਖੀਏ ਤਾਂ ਚਿਹਰੇ ’ਤੇ ਛੋਟੇ ਛੋਟੇ ਨਿਸ਼ਾਨ ਦਿਖਾਈ ਦੇ ਜਾਂਦੇ। ਸਿਰ ’ਤੇ ਸਦਾ ਜੋਗੀਆ ਰੰਗ ਦੀ ਦਸਤਾਰ ਹੁੰਦੀ। ਜਿਵੇਂ ਦੀ ਪੁਰਾਣੇ ਬਜ਼ੁਰਗ ਬੰਨ੍ਹਦੇ ਸਨ। ਗੋਲ ਜਿਹੀ। ਚਿਹਰੇ ਦਾ ਸਮੁੱਚਾ ਪ੍ਰਭਾਵ ਗੁਰੂ ਨਾਨਕ ਸਾਹਿਬ ਦੀਆਂ ਤਸਵੀਰਾਂ ਨਾਲ ਮੇਲ ਖਾਂਦਾ। ਉਂਜ ਵੀ ਉਹਨਾਂ ਦਾ ਅਸਲਾ ਗੁਰੂਆਂ ਦੇ ਸੋਢੀ ਖ਼ਾਨਦਾਨ ਨਾਲ ਜੁੜਦਾ ਸੀ। ਉਹਨਾਂ ਦੇ ਨਾਂ ਤੋਂ ਵੀ ਪਹਿਲਾਂ ਸੋਢੀ ਜੁੜਿਆ ਹੋਇਆ ਸੀ। ਹਰੇਕ ਸਰਟੀਫ਼ਿਕੇਟ ਅਤੇ ਦਸਤਾਵੇਜ਼ ’ਤੇ ਉਹਨਾਂ ਦੇ ਨਾਂ ਨਾਲ ਸੋਢੀ ਨਿਰੰਜਣ ਸਿੰਘ ਲਿਖਿਆ ਹੋਇਆ ਸੀ।

ਗਿਆਨੀ ਨਿਰੰਜਣ ਸਿੰਘ ਨੇ ਮੈਨੂੰ ਸਤਵੀ, ਅਠਵੀਂ ਤੇ ਨਾਵੀਂ ਜਮਾਤ ਵਿਚ ਪੜ੍ਹਾਇਆ। 11 ਨਵੰਬਰ 1959 ਵਾਲੇ ਦਿਨ ਉਹ ਨੌਕਰੀ ਤੋਂ ਸੇਵਾ ਮੁਕਤ ਹੋ ਗਏ।

ਉਹਨਾਂ ਦਾ ਬਕਾਇਦਾ ਵਿਦਿਆਰਥੀ ਬਣਨ ਤੋਂ ਵੀ ਪਹਿਲਾਂ ਗਿਆਨੀ ਨਿਰੰਜਨ ਸਿੰਘ ਨੂੰ ਮੈਂ ਬਚਪਨ ਤੋਂ ਵੇਖਦਾ, ਜਾਣਦਾ ਆਇਆ ਸਾਂ। ਉਹਨਾਂ ਮੇਰੀ ਸੰਭਾਲ ਤੋਂ ਪਹਿਲਾਂ ਹੀ, ਸ਼ਾਇਦ 1949-50 ਵਿਚ, ਅਟਾਰੀ ਤੋਂ ਬਦਲੀ ਕਰਵਾ ਕੇ ਸਾਡੇ ਪਿੰਡ ਸੁਰ ਸਿੰਘ ਦੇ ਡੀ. ਬੀ. ਮਿਡਲ ਸਕੂਲ ਵਿਚ ਅਧਿਆਪਨ ਦੀ ਸੇਵਾ ਸਾਂਭ ਲਈ। ਉਹਨਾਂ ਦਿਨਾਂ ਵਿਚ ਆਪਣੀ ਰਿਹਾਇਸ਼ ਲਈ ਉਹਨਾਂ ਸਾਡੇ ਘਰ ਤੋਂ ਅਗਲੀ ਗਲੀ ਵਿਚ ਪੈਂਦੇ ਸੁਨਿਆਰੇ ਸਿੰਘਾਂ ਦਾ ਮਕਾਨ ਕਿਰਾਏ ’ਤੇ ਲੈ ਲਿਆ ਸੀ। ਇਸ ਲਈ ਹਰ ਰੋਜ਼ ਹੀ ਉਹ ਸਕੂਲ ਆਉਂਦੇ ਜਾਂਦੇ ਸਾਡੇ ਘਰ ਦੇ ਅੱਗੋਂ ਲੰਘਦੇ। ਭਾਰਾ ਸਰੀਰ ਹੋਣ ਕਰ ਕੇ, ਤੁਰਨ ਲੱਗਿਆਂ ਉਹ ਕਦਮ ਉਠਾਉਂਦਿਆਂ ਸੱਜੇ-ਖੱਬੇ ਪਾਸੇ ਥੋੜਾ-ਥੋੜਾ ਝੁਕ ਜਾਂਦੇ।

1951 ਵਿਚ ਮੈਂ ਵੀ ਪਹਿਲੀ ਜਮਾਤ ਵਿਚ ਦਾਖ਼ਲ ਹੋ ਗਿਆ। ਅਜੇ ਮੈਂ ਕੁਝ ਸਾਲਾਂ ਬਾਅਦ ਹੀ ਉਹਨਾਂ ਦਾ ਵਿਦਿਆਰਥੀ ਬਣਨਾ ਸੀ ਪਰ ਸਵੇਰ ਦੀ ਪ੍ਰਾਰਥਨਾ-ਸਭਾ ਵਿਚ

ਉਹਨਾਂ ਦੇ ਪ੍ਰਵਚਨ ਸੁਣਨ ਦਾ ਅਕਸਰ ਹੀ ਮੌਕਾ ਮਿਲ ਜਾਂਦਾ। ਪਹਿਲੀ-ਦੂਜੀ ਵਿਚ ਪੜ੍ਹਦੇ ਬੱਚੇ ਦੀ ਬਾਲ-ਬੁੱਧ ਨੂੰ ਕੁਝ ਗੱਲਾਂ ਸਮਝ ਆਉਂਦੀਆਂ, ਕੁਝ ਨਾ ਆਉਂਦੀਆਂ। ਬਚਪਨ ਵਿਚ ਸੁਣੀਆਂ ਤੇ ਉਹਨਾਂ ਵੱਲੋਂ ਬਿਆਨ ਕੀਤੀਆਂ ਕੁਝ ਝਾਕੀਆਂ ਅੱਜ ਤੱਕ ਬਾਲ-ਚੇਤੇ ਵਿਚ ਟਿਕੀਆਂ ਹੋਈਆਂ ਨੇ। ਇੱਕ ਵਾਰ ਉਹ ਸਾਨੂੰ ਪੜ੍ਹਾਈ ਲਈ ਮਿਹਨਤ ਕਰਨ ਲਈ ਕਿਸੇ ਰਿਸ਼ਤੇਦਾਰ ਲੜਕੇ ਦਾ ਹਵਾਲਾ ਦੇ ਰਹੇ ਸਨ, "ਮੈਂ ਰਿਸ਼ਤੇਦਾਰਾਂ ਦੇ ਗਿਆ ਹੋਇਆ ਸਾਂ। ਗਰਮੀਆਂ ਦੇ ਦਿਨ ਸਨ। ਰਾਤ ਪਈ ਤਾਂ ਵਿਹੜੇ ਵਿਚ ਸਭ ਦੇ ਮੰਜੇ ਡਾਹ ਦਿੱਤੇ ਗਏ। ਮੈਂ ਵੇਖਿਆ, ਉਸ ਪਰਿਵਾਰ ਦਾ ਸਕੂਲ ਪੜ੍ਹਦਾ ਬੱਚਾ ਮੰਜੀ 'ਤੇ ਬੈਠਾ ਛੋਟੇ ਸਟੂਲ 'ਤੇ ਟਿਕਾਈ ਲਾਲਟੈਨ ਦੇ ਚਾਨਣ ਵਿਚ ਬੈਠਾ ਪੜ੍ਹ ਰਿਹਾ ਸੀ। ਮੈਂ ਜਾਗਦਾ ਪਿਆ ਸਾਂ। ਵੇਖਿਆ, ਜਦ ਉਹਨੂੰ ਨੀਂਦ ਆਉਣ ਲੱਗਦੀ, ਉਹ ਉੱਠ ਕੇ ਕੋਲ ਰੱਖੀ ਪਾਣੀ ਦੀ ਗੜਵੀ ਵਿਚੋਂ ਠੰਢੇ ਪਾਣੀ ਦੇ ਛਿੱਟੇ ਅੱਖਾਂ 'ਤੇ ਮਾਰਦਾ ਤੇ ਮੁੜ ਪੜ੍ਹਨ ਬਹਿ ਜਾਂਦਾ। ਜਾਗੋ-ਮੀਟੇ ਵਿਚ ਮੈਂ ਵੇਖਦਾ ਰਿਹਾ ਕਿ ਅੱਧੀ ਰਾਤ ਤੱਕ ਉਹ ਬੈਠ ਕੇ ਪੜ੍ਹਦਾ ਰਿਹਾ। ਜਦ ਬੈਠੇ ਬੈਠੇ ਥੱਕ ਗਿਆ ਤਾਂ ਫਿਰ ਲੇਟ ਕੇ ਪੜ੍ਹਨ ਲੱਗਾ। ਮੈਂ ਸੌਂ ਗਿਆ। ਸਵੇਰੇ ਤੜ੍ਹਕੇ ਜਿਹੇ ਮੇਰੀ ਅੱਖ ਖੁੱਲ੍ਹੀ ਤਾਂ ਵੇਖਿਆ ਕਿਤਾਬ ਉਹਦੀ ਹਿੱਕ 'ਤੇ ਖੁੱਲ੍ਹੀ ਪਈ ਸੀ ਤੇ ਉਹ ਸੁੱਤਾ ਹੋਇਆ ਸੀ। ਤੇ ਲਾਲਟੈਨ ਮੱਧਮ ਲੋਅ ਵਿਚ ਬਲਦੀ ਪਈ ਸੀ।"

ਅਗਲੀਆਂ ਜਮਾਤਾਂ ਵਿਚ ਜਦੋਂ ਰਾਤ ਨੂੰ ਪੜ੍ਹਨ ਬੈਠਣਾ; ਨੀਂਦ ਆਉਣ ਲੱਗਣੀ ਤਾਂ ਗਿਆਨੀ ਜੀ ਦਾ ਪ੍ਰਵਚਨ ਅਤੇ ਬਿਆਨ ਕੀਤਾ ਦ੍ਰਿਸ਼ ਯਾਦ ਆ ਜਾਂਦਾ। ਸਾਡੇ ਅਵਚੇਤਨ ਵਿਚ ਬੈਠੇ, ਪ੍ਰਵਚਨ ਵਿਚਲੇ, ਉਸ ਮੁੰਡੇ ਦਾ ਸਿਰੜ ਸਿਰ ਚੁੱਕ ਖਲੋਂਦਾ। ਅਸੀਂ ਮਿਹਨਤ ਨਾਲ ਪੜ੍ਹਾਈ ਕਰਨ ਲਈ ਡਟ ਜਾਂਦੇ।

ਦੇਸ਼ ਨਵਾਂ-ਨਵਾਂ ਆਜ਼ਾਦ ਹੋਇਆ ਸੀ। ਦੇਸ਼ ਭਗਤੀ ਦਾ ਜਜ਼ਬਾ ਬੜਾ ਬਲਵਾਨ ਸੀ। ਇਕ ਦਿਨ ਪ੍ਰਾਰਥਨਾ ਵੇਲੇ ਕੋਈ ਵਿਦਿਆਰਥੀ 'ਜਨ-ਗਨ-ਮਨ' ਦੇ ਪਾਠ ਵੇਲੇ ਹਿੱਲ ਪਿਆ ਤਾਂ ਗਿਆਨੀ ਜੀ ਨੇ ਬਾਅਦ ਵਿਚ 'ਕਹਾਣੀ' ਸੁਣਾ ਦਿੱਤੀ, "ਇਕ ਵਾਰ ਪ੍ਰਾਰਥਨਾ ਹੋ ਰਹੀ ਸੀ। ਅਚਾਨਕ ਨੇੜਲੀ ਖੁੱਡ ਵਿਚੋਂ ਇਕ ਸੱਪ ਨਿਕਲ ਆਇਆ ਤੇ ਉਹਨੇ ਇਕ ਵਿਦਿਆਰਥੀ ਦੇ ਪੈਰ ਨੂੰ ਗੁੱਛੀ ਮਾਰ ਲਈ। ਪਰ ਜਿੰਨਾਂ ਚਿਰ ਪ੍ਰਾਰਥਨਾ ਖ਼ਤਮ ਨਹੀਂ ਹੋਈ, ਉਹ ਹਿੱਲਿਆ ਨਹੀਂ। ਬਾਅਦ ਵਿਚ ਹੀ ਉਹਨੇ ਪੈਰ ਝਟਕ ਕੇ ਸੱਪ ਨੂੰ ਪੈਰ ਨਾਲੋਂ ਲਾਹ ਕੇ ਦੂਰ ਸੁੱਟਿਆ।"

ਪਤਾ ਨਹੀਂ ਸੀ ਕਿ ਕਹਾਣੀ ਸੱਚੀ ਸੀ ਜਾਂ ਝੂਠੀ, ਪਰ ਸਾਡੇ ਮਨਾਂ ਵਿਚ ਖੁਣਿਆਂ ਗਿਆ ਕਿ ਰਾਸ਼ਟਰੀ ਗੀਤ ਦਾ ਆਦਰ ਕਿਸ ਮੁਸਤੈਦੀ ਨਾਲ ਕਰਨਾ ਹੈ। ਉਸ ਤੋਂ ਬਾਅਦ ਜਦ ਵੀ ਰਾਸ਼ਟਰ-ਗੀਤ ਦੀ ਆਵਾਜ਼ ਕੰਨੀ ਪੈਂਦੀ, ਆਪਣਾ ਆਪ ਸਾਵਧਾਨ ਅਵਸਥਾ ਵਿਚ ਖਲੋ ਜਾਂਦਾ। ਤੇ ਇਹ ਅਸਰ ਓਨਾ ਚਿਰ ਰਿਹਾ ਜਿੰਨਾ ਚਿਰ ਨਵੇਂ ਰਾਸ਼ਟਰ ਨਾਲ ਜੁੜੇ ਸੁਪਨਿਆਂ ਵਿਚ ਭੰਗਣਾ ਨਾ ਪੈ ਗਈ ਤੇ ਅਸੀਂ ਸਿਨਮਿਆਂ ਜਾਂ ਸਰਕਾਰੀ ਸਮਾਗਮਾਂ ਵਿਚ ਰਾਸ਼ਟਰ-ਗਾਨ ਦੇ ਪਾਠ ਸਮੇਂ ਖਲੋਣ ਤੋਂ ਆਕੀ ਹੋ ਗਏ!

ਗਿਆਨੀ ਜੀ ਕਲਾਕਾਰ ਆਦਮੀ ਸਨ। ਸੁਨਹਿਰੀ ਕਾਗਜ਼ਾਂ ਨੂੰ ਖ਼ੂਬਸੂਰਤ ਗੋਲ ਅੱਖਰਾਂ ਵਿਚ ਕੱਟਦੇ ਤੇ ਕਮਰੇ ਦੀ ਕੰਧ ਜਿੱਡੇ ਆਕਾਰ ਵਿਚ ਕੱਪੜੇ ਦੀ ਲੰਮੀ ਕਟਾਈ ਕਰ ਕੇ, ਉਸ ਉੱਤੇ ਸੁਨਹਿਰੀ ਅੱਖਰ ਜੋੜ ਕੇ ਗੁਰਬਾਣੀ ਦੀ ਕੋਈ ਤੁਕ ਲਿਖ ਕੇ ਕੰਧ ਉੱਤੇ ਲਾ ਦਿੰਦੇ। ਉਹਨਾਂ ਦੀਆਂ ਲਿਖੀਆਂ ਇਹ ਸਤਰਾਂ, ਜਮਾਤ ਵਿਚ ਬੈਠਿਆਂ, ਕਮਰੇ ਦੀ ਹਰੇਕ ਕੰਧ 'ਤੇ ਚਿਪਕੀਆਂ, ਹਰ ਵੇਲੇ ਅੱਖਾਂ ਅੱਗੇ ਲਿਸ਼ਕਦੀਆਂ ਰਹਿੰਦੀਆਂ। ਉਹ ਤੁਕਾਂ ਅੱਜ ਵੀ ਮਸਤਕ ਵਿਚ ਉਂਞ ਹੀ

ਲਿਸ਼ਕ ਰਹੀਆਂ ਨੇ ਅਤੇ ਉਹਨਾਂ ਦੇ ਅਰਥ ਤੇ ਭਾਵ ਵੀ, ਜਿਹੜੇ ਪਹਿਲੀ ਉਮਰੇ ਸਹਿਜ-ਸੁਭਾਅ ਹੀ ਅਵਚੇਤਨ ਦਾ ਹਿੱਸਾ ਤੇ ਜੀਵਨ ਦੀ ਕੀਮਤ ਬਣ ਗਏ ਸਨ।

*ਸਚੈ ਮਾਰਗਿ ਚਲਦਿਆ, ਉਸਤਤਿ ਕਰੇ ਜਹਾਨੁ ।।*
*ਮੰਦੇ ਕੰਮੀ ਨਾਨਕਾ, ਜਦ ਕਦ ਮੰਦਾ ਹੋਇ।*
*ਸਚਹੁ ਉਰੈ ਸਭੁ ਕੋ ਉਪਰਿ ਸਚੁ ਆਚਾਰ*
*ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ॥*
*ਆਪਨੜੈ ਘਰ ਜਾਈਐ ਪੈਰ ਤਿਨ੍ਹਾ ਦੇ ਚੁੰਮਿ॥*

ਅਜਿਹੀਆਂ ਦਰਜਨਾਂ ਟੂਕਾਂ ਅਤੇ ਉਹਨਾਂ ਵਿਚ ਲੁਕੀ ਸਿੱਖਿਆ ਨੇ ਕਿੰਨਿਆਂ ਵਿਦਿਆਰਥੀਆਂ ਦੀ ਸੋਚ ਨੂੰ ਅਟੱਲ ਸੱਚ ਦੀ ਰੰਗਣਾ ਚਾੜ੍ਹ ਦਿੱਤੀ, ਇਸਦਾ ਅਨੁਮਾਨ ਹੀ ਲਾਇਆ ਜਾ ਸਕਦਾ ਹੈ। ਆਪਣੇ 'ਤੇ ਹੋਏ ਅਸਰ ਦਾ ਤਾਂ ਮੈਂ ਖ਼ੁਦ ਗਵਾਹ ਹਾਂ।

ਗਿਆਨੀ ਜੀ ਨਾਲ ਜੁੜੇ ਦ੍ਰਿਸ਼ ਚੇਤੇ ਆ ਰਹੇ ਨੇ ਤਾਂ ਇੱਕ ਹੋਰ ਦ੍ਰਿਸ਼ ਉੱਭਰਦਾ ਹੈ। ਨਾਵੀਂ-ਦਸਵੀ ਦੇ ਪਾਠ-ਕ੍ਰਮ ਵਿਚ ਲੱਗੀ ਪੰਜਾਬੀ ਦੀ ਪੁਸਤਕ 'ਸਾਹਿਤ-ਵਾੜੀ' ਵਿਚੋਂ ਗੁਰਬਾਣੀ ਵਾਲਾ ਭਾਗ ਪੜ੍ਹਾਇਆ ਜਾਣਾ ਹੈ। ਅੱਜ ਗਿਆਨੀ ਜੀ ਵੱਡੀ ਕੁਰਸੀ 'ਤੇ ਚੌਕੜੀ ਮਾਰ ਕੇ ਬਹਿ ਗਏ ਹਨ। ਕਿਸੇ ਵਿਦਿਆਰਥੀ ਨੂੰ ਅੱਜ ਦਾ ਪਾਠ ਪੜ੍ਹਨ ਲਈ ਹਦਾਇਤ ਕਰਦੇ ਹਨ। ਵਿਦਿਆਰਥੀ ਖੜਾ ਹੁੰਦਾ ਹੈ। ਕਿਤਾਬ ਵੇਖ ਕੇ ਸਲੋਕ ਪੜ੍ਹਨ ਲੱਗਦਾ ਹੈ: ਮੋਤੀ ਤ ਮੰਦਰ...

ਇਸਤੋਂ ਪਹਿਲਾਂ ਕਿ ਮੁੰਡਾ ਸਲੋਕ ਦਾ ਅਗਲਾ ਹਿੱਸਾ ਬੋਲੇ, ਗਿਆਨੀ ਜੀ ਆਪ ਹੀ ਬੋਲ ਪੈਂਦੇ ਨੇ।

"ਹਾਂ, ਠੀਕ ਹੈ!" ਤੇ ਫਿਰ ਸਲੋਕ ਦਾ ਅਗਲਾ ਹਿੱਸਾ ਆਪ ਹੀ ਬੋਲਣ ਲੱਗਦੇ ਨੇ:

"ਹਾਂ, ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ॥ ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥"

ਅੱਜ ਉਹਨਾਂ ਅੱਖਾਂ ਮੁੰਦੀਆਂ ਹੋਈਆਂ ਨੇ। ਆਪਣੇ ਭਰਵੇਂ ਚਿੱਟੇ ਭਰਵੱਟਿਆਂ 'ਤੇ ਸੱਜੇ ਹੱਥ ਦੀਆਂ ਉਂਗਲਾਂ ਨਾਲ ਮਾੜਾ ਜਿਹਾ ਮਰੋੜਾ ਦਿੰਦੇ ਨੇ। ਫਿਰ ਵਾਲਾਂ ਨੂੰ ਸਿੱਧਾ ਕਰਦੇ ਨੇ ਤੇ ਸਲੋਕ ਦੀ ਅਰਥਾਂ-ਸਹਿਤ ਵਿਆਖਿਆ ਕਰਨ ਲੱਗਦੇ ਹਨ।

ਸਲੋਕ ਦੇ ਅਗਲੇ ਹਿੱਸੇ ਵਿਚ ਵੀ ਇਹੋ ਪ੍ਰਕਿਰਿਆ ਦੁਹਰਾਈ ਜਾ ਰਹੀ ਹੈ। ਮੁੰਡਾ ਦੋ ਸ਼ਬਦ ਬੋਲਦਾ ਹੈ ਤੇ ਗਿਆਨੀ ਜੀ, ਅਗਲੀ ਤੁਕ ਆਪੇ ਬੋਲ ਦਿੰਦੇ ਹਨ।

ਅਸੀਂ ਹੈਰਾਨੀ ਨਾਲ ਵੇਖ ਰਹੇ ਹਾਂ, ਗੁਰਬਾਣੀ ਦੇ ਜਿਨ੍ਹਾਂ ਸ਼ਬਦਾਂ ਨੂੰ ਕੁਝ ਵੱਖਰੇ ਜਿਹੇ ਸ਼ਬਦ-ਜੋੜਾਂ ਕਰ ਕੇ ਪੜ੍ਹਨਾ ਸਾਨੂੰ ਔਖਾ ਲੱਗਦਾ ਹੈ, ਗਿਆਨੀ ਜੀ ਸਹਿਜ ਸੁਭਾਅ ਉਚਾਰ ਰਹੇ ਹਨ ਤੇ ਫਿਰ ਮੂੰਹ-ਜ਼ਬਾਨੀ! ਭਾਵੇਂ ਬਾਬਾ ਫ਼ਰੀਦ ਦੇ ਸਲੋਕ ਹੋਣ, ਭਾਵੇਂ ਗੁਰੂ ਅਰਜਨ ਸਾਹਿਬ ਦੇ! ਗਿਆਨੀ ਜੀ ਨੂੰ ਸਭ ਮੂੰਹ-ਜਬਾਨੀ ਕੰਠ ਹੈ।

ਸਾਨੂੰ ਕੀ ਪਤਾ ਸੀ ਕਿ ਗਿਆਨੀ ਜੀ ਗੁਰਬਾਣੀ ਦੇ ਕਿੰਨੇ ਵੱਡੇ ਗਿਆਤਾ ਹਨ। ਉਹਨਾਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਨਾ ਸਹੀ, ਪਰ ਬਹੁਤੀ ਬਾਣੀ ਜ਼ਬਾਨੀ ਯਾਦ ਸੀ। ਭਾਈ ਗੁਰਦਾਸ ਦੀਆਂ ਸਭੇ ਵਾਰਾਂ ਉਹਨਾਂ ਨੂੰ ਹਿਫ਼ਜ਼ ਸਨ। ਹੁਣ ਵੀ ਯਾਦ ਆਉਂਦਾ ਹੈ। ਗਰਮੀਆਂ ਦੀਆਂ ਛੁੱਟੀਆਂ ਦਾ ਕੰਮ ਦੇਣ ਵੇਲੇ ਉਹਨਾਂ ਆਖਣਾ, "ਹਾਂ ਭਾਈ! ਕੰਨ ਖੋਲ੍ਹ ਕੇ ਸੁਣ ਲਵੋ।

ਛੁੱਟੀਆਂ ਵਿਚ ਐਵੇਂ, ਕੀ ਸਦੇ, ਗਲ਼ੀਆਂ ਨਾ ਕੱਛਦੇ ਫਿਰਿਓ। ਪੜ੍ਹਿ ਓ ਲਿਖਿਓ ਵੀ। ਤੁਹਾਨੂੰ ਪਤੈ, ਕੀ ਸਦੇ, ਮੈਂ ਗਲ਼ੀਆਂ ਵਿਚ ਅਵਾਰਾ ਖੇਡਦੇ ਮੁੰਡਿਆਂ ਨੂੰ ਵੇਖ ਲੈਨਾਂ! ਤੁਹਾਡੇ 'ਤੇ ਮੇਰੀ ਚੱਤੋ-ਪਹਿਰ ਨਜ਼ਰ ਰਹਿੰਦੀ ਏ।"

ਗੱਲ ਠੀਕ ਸੀ, ਗਲੀਆਂ ਵਿਚ ਗੋਲੀਆਂ-ਬੰਟੇ ਖੇਡਦੇ ਮੁੰਡੇ ਗਿਆਨੀ ਜੀ ਨੂੰ ਦੂਰੋਂ ਵੇਖ ਲੈਂਦੇ ਤਾਂ ਬਾਰਾਂ ਹੱਥ ਦੀ ਛਾਲ ਮਾਰ ਕੇ ਹਰਨ ਹੋ ਜਾਂਦੇ। ਅਗਲੇ ਦਿਨ ਗਿਆਨੀ ਜੀ ਜਮਾਤ ਤਲਬ ਕਰ ਲੈਂਦੇ। ਘਰੋਂ ਯਾਦ ਅਤੇ ਕਰਨ ਲਈ ਦਿੱਤਾ ਕੰਮ ਵੇਖਦੇ ਤੇ ਸੁਣਦੇ। ਜਿਹੜੇ ਪਾਸ ਹੋ ਜਾਂਦੇ, ਬਚ ਜਾਂਦੇ, ਪਰ ਜਿਸ ਨੇ ਕੰਮ ਨਾ ਕੀਤਾ ਹੁੰਦਾ ਤਾਂ ਉਹ ਕੰਨ ਤੋਂ ਖਿੱਚ ਕੇ ਚਪੇੜਾਂ ਦੀ ਸੇਵਾ ਕਰਦਿਆਂ ਆਖਦੇ, "ਕੀ ਸਦੇ, ਕੁੱਤੇ-ਖੱਸੀ ਕਰਨ ਦੀ ਵਿਹਲ ਏ ਤੇਰੇ ਕੋਲ, ਪੜ੍ਹਨ ਦੀ ਨਹੀਂ। ਇਹ ਕੰਮ ਤੇਰੇ ਬੇਬੇ-ਬਾਪੂ ਨੇ ਨਹੀਂ ਕਰਨਾ। ਤੂੰ ਹੀ ਕਰਨਾ ਏਂ। ਪੜ੍ਹ ਜਾਏਂਗਾ, ਕੁਝ ਬਣ ਜਾਏਂਗਾ, ਨਹੀ ਤਾਂ ਢੱਗਿਆਂ ਦੇ ਪੁੜੇ ਕੁੱਟਣ ਜੋਗਾ ਰਹਿ ਜਾਏਂਗਾ।"

ਹਾਂ, ਸੱਚ ਗੱਲ ਚੱਲ ਰਹੀ ਸੀ ਕਿ ਗਰਮੀਆਂ ਦੀਆਂ ਛੁੱਟੀਆਂ ਦਾ ਕੰਮ ਦੇਂਦੇ ਸਮੇਂ ਉਹ ਇਹ ਹਦਾਇਤ ਖ਼ਾਸ ਤੌਰ 'ਤੇ ਕਰਦੇ, "ਆਪਣੀ ਕਿਤਾਬ ਦੀਆਂ ਸਾਰੀਆਂ ਕਵਿਤਾਵਾਂ ਤੁਹਾਨੂੰ ਜ਼ਬਾਨੀ ਯਾਦ ਹੋਣ, ਪਾਣੀ ਵਾਂਗ। ਹਰੇਕ ਪਾਠ ਦਾ ਸਾਰ-ਸੰਖੇਪ ਮੈਂ ਜਮਾਤ ਵਿਚ 'ਕੱਲ੍ਹੇ 'ਕੱਲ੍ਹੇ ਤੋਂ ਸੁਣ ਲੈਣਾ। ਹਾਂ, ਨਾਲੇ ਹੋਰ ਗੱਲ ਸੁਣ ਲਵੋ, ਵਿਆਕਰਨ ਦੇ, ਕੀ ਸਦੇ, ਨਾਉਂ, ਪੜਨਾਉਂ, ਵਿਸ਼ੇਸ਼ਣ, ਕਿਰਿਆ-ਵਿਸ਼ੇਸ਼ਣ, ਸੰਬੰਧਕ, ਯੋਜਕ, ਵਿਸਮਿਕ; ਗੱਲ ਕੀ, ਸ਼ੁਰੂ ਤੋਂ ਲੈਕੇ ਅਖ਼ੀਰ ਤੱਕ ਸਾਰੀ ਵਿਆਕਰਨ ਜ਼ਬਾਨੀ ਰਟੀ ਹੋਵੇ।"

ਯਾਦ ਕਰਾਉਣ ਦਾ ਹੁਕਮ ਦੇਣ ਪਿੱਛੇ ਉਹਨਾਂ ਦੀ ਆਪਣੀ ਘਾਲਣਾ ਦਾ ਅਨੁਭਵ ਸੀ। ਉਹ ਚਾਹੁੰਦੇ ਸਨ ਜਿਵੇਂ ਉਹਨਾਂ ਨੂੰ ਗੁਰਬਾਣੀ ਤੇ ਪਾਠ-ਪੁਸਤਕ ਦਾ ਹਰੇਕ ਵੇਰਵਾ ਜ਼ਬਾਨੀ ਯਾਦ ਹੈ, ਉਹਨਾਂ ਦੇ ਵਿਦਿਆਰਥੀਆਂ ਨੂੰ ਵੀ ਯਾਦ ਹੋਵੇ।

ਉਹ ਤਾਂ ਘੰਟਿਆਂ ਬੱਧੀ ਇਕ-ਇੱਕ ਤੁਕ ਦੀ ਵਿਅਖਿਆ ਕਰ ਸਕਦੇ ਸਨ। ਸਾਨੂੰ ਤਾਂ ਉਦੋਂ ਇਸ ਗੱਲ ਦਾ ਵੀ ਪਤਾ ਨਹੀਂ ਸੀ ਕਿ ਉਹਨਾਂ ਨੇ ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ 1926-27 ਵਿਚ ਗਿਆਨੀ ਤੇ ਓ ਟੀ ਦੀ ਜਮਾਤ ਵਿਚ ਪ੍ਰਿੰਸੀਪਲ ਮਨਮੋਹਨ ਸਿੰਘ ਐਮ ਏ, ਪ੍ਰੋ ਤੇਜਾ ਸਿੰਘ, ਪ੍ਰੋ ਨਿਰੰਜਨ ਸਿੰਘ ਐੱਮ ਐੱਸ ਸੀ ਅਤੇ ਸ ਬਿਸ਼ਨ ਸਿੰਘ ਵਰਗੇ ਵਿਦਵਾਨਾਂ ਤੋਂ ਸਿੱਖਿਆ ਹਾਸਲ ਕੀਤੀ ਸੀ।

ਉਹਨਾਂ ਦਾ ਜੀਵਨ ਪਰਤੱਖ ਅਮਲ ਅਤੇ ਪੂਰਨ ਗੁਰਸਿੱਖ ਦੀ ਮੂਰਤ ਸੀ। ਉਹ ਗਰਮੀ ਦੀਆਂ ਛੁੱਟੀਆਂ ਵਿਚ ਜਿੱਥੇ ਆਪਣੇ ਬੱਚਿਆਂ ਨੂੰ ਗੁਰਦਵਾਰਿਆਂ ਦੇ ਦਰਸ਼ਨ ਕਰਾਉਣ ਲਈ ਤਰਨਤਾਰਨ ਸਾਹਿਬ ਤੇ ਦਰਬਾਰ ਸਾਹਿਬ ਅੰਮ੍ਰਿਤਸਰ ਲੈ ਕੇ ਜਾਂਦੇ, ਓਥੇ ਦੁਰਗਿਆਨਾ ਮੰਦਰ ਵੀ ਜ਼ਰੂਰ ਲੈ ਕੇ ਜਾਂਦੇ। ਉਹਨਾਂ ਲਈ ਸਾਰੇ ਧਰਮ ਇੱਕੋ ਜਿਹੇ ਸਨ ਤੇ ਸਾਰੇ ਇਨਸਾਨ ਵੀ। ਉਹਨਾਂ ਵਿਚ ਸੁੱਚੀ ਰੂਹ ਦਾ ਵਾਸਾ ਸੀ।

ਉਹਨਾਂ ਦੇ ਮਨ ਵਿਚ ਹਿੰਦੂ-ਸਿੱਖਾਂ ਦੀ ਆਪਸੀ ਪੀਚਵੀਂ ਸਾਂਝ ਤੇ ਮੋਹ ਪਿੱਛੇ ਇਕ ਅਸਲ ਕਾਰਨ ਇਹ ਵੀ ਸੀ ਕਿ ਸੋਢੀ ਨਿਰੰਜਨ ਸਿੰਘ ਹੁਰਾਂ ਦਾ ਜਨਮ ਪਿੰਡ ਗੋਗੜਾ, ਤਹਿਸੀਲ ਲੋਧਰਾਂ, ਜ਼ਿਲ੍ਹਾ ਮੁਲਤਾਨ ਵਿਖੇ 11 ਨਵੰਬਰ 1904 ਨੂੰ ਸੋਢੀ ਫ਼ਕੀਰਦਾਸ ਅਤੇ ਮਾਤਾ ਪ੍ਰਸਿੰਨੀ ਦੇਵੀ ਦੇ ਘਰ ਹੋਇਆ ਸੀ। ਸੋਢੀ ਗੁਰੂ-ਵੰਸ਼ ਨਾਲ ਜੁੜੇ ਹੋਣ ਕਰ ਕੇ ਉਹਨਾਂ ਦੀ ਪਿੰਡ ਵਿਚ ਸਿੱਖੀ ਸੇਵਕੀ ਵੀ ਸੀ। ਪਾਕਿਸਤਾਨ ਵਿਚਲੇ ਪੁਰਾਣੇ ਸੇਵਕ ਕਦੀ-ਕਦੀ ਉਹਨਾਂ ਕੋਲੋਂ ਸੁਰ

ਸਿੰਘ ਵਿਚ ਵੀ ਚਰਨਾਮਤ ਲੈਣ ਆਉਂਦੇ। ਉਹਨਾਂ ਨੂੰ ਮਾਇਆ ਦੇ ਮੱਥੇ ਵੀ ਟੇਕਦੇ, ਪਰ ਗਿਆਨੀ ਜੀ ਉਹਨਾਂ ਵੱਲੋਂ ਦਿੱਤੀ ਭੇਟਾ ਘਰ ਵਿਚ ਕਦੀ ਨਾ ਵਰਤਦੇ। ਸਾਰੀ ਮਾਇਆ ਗੁਰੂ ਦੀ ਗੋਲਕ ਵਿਚ ਪਾ ਦਿੰਦੇ ਸਨ। ਉਹਨਾਂ ਦਾ ਮੰਨਣਾ ਸੀ ਕਿ ਪੂਜਾ ਦਾ ਧਾਨ ਹਰ ਇਕ ਨੂੰ ਹਜ਼ਮ ਨਹੀਂ ਹੁੰਦਾ! ਉਹ ਕਹਿੰਦੇ ਸਨ, "ਮੇਰਾ ਹਾਜ਼ਮਾ ਏਨਾ ਮਜ਼ਬੂਤ ਨਹੀਂ।"

ਇਹ ਗੱਲਾਂ ਉਹ ਕਦੀ-ਕਦੀ ਵਿਦਿਆਰਥੀਆਂ ਨਾਲ ਸਾਂਝੀਆਂ ਕਰਦੇ ਰਹਿੰਦੇ ਸਨ। ਇਹਨਾਂ ਗੱਲਾਂ ਵਿਚਲਾ ਸਹਿਜ ਸੁਨੇਹਾ ਮੇਰੇ ਮਨ-ਮਸਤਕ ਵਿਚ ਬੈਠ ਗਿਆ ਸੀ। ਹੋਰਨਾਂ ਦੇ ਵੀ ਜ਼ਰੂਰ ਬੈਠਾ ਹੋਵੇਗਾ।

ਉਹਨਾਂ ਦੇ ਘਰ ਵਿਚ ਗੁਰੂ ਗ੍ਰੰਥ ਸਾਹਿਬ ਦੀ ਛੋਟੀ ਬੀੜ ਬਿਰਾਜਮਾਨ ਸੀ। ਕਿਸੇ ਵੀ ਕੰਮ ਨੂੰ ਕਰਨ ਤੋਂ ਪਹਿਲਾਂ ਅਰਦਾਸ ਕਰ ਕੇ ਹੁਕਮਨਾਮਾ ਲੈਣਾ; ਦੇਸੀ ਮਹੀਨੇ ਦੀ ਸੰਗਰਾਂਦ ਨੂੰ ਮਹੀਨੇ ਦਾ ਪਾਠ ਕਰਨਾ, ਕੜਾਹ ਪ੍ਰਸ਼ਾਦ ਬਨਾਉਣਾ ਤੇ ਆਲੇ ਦਵਾਲੇ ਦੇ ਗਵਾਂਢੀਆਂ ਨੂੰ ਵੰਡਣਾ ਤਾਕਿ ਉਹਨਾਂ ਨੂੰ ਵੀ ਨਵੇਂ ਮਹੀਨੇ ਦਾ ਪਤਾ ਲੱਗ ਜਾਵੇ। ਗੁਰੂ ਗ੍ਰੰਥ ਸਾਹਿਬ ਨੂੰ ਸੋਹਣੇ ਰੁਮਾਲਾਂ ਵਿਚ ਲਪੇਟ ਕੇ, ਇਕ ਬਹੁਤ ਸੁੰਦਰ ਟਰੰਕ ਵਿਚ ਸਭ ਤੋਂ ਉੱਚੀ ਥਾਂ, ਪਰਛੱਤੀ 'ਤੇ ਰੱਖਿਆ ਜਾਂਦਾ ਸੀ।

ਗੁਰੂ ਗ੍ਰੰਥ ਸਾਹਿਬ ਦੀ ਗੱਲ ਚੱਲੀ ਹੈ ਤਾਂ ਇੱਕ ਬਹੁਤ ਹੀ ਦਿਲ ਨੂੰ ਛੂਹ ਜਾਣ ਵਾਲਾ ਵਾਕਿਆ ਚੇਤੇ ਆ ਗਿਆ ਹੈ। ਜਿਵੇਂ ਦੱਸ ਚੁੱਕੇ ਹਾਂ, ਉਦੋਂ ਗਿਆਨੀ ਜੀ ਸਾਡੀ ਅਗਲੀ ਗਲੀ ਵਿਚ ਰਹਿੰਦੇ ਸਨ। ਜਿਨ੍ਹਾਂ ਦਿਨਾਂ ਦੀ ਗੱਲ ਹੈ, ਉਹਨੀਂ ਦਿਨੀਂ ਉਹਨਾਂ ਦੀ ਵੱਡੀ ਬੇਟੀ ਦੀ ਸ਼ਾਦੀ ਦੀ ਤਰੀਕ ਨਿਸਚਿਤ ਹੋ ਚੁੱਕੀ ਸੀ। ਸ਼ਾਦੀ ਦਾ ਸਾਰਾ ਸਮਾਨ, ਕੱਪੜੇ ਅਤੇ ਗਹਿਣਾ-ਗੱਟਾ ਬਣ ਚੁਕਿਆ ਸੀ। ਸ਼ਾਦੀ ਤੋਂ ਦੋ ਦਿਨ ਪਹਿਲਾਂ ਘਰ ਵਿਚ ਚੋਰ ਆ ਪਏ। ਗਰਮੀਆਂ ਦੇ ਦਿਨ ਸਨ ਤੇ ਸਾਰਾ ਪਰਿਵਾਰ ਘਰ ਦੀ ਛੱਤ 'ਤੇ ਸੁੱਤਾ ਹੋਇਆ ਸੀ। ਚੋਰਾਂ ਨੇ ਇੱਕ ਨਵੀਂ ਪੱਗ ਮੰਜੇ 'ਤੇ ਵਿਛਾਈ ਤੇ ਸਾਰੇ ਅਣਸੀਤੇ ਕੱਪੜੇ ਅਤੇ ਹੋਰ ਸਾਰਾ ਵਿਆਹ ਨਾਲ ਜੁੜਿਆ ਨਵਾਂ ਸਾਜ਼ੋ-ਸਮਾਨ ਇਕੱਠਾ ਕਰ ਕੇ ਰੱਖ ਲਿਆ। ਉਹਨਾਂ ਦੀ ਨਜ਼ਰ ਪਰਛੱਤੀ 'ਤੇ ਪਈ। ਉਹਨਾਂ ਸਮਝਿਆ ਕਿ ਇਸ ਟਰੰਕ ਵਿਚ ਹੋਰ ਬਹੁਤ ਸਾਰਾ ਕੀਮਤੀ ਸਮਾਨ ਹੋਵੇਗਾ। ਉਹਨਾਂ ਨੇ ਟਰੰਕ ਉਤਾਰ ਕੇ ਵੇਖਿਆ। ਸਚਮੁਚ ਉਸ ਵਿਚ ਸਭ ਤੋਂ ਕੀਮਤੀ ਸਮਾਨ ਹੀ ਤਾਂ ਸੀ। ਗੁਰੂ ਗ੍ਰੰਥ ਸਾਹਿਬ ਦੀ ਬੀੜ ਵੇਖ ਕੇ, ਪਤਾ ਨਹੀਂ ਉਹਨਾਂ ਦੇ ਮਨ ਵੀ ਕੀ ਉਛਾਲ ਆਇਆ, ਉਹ ਤਾਂ ਚੋਰ ਹੀ ਜਾਣਦੇ ਸਨ, ਪਰ, ਉਹਨਾਂ ਨੇ ਇੱਕ ਪੈਸੇ ਦਾ ਸਮਾਨ ਵੀ ਨਾ ਚੁੱਕਿਆ ਤੇ ਉਂਵ ਦੇ ਉਂਵ ਜਿਵੇਂ ਖਾਲੀ ਹੱਥ ਆਏ ਸਨ, ਖਾਲੀ ਹੱਥ ਵਾਪਸ ਚਲੇ ਗਏ। ਮੰਜੀ 'ਤੇ ਪਏ ਸਾਰੇ ਸਾਜ਼ੋ-ਸਮਾਨ ਦੇ ਨਾਲ ਰੁਮਾਲ ਵਿਚ ਲਪੇਟੀ ਗੁਰੂ ਗ੍ਰੰਥ ਸਾਹਿਬ ਦੀ ਛੋਟੀ ਬੀੜ ਪਈ ਸੀ। ਕੋਲ ਖੁੱਲ੍ਹਾ ਪਿਆ ਸੀ ਟਰੰਕ।

ਪੁਲਿਸ ਨੇ ਆ ਕੇ ਵੇਖਿਆ। ਇੱਕ ਪੈਸੇ ਦੀ ਚੀਜ਼ ਚੋਰੀ ਨਹੀਂ ਸੀ ਹੋਈ। ਲੋਕ ਵੀ ਇਹ ਜਾਣ-ਸੁਣ ਕੇ ਹੈਰਾਨ! ਲੋਕ ਕਹਿੰਦੇ, "ਕੈਸਾ ਕੌਤਕ ਵਰਤਿਆ ਏ! ਘਰ ਦੇ ਸੁੱਤੇ ਪਏ ਸਨ ਤੇ 'ਸੱਚਾ ਪਾਤਸ਼ਾਹ' ਆਪ ਪਹਿਰੇ 'ਤੇ ਆ ਕੇ ਖਲੋ ਗਿਆ! ਗਿਆਨੀ ਗੁਰੂ ਦਾ ਪਿਆਰਾ ਸੀ। ਗੁਰੂ ਨੇ ਮਿਹਰ ਕੀਤੀ ਉਹਦੇ 'ਤੇ!"

ਪੁਲਿਸ ਨੇ ਚੋਰੀ ਦੀ ਘਟਨਾ ਦੀ ਰਪਟ ਲਿਖਣੀ ਚਾਹੀ ਤਾਂ ਗਿਆਨੀ ਜੀ ਨੇ ਸਾਫ਼ ਇਨਕਾਰ ਕਰ ਦਿੱਤਾ, "ਜਦ ਮੇਰਾ ਕੁਝ ਚੋਰੀ ਹੋਇਆ ਈ ਨਹੀਂ ਤਾਂ ਰਪਟ ਕਾਹਦੀ! ਮੈਨੂੰ ਤਾਂ ਜੇ ਕਿਤੇ ਚੋਰ ਮਿਲ ਜਾਣ ਤਾਂ ਮੈਂ ਤਾਂ ਉਹਨਾਂ ਦੇ ਦਰਸ਼ਨ ਕਰ ਕੇ ਧੰਨ ਹੋਵਾਂਗਾ ਜਿਨ੍ਹਾਂ ਨੇ ਉਸ ਪਲ ਆਪਣੇ ਅੰਦਰ ਸੱਚੇ ਪਾਤਸ਼ਾਹ ਦੇ ਦੀਦਾਰ ਕਰ ਲਏ। ਜਿਸ ਪਾਤਸ਼ਾਹ ਨੇ ਚੋਰਾਂ ਦੀਆਂ ਭੁੱਖੀਆਂ

ਰੂਹਾਂ ਵਿਚ ਉਸ ਘੜੀ ਰੂਹਾਂ ਦਾ ਰੱਜ ਭਰ ਦਿੱਤਾ ਸੀ।"

ਉਹਨਾਂ ਦੇ ਗੁਰਮਤਿ ਅਭਿਆਸੀ ਜੀਵਨ ਦੀ ਗੱਲ ਚੱਲੀ ਹੈ ਤਾਂ ਦੱਸਦਾ ਜਾਵਾਂ ਕਿ ਉਹਨਾਂ ਦਾ ਜੀਵਨ ਬਹੁਤ ਹੀ ਅਨੁਸ਼ਾਸਿਤ ਸੀ। ਉਹਨਾਂ ਕੋਲ ਭਾਵੇਂ ਕੋਈ ਘੜੀ ਨਹੀਂ ਸੀ ਹੁੰਦੀ, ਤਦ ਵੀ ਉਹ ਸਵੇਰੇ ਕੁੱਕੜ ਦੀ ਬਾਂਗ ਨਾਲ ਜਾਂ ਤਾਰਿਆਂ ਦੀ ਦਿਸ਼ਾ ਵੇਖ ਕੇ ਹਰ ਰੋਜ਼ ਚਾਰ ਵਜੇ ਜਾਗ ਪੈਂਦੇ। ਦੋਵਾਂ ਪੁੱਤਾਂ, ਸਵਰਨ ਤੇ ਗੁਰਚਰਨ, ਨੂੰ ਨਾਲ ਲੈਣਾ ਤੇ ਪਿੰਡ ਕੋਲੋਂ ਲੰਘਦੀ ਅੰਮ੍ਰਿਤਸਰ-ਖ਼ੇਮਕਰਨ ਰੋਡ 'ਤੇ ਸੈਰ ਕਰਨ ਪਹੁੰਚ ਜਾਣਾ। ਆਪ ਪੈਦਲ ਤੁਰਦੇ ਜਾਣਾ ਤੇ ਬੱਚਿਆ ਨੂੰ ਕਹਿਣਾ ਕਿ ਦੌੜਦੇ ਹੋਏ ਜਾਣ ਤੇ ਦੋ ਮੀਲ ਦੂਰ ਪਿੰਡ ਛਿੱਛਰੇਵਾਲ ਕੋਲ ਸੜਕ 'ਤੇ ਪੈਂਦੀ ਮੀਲ ਦੀ ਬੁਰਜੀ ਨੂੰ ਹੱਥ ਲਾ ਕੇ ਦੌੜਦੇ ਹੋਏ ਪਰਤਣ। ਘਰੋਂ ਤੌਲੀਆ, ਸਾਬਣ ਤੇ ਤੇਲ ਨਾਲ ਲੈ ਕੇ ਜਾਂਦੇ ਤੇ ਵਗਦੇ ਖੂਹ 'ਤੇ ਇਸ਼ਨਾਨ ਕਰਦੇ। ਜੇ ਕੋਈ ਖੂਹ ਨਾ ਵਗਦਾ ਹੋਣਾ ਤਾਂ ਪਿੰਡ ਦੇ ਬਾਹਰਵਾਰ ਸੜਕ ਕੋਲ ਬਣੀਆਂ ਬਾਬਾ ਬਿਧੀ ਚੰਦ ਦੀਆਂ ਸਮਾਧਾਂ 'ਤੇ ਆ ਕੇ ਖੂਹੀ ਦੀਆ ਟੂਟੀਆਂ 'ਤੇ ਨਹਾ ਕੇ ਜਪੁਜੀ ਸਾਹਿਬ ਦਾ ਪਾਠ ਕਰ ਕੇ ਘਰ ਪਹੁੰਚਣਾ। ਜੇ ਕਿਤੇ ਪਾਠ ਖੁੰਝ ਜਾਣਾ ਤਾਂ ਘਰ ਆ ਕੇ ਪਹਿਲਾਂ ਪਾਠ ਮੁਕੰਮਲ ਕਰਨਾ ਤੇ ਬਾਅਦ ਵਿਚ ਨਾਸ਼ਤਾ ਕਰ ਕੇ ਸਕੂਲ ਨੂੰ ਜਾਣਾ। ਉਹ ਘਰ ਵਿਚ, ਕੋਈ ਗਾਂ ਜਾਂ ਮੱਝ, ਲਵੇਰਾ ਜ਼ਰੂਰ ਰੱਖਦੇ ਤੇ ਸ਼ਾਮ ਨੂੰ ਬੱਚਿਆਂ, ਸਵਰਨ ਤੇ ਗੁਰਚਰਨ, ਨੂੰ ਨਾਲ ਲੈ ਕੇ ਜਾਂਦੇ। ਪਿੰਡੋਂ ਦੂਰ ਜਿੱਥੇ ਪੱਠਿਆਂ ਦਾ ਟੱਕ ਖ਼ਰੀਦਿਆ ਹੁੰਦਾ, ਤੱਕ ਜਾਂਦਿਆਂ ਨਾਲੇ ਸੈਰ ਉਹਨਾਂ ਦੀ ਵੀ ਕਰਵਾ ਲੈਂਦੇ ਤੇ ਪੱਠੇ ਚੁੱਕ ਕੇ ਲਿਆਉਣ ਦੀ ਕਸਰਤ ਵੀ ਕਰਵਾ ਛੱਡਦੇ। ਘਰ ਪਹੁੰਚ ਕੇ ਇਸ਼ਨਾਨ ਕਰ ਕੇ ਰਹਿਰਾਸ ਸਾਹਿਬ ਦਾ ਪਾਠ ਕਰਦੇ। ਉਸਤੋਂ ਬਾਅਦ ਹੀ ਪਰਿਵਾਰ ਨੂੰ ਰਾਤ ਦਾ ਖਾਣਾ ਖਾਣ ਦੀ ਇਜਾਜ਼ਤ ਹੁੰਦੀ। ਸੈਰ ਕਰਦਿਆਂ ਬੱਚਿਆਂ ਨੂੰ ਗੁਰੂ ਸਾਹਿਬਾਨ ਦੇ ਜੀਵਨ ਦੀਆਂ ਜਿਹੜੀਆਂ ਕਹਾਣੀਆਂ ਦ੍ਰਿਸ਼ਟਾਂਤ ਸਹਿਤ ਸੁਣਾਉਂਦੇ, ਉਹੋ ਕਿਰਪਾ ਆਪਣੇ ਵਿਦਿਆਰਥੀਆਂ 'ਤੇ ਵੀ ਕਰਦੇ ਰਹਿੰਦੇ। ਕਦੀ ਕਦੀ ਉਹ ਸਕੂਲ ਨਾਲ ਪੈਂਦੀ ਪੱਤੀ ਦੇ ਗੁਰਦਵਾਰੇ ਦੇ ਵੱਡੇ ਪਿੱਪਲ ਹੇਠ ਮੰਜੀ ਡਾਹ ਕੇ ਬੈਠ ਜਾਂਦੇ। ਗੁਰੂ ਗ੍ਰੰਥ ਸਾਹਿਬ ਦੀਆਂ ਸੈਂਚੀਆਂ ਚੋਂ ਉਹਨਾਂ ਦੇ ਬੱਚਿਆਂ ਨੇ ਪੜ੍ਹਨਾ ਤੇ ਗਿਆਨੀ ਜੀ ਨੇ ਵਿਸਥਾਰ ਨਾਲ ਗੁਰਬਾਣੀ ਦੀ ਵਿਆਖਿਆ ਕਰਨੀ !

ਕਿੱਥੇ ਨੇ ਅੱਜ ਕੱਲ੍ਹ ਏਹੋ ਜਹੇ ਅਧਿਆਪਕ ਜੋ ਸਮਾਜ ਦੇ ਲੋਕਾਂ ਨਾਲ ਇੰਞ ਜ਼ਮੀਨੀ ਪੱਧਰ 'ਤੇ ਜੁੜੇ ਹੋਣ। ਜਿਨ੍ਹਾਂ ਦਾ ਫ਼ਰਜ਼ ਕੇਵਲ ਜਮਾਤ ਵਿਚ ਹੀ ਵਿਦਿਆਰਥੀਆਂ ਨੂੰ ਪੜ੍ਹਾਉਣਾ ਨਹੀਂ ਸੀ ਸਗੋਂ ਸਮਾਜ ਨੂੰ 'ਪੜ੍ਹਾਉਣਾ' ਵੀ ਸੀ।

ਗਿਆਨੀ ਜੀ ਨੂੰ ਹਰ ਇੱਕ ਵਿਦਿਆਰਥੀ ਦੇ ਮਾਂ-ਬਾਪ ਤੇ ਪਰਿਵਾਰ ਬਾਰੇ ਮੁਕੰਮਲ ਜਾਣਕਾਰੀ ਸੀ। ਜਦ ਜੀਅ ਕਰਨਾ ਲੰਘਦੇ-ਵੜਦੇ ਕਿਸੇ ਵਿਦਿਆਰਥੀ ਦੇ ਘਰ ਚਲੇ ਜਾਣਾ। ਉਹਦੀ ਪੜ੍ਹਾਈ ਬਾਰੇ ਗੱਲਬਾਤ ਕਰਨੀ। ਵਿਦਿਆਰਥੀ ਦੀ ਖ਼ੂਬੀ-ਖ਼ਾਮੀ ਮਾਪਿਆਂ ਨਾਲ ਸਾਂਝੀ ਕਰਨੀ। ਇੰਞ ਹੀ ਕਦੀ ਕਦੀ ਸਾਡੇ ਘਰ ਆ ਜਾਂਦੇ। ਉਹਨਾਂ ਦੀ ਆਵਾਜ਼ ਸੁਣਦਿਆਂ ਮੈਂ ਲੁਕ ਜਾਣਾ। ਉਹਨਾਂ ਦਿਨਾਂ ਵਿਚ ਅਧਿਆਪਕਾਂ ਦਾ ਬੜਾ ਡਰ ਹੁੰਦਾ ਸੀ। ਸੁੱਚਾ ਜਿਹਾ ਡਰ, ਜਿਸ ਵਿਚ ਅਦਬ-ਸਤਿਕਾਰ ਸ਼ਾਮਲ ਸੀ। ਉਹ ਮੇਰੇ ਮਾਂ-ਬਾਪ ਨਾਲ ਜਾਂ ਦਾਦਾ-ਦਾਦੀ ਨਾਲ, ਜੋ ਵੀ ਘਰ ਹੁੰਦੇ ਜੀਆਂ ਦੀ ਸੁੱਖ-ਸਾਂਦ ਪਤਾ ਕਰਦੇ। ਜੇ ਕਿਸੇ ਚੀਜ਼ ਦੀ ਲੋੜ ਹੁੰਦੀ ਤਾਂ ਸਹਿਜ-ਸੁਭਾਅ ਆਖਦੇ, "ਸੁਣਿਐਂ ਐਤਕੀਂ ਕਪਾਹ ਚੰਗੀ ਹੋ ਗਈ ਏ। ਇੱਕ ਚਿੱਲੀ ਛਮਿੱਟੀਆਂ ਦੀ ਸਾਡੇ ਵੱਲ ਵੀ ਸੁਟਵਾ ਦੇਣਾ।"

ਘਰਦਿਆਂ ਆਪਣੇ ਧੰਨਭਾਗ ਸਮਝਦਿਆਂ ਦੋਵੇਂ ਹੱਥ ਜੋੜ ਕੇ 'ਸਤਿਬਚਨ' ਕਹਿਣਾ।

ਮੈਨੂੰ ਚਾਅ ਚੜ੍ਹ ਜਾਣਾ ਕਿ ਆਪਣੇ ਗੁਰੂਦੇਵ ਦੇ ਕਿਸੇ ਕੰਮ ਆ ਸਕਾਂਗੇ।

ਉਹਨਾਂ ਦਿਨਾਂ ਵਿਚ ਅਧਿਆਪਕਾਂ ਨੂੰ ਵਿਦਿਆਰਥੀ ਤੇ ਉਹਨਾਂ ਦੇ ਮਾਪੇ ਦੁੱਧ, ਦਹੀਂ-ਲੱਸੀ, ਸਾਗ, ਗੰਨੇ, ਮਕਈ ਦੀਆਂ ਦੋਧਾ-ਛੱਲੀਆਂ, ਮੌਸਮ ਦੀਆਂ ਸਬਜ਼ੀਆਂ ਤੇ ਰੁੱਤ ਦੇ ਹੋਰ ਮੇਵੇ ਭੇਟ ਕਰਨਾ ਆਪਣਾ ਧੰਨਭਾਗ ਸਮਝਦੇ ਸਨ। ਸਾਡੇ ਵਰਗੇ ਕਈ ਵਾਰ ਇਹ ਸੇਵਾ ਖ਼ੁਸ਼ੀ-ਖ਼ੁਸ਼ੀ ਆਪ ਹੀ ਕਰ ਲੈਂਦੇ ਤੇ ਕਈ ਵਾਰ ਇਹ ਸੇਵਾ ਗਿਆਨੀ ਜੀ ਵੱਲੋਂ ਵੀ ਬਖ਼ਸ਼ ਦਿੱਤੀ ਜਾਂਦੀ ਸੀ, ਜੋ ਅਸੀਂ ਤੇ ਸਾਡੇ ਮਾਪੇ ਬੜੇ ਹੀ ਚਾਅ ਨਾਲ ਪੂਰੀ ਕਰਦੇ। ਅਧਿਆਪਕ ਵੀ ਪੂਰੇ ਮਾਣ ਅਤੇ ਅਧਿਕਾਰ ਨਾਲ ਲੋੜੀਂਦੀ ਚੀਜ਼ ਬਾਰੇ ਬੱਚਿਆਂ ਨੂੰ ਜਾਂ ਉਹਨਾਂ ਦੇ ਮਾਪਿਆਂ ਨੂੰ ਆਖ ਦਿੰਦੇ ਸਨ।

ਗਿਆਨੀ ਜੀ ਦਾ ਖ਼ਾਸ ਅੰਦਾਜ਼ ਸੀ। ਉਹਨਾਂ ਨੇ ਜਮਾਤ ਵਿਚੋਂ ਕਿਸੇ ਵਿਦਿਆਰਥੀ ਨੂੰ ਕੋਲ ਬੁਲਾਉਣਾ, ਉਹਦੇ ਗਲਮੇ ਦੇ ਬਟਨ ਖੋਲ੍ਹਣਾ ਤੇ ਮੁੜ ਬੰਦ ਕਰਦਿਆਂ ਪਿਆਰ ਨਾਲ ਪੁੱਛਣਾ, "ਕੱਲ੍ਹ ਮੈਂ ਬਾਹਰ ਜਾਂਦਿਆਂ ਵੇਖਿਆ, ਤੁਹਾਡੇ ਵਾੜੇ ਵਿਚ ਖ਼ਰਬੂਜ਼ੇ ਬੜੇ ਸੋਹਣੇ ਪੱਕੇ ਸਨ। ਪੁੱਤਰਾ! ਕਿਤੇ ਉਹਨਾਂ ਦੀ ਵੰਨਗੀ ਵਿਖਾ ਛੱਡ ਕਿ ਤੇਰੇ ਬਾਪੂ ਨੂੰ ਆਖਾਂ।"

ਮੁੰਡੇ ਨੇ ਹੁੱਬ ਕੇ ਆਖਣਾ, "ਨਹੀਂ ਜੀ, ਬਾਪੂ ਨੂੰ ਪੁੱਛਣ ਦੀ ਲੋੜ ਨਹੀਂ। ਉਹ ਕੁਛ ਨ੍ਹੀਂ ਆਂਹਦਾ। ਮੈਂ ਤਕਾਲੀਂ ਘਰ ਦੇ ਆਊਂਗਾ ਜੀ।"

ਗਿਆਨੀ ਜੀ ਨੇ ਪਿੱਠ 'ਤੇ ਥਾਪੀ ਦੇਣੀ ਤੇ ਮੁੰਡੇ ਨੂੰ ਜਾ ਕੇ ਆਪਣੀ ਥਾਂ 'ਤੇ ਬਹਿ ਜਾਣ ਲਈ ਕਹਿਣਾ!

ਵੱਡੇ ਹੋਣ ਤੋਂ ਬਾਅਦ ਕਈ ਸਾਲਾਂ ਤੱਕ ਅਸੀਂ, ਉਹਨਾਂ ਦੇ ਵਿਦਿਆਰਥੀ, ਗਿਆਨੀ ਜੀ ਦੀਆਂ ਗੱਲਾਂ ਕਰ ਕੇ ਉਹਨਾਂ ਦੀ ਸ਼ਖ਼ਸੀਅਤ ਦੇ ਰੰਗਾਂ ਨੂੰ ਸ਼ਬਦਾਂ ਵਿਚ ਫੜਨ ਦੀ ਕੋਸ਼ਿਸ਼ ਕਰਦੇ ਰਹਿੰਦੇ। ਜਿਵੇਂ ਤੁਸੀਂ ਵੇਖਿਆ ਹੋਵੇਗਾ, ਗਿਆਨੀ ਜੀ ਦਾ ਤਕੀਆ-ਕਲਾਮ 'ਕੀ-ਸਦੇ' ਸੀ। ਪਤਾ ਨਹੀਂ ਇਹਦਾ ਕੀ ਅਰਥ ਸੀ, ਪਰ ਗਿਆਨੀ ਜੀ ਗੱਲ ਕਰਦਿਆਂ ਇਹਨਾਂ ਦੋ ਸ਼ਬਦਾਂ ਦੀ ਵਰਤੋਂ ਅਕਸਰ ਹੀ ਕਰਦੇ।

ਕਈ ਗੱਲਾਂ ਦਾ ਸਾਨੂੰ ਪਹਿਲੀ ਵਾਰ ਪਤਾ ਗਿਆਨੀ ਜੀ ਤੋਂ ਲੱਗਾ। ਮਸਲਨ: ਜਦੋਂ ਉਹਨਾਂ ਨੇ 'ਮੇਰਾ ਪਿੰਡ' ਨਾਂ ਦਾ ਲੇਖ ਲਿਖਵਾਇਆ ਤਾਂ ਪਿੰਡ ਦੇ ਬੱਝਣ ਦੀ ਕਹਾਣੀ, ਪਿੰਡ ਦੀਆਂ ਬਾਰਾਂ ਪੱਤੀਆਂ ਦਾ ਵੇਰਵਾ, ਏਥੇ ਹੋਏ ਮਹਾਂਪੁਰਸ਼ਾਂ ਬਾਰੇ ਮੁਢਲੀ ਜਾਣਕਾਰੀ ਤੇ ਹੋਰ ਕਿੰਨਾ ਕੁਝ, ਜਿਹੜਾ ਬਾਅਦ ਵਿਚ ਭਾਵੇਂ ਪਤਾ ਲੱਗ ਹੀ ਜਾਣਾ ਸੀ ਪਰ ਸਾਡੇ ਤੱਕ ਪਹਿਲੀ ਵਾਰ ਇਹ ਵੇਰਵੇ ਪਹੁੰਚਾਉਣ ਦਾ ਵਸੀਲਾ ਗਿਆਨੀ ਜੀ ਹੀ ਬਣੇ।

ਗੱਲ ਤਾਂ ਹਾਸੇ ਵਾਲੀ ਹੈ, ਪਰ ਇੱਕ ਹੋਰ ਗੱਲ ਵੀ ਮੈਨੂੰ ਪਹਿਲੀ ਵਾਰ ਗਿਆਨੀ ਜੀ ਰਾਹੀਂ ਪਤਾ ਲੱਗੀ। ਉਹ ਕਦੀ ਕਦੀ ਵਿਦਿਆਰਥੀਆਂ ਨੂੰ ਆਪਣੇ ਘਰੋਂ ਦੁਪਹਿਰ ਦਾ ਖਾਣਾ ਲਿਆਉਣ ਲਈ ਆਖਦੇ। ਇਕ ਦਿਨ ਜਦ ਉਹਨਾਂ ਮੈਨੂੰ ਤੇ ਮੇਰੇ ਨਾਲ ਇਕ ਹੋਰ ਸਾਥੀ ਨੂੰ ਘਰੋਂ ਰੋਟੀ ਲਿਆਉਣ ਲਈ ਕਿਹਾ ਤਾਂ ਅਸੀਂ ਭੱਜੇ ਭੱਜੇ ਉਹਨਾਂ ਦੇ ਘਰ ਪਹੁੰਚੇ। ਮਾਤਾ ਜੀ ਨੇ ਵੱਡੇ ਕੌਲ ਵਿਚ ਸਬਜ਼ੀ ਪਾ ਕੇ ਲੱਪ ਭਰ ਕੇ ਮਖਣੀ ਪਾਈ। ਨਾਲ ਦਹੀਂ ਦਾ ਕੌਲਾ ਰੱਖਿਆ। ਫਿਰ ਉਹਨਾਂ ਸਰਪੋਸ਼ ਵਿਚੋਂ ਚਿੱਟੇ ਪੋਣੇ ਵਿਚੋਂ ਘਿਉ ਨਾਲ ਤਰ-ਬ-ਤਰ ਛੋਟੇ-ਛੋਟੇ ਫੁਲਕੇ ਥਾਲ਼ ਵਿਚ ਰੱਖੇ ਤਾਂ ਏਨੇ ਨਿੱਕੇ ਫ਼ੁਲਕੇ ਵੇਖ ਕੇ ਮੈਂ ਹੈਰਾਨ ਰਹਿ ਗਿਆ। ਸਾਡੇ ਘਰਾਂ ਵਿਚ ਤਾਂ ਵੱਡੀਆਂ ਸੱਬਰ-ਕੱਤੀਆਂ ਰੋਟੀਆਂ ਪੱਕਦੀਆਂ ਸਨ। ਸੋ 'ਏਨੇ ਨਿੱਕੇ ਫ਼ੁਲਕਿਆਂ ਦੇ' ਪਹਿਲੀ ਵਾਰ ਦਰਸ਼ਨ-ਦੀਦਾਰੇ ਵੀ ਗਿਆਨੀ ਜੀ ਦੀ ਬਦੌਲਤ ਹੋਏ।

ਰਾਹ ਜਾਂਦਿਆਂ ਮੇਰੇ ਨਾਲ ਦਾ ਮੁੰਡਾ ਕਹਿੰਦਾ, "ਕਿੰਨੀਆਂ ਨਿੱਕੀਆਂ ਨਿੱਕੀਆਂ ਰੋਟੀਆਂ

ਨੇ ਉਏ ! ਇਹ ਤਾਂ ਇਕ ਰੋਟੀ ਦੀਆਂ ਦੋ ਬੁਰਕੀਆਂ ਹੋਣਗੀਆਂ ਮਸਾਂ !"

ਜਿਵੇਂ ਪਿੱਛੇ ਇਸ਼ਾਰਾ ਕੀਤਾ ਗਿਆ ਸੀ, ਗਿਆਨੀ ਨਿਰੰਜਣ ਸਿੰਘ ਅਜਿਹੇ ਅਧਿਆਪਕ ਸਨ ਜਿਨ੍ਹਾਂ ਦਾ ਇਸ ਗੱਲ ਉੱਤੇ ਜ਼ੋਰ ਹੁੰਦਾ ਕਿ ਪੰਜਾਬੀ ਦੀ ਸੰਬੰਧਤ ਸ਼੍ਰੇਣੀ ਦੀ ਪਾਠ-ਪੁਸਤਕ ਦਾ ਹਰੇਕ ਲੇਖ, ਕਵਿਤਾ ਅਤੇ ਕਹਾਣੀ ਸਾਨੂੰ ਜ਼ਬਾਨੀ ਯਾਦ ਹੋਣੀ ਚਾਹੀਦੀ ਹੈ ਅਤੇ ਉਹ ਇਸ ਗੱਲ ਉੱਤੇ ਡਟਵਾਂ ਪਹਿਰਾ ਦੇ ਕੇ ਸਾਨੂੰ ਪਾਠ-ਪੁਸਤਕ ਯਾਦ ਕਰਵਾਉਂਦੇ ਵੀ। ਉਸ ਵੇਲੇ ਦੀਆਂ ਯਾਦ ਕੀਤੀਆਂ ਅਨੇਕਾਂ ਕਵਿਤਾਵਾਂ ਅਜੇ ਵੀ ਮੇਰੇ ਚੇਤੇ ਵਿੱਚੋਂ ਪਾਣੀ ਵਾਂਗ ਵਹਿ ਨਿਕਲਦੀਆਂ ਹਨ। ਖ਼ਾਸ ਤੌਰ 'ਤੇ ਬਾਬਾ ਫ਼ਰੀਦ ਦੇ ਸਲੋਕ ਤਾਂ ਉਦੋਂ ਤੋਂ ਮਨ-ਮਸਤਕ ਵਿਚ ਬੈਠੇ ਹਨ ਤੇ ਉਹਨਾਂ ਵਿਚਲਾ ਸੁਨੇਹਾ ਵੀ।

ਜਿਵੇਂ ਗਿਆਨੀ ਜੀ ਕਿਸੇ ਸਲੋਕ ਦੇ ਦੋ ਸ਼ਬਦ ਬੋਲਣ 'ਤੇ ਅਗਲਾ ਸਾਰਾ ਸਲੋਕ ਆਪ ਹੀ ਬੋਲ ਪੈਂਦੇ ਸਨ, ਇੰਞ ਹੀ ਅੱਗੇ ਲਿਖੀਆਂ (ਵਾਗਾਂ ਛੱਡ ਦੇ ਹੰਝੂਆਂ ਵਾਲੀਏ ਨੀ ਪੈਰ ਧਰਨ ਦੇ ਮੈਨੂੰ ਰਕਾਬ ਉੱਤੇ, ਸਾਡੇ ਖੂਹ 'ਤੇ ਵੱਸਦਾ ਰੱਬ ਨੀਂ, ਕੱਕਰੀ ਰਾਤ ਸਿਆਲ ਦੀ ਵਰਤੀ ਸੁੰਞ-ਮਸਾਣ, ਅਸ਼ਕੇ ਤੇਰੇ ਅਯਾਲੀ ਬਾਬਾ, ਸਾਉਣ ਮਾਹ ਆਇਆ ਗਰਮੀ ਝਾੜ ਸੁੱਟੀ ਧਰਤੀ ਪੁੰਗਰੀ ਮਹਿਕੀਆਂ ਡਾਲੀਆਂ ਨੇ, ਸਾਹਿਬ ਕੌਰ ਨੇ ਆਖਿਆ ਅੰਟਾ ਰਾਉ ਤਾਣੀ, ਅਕਬਰ ਨੂੰ ਦਰਬਾਰ ਬੈਠਿਆਂ ਤੇਹ ਨੇ ਬੜਾ ਸਤਾਇਆ) ਤੇ ਅਜਿਹੀਆਂ ਹੋਰ ਦਰਜਨਾਂ ਕਵਿਤਾਵਾਂ ਦੀ ਪਹਿਲੀ ਸਤਰ ਬੋਲਣ 'ਤੇ ਹੀ ਸੰਬੰਧਤ ਕਵਿਤਾ ਦੀਆਂ ਅਗਲੀਆਂ ਸਤਰਾਂ ਫਰਨ-ਫਰਨ ਮੇਰੇ ਮੂੰਹੋਂ ਨਿਕਲਣ ਲੱਗਦੀਆਂ ਨੇ।

ਜ਼ਬਾਨੀ ਯਾਦ ਕੀਤੀਆਂ ਅਤੇ ਵਾਰ ਵਾਰ ਦੁਹਰਾਈਆਂ ਅਤੇ ਸੁਣਾਈਆਂ ਜਾਣ ਵਾਲੀਆਂ ਇਹਨਾਂ ਕਵਿਤਾਵਾਂ ਦੀ ਬਦੌਲਤ ਹੀ ਮੇਰਾ ਕਵਿਤਾ ਨਾਲ ਪਿਆਰ ਪਿਆ ਤੇ ਮੈਨੂੰ ਕਵਿਤਾ ਦੇ ਮੀਟਰ, ਬਹਿਰ ਅਤੇ ਵਜ਼ਨ ਦੀ ਵੀ ਸਹਿਜ-ਸੋਝੀ ਮਿਲ ਗਈ। ਬਿਨਾਂ ਕਿਸੇ ਬਾਕਾਇਦਾ ਸਿੱਖਿਆ ਦੇ ਮੈਨੂੰ ਕਵਿਤਾ ਵਿੱਚ ਵਜ਼ਨ ਦੀ ਘਾਟ-ਵਾਧ ਦਾ ਤੁਰੰਤ ਪਤਾ ਚੱਲ ਜਾਂਦਾ ਹੈ।

ਰਚਨਾ ਨੂੰ ਜ਼ਬਾਨੀ ਯਾਦ ਕਰਨ ਨਾਲ ਹਰੇਕ ਸ਼ਬਦ ਅਤੇ ਵਾਕ ਨੂੰ ਨੇੜਿਓਂ ਜਾ ਕੇ ਮਿਲਣ, ਸਮਝਣ ਅਤੇ ਮਾਨਣ ਦਾ ਮੌਕਾ ਮਿਲਦਾ। ਸ਼ਬਦਾਂ ਦੇ ਏਨਾ ਨੇੜਿਉਂ ਦੀਦਾਰ ਕਰਨ ਕਰ ਕੇ ਅਤੇ ਹਰ ਪਲ ਯਾਦ ਵਿੱਚ ਵੱਸੇ ਹੋਣ ਕਰਕੇ, ਪ੍ਰਾਪਤ ਹੋਈ 'ਸ਼ਬਦਾਂ ਦੀ ਰਹੱਸਮਈ ਤਾਕਤ' ਨੂੰ ਵੀ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ। ਅਠਵੀਂ ਵਿੱਚ ਪੜ੍ਹਦਾ ਸਾਂ ਜਦੋਂ ਸ਼ਹੀਦ ਭਗਤ ਸਿੰਘ ਨਾਲ ਸੰਬੰਧਤ ਇੱਕ ਲੇਖ ਪਾਠ-ਪੁਸਤਕ ਵਿੱਚੋਂ ਪੜ੍ਹਿਆ ਅਤੇ ਯਾਦ ਕਰਦਿਆਂ ਮੈਂ ਸ਼ਬਦਾਂ ਦੇ ਰਾਹੀਂ ਭਗਤ ਸਿੰਘ ਦੇ ਏਨਾ ਨੇੜੇ ਚਲਾ ਗਿਆ ਕਿ ਇੱਕ ਮਹਾਂਨਾਇਕ ਵਾਂਗ ਉਹ ਮੇਰੇ ਅੰਦਰ ਵੱਸ ਗਿਆ। ਗ਼ਲਤ ਨਿਜ਼ਾਮ ਨੂੰ ਬਦਲਣ ਦੀ ਤਾਂਘ ਰੱਖਣ ਅਤੇ ਲੋੜੀਂਦਾ ਕਰਮ ਕਰਨ ਦੀ ਪਹਿਲੀ ਚੰਗਿਆੜੀ ਮੇਰੇ ਅੰਦਰ ਇਸ ਲੇਖ ਨੇ ਪੈਦਾ ਕੀਤੀ। ਸ਼ਾਇਦ ਇਹ ਚਿਣਗ ਨਾ ਜਾਗਦੀ ਜਾਂ ਕਿਤੇ ਬਹੁਤ ਪਿੱਛੋਂ ਜਾ ਕੇ ਜਾਗਦੀ ਜੇ ਗਿਆਨੀ ਨਿਰੰਜਣ ਸਿੰਘ ਹੁਰਾਂ ਦੀ ਬਦੌਲਤ ਮੈਂ ਸ਼ਬਦ ਦੇ ਏਨਾ ਨੇੜੇ ਨਾ ਪੁੱਜਦਾ ਅਤੇ ਉਹ ਸ਼ਬਦ ਮੇਰੀ ਯਾਦ-ਤਖ਼ਤੀ 'ਤੇ, ਮੇਰੇ ਮਨ-ਮਸਤਕ ਉੱਤੇ ਮੈਨੂੰ ਹਮੇਸ਼ਾ ਲਿਖੇ ਦਿਖਾਈ ਨਾ ਦਿੰਦੇ ਰਹਿੰਦੇ; ਉਹਨਾਂ ਨੂੰ ਯਾਦ ਕਰਨ ਲਈ ਵਾਰ ਵਾਰ ਰੱਟਾ ਨਾ ਲਾਉਂਦਾ ਅਤੇ ਹੌਲੀ ਹੌਲੀ ਯਾਦ ਕੀਤੇ ਨੂੰ ਆਪਣੀ ਆਤਮਾ ਦਾ ਹਿੱਸਾ ਨਾ ਬਣਾ ਲੈਂਦਾ!

ਗਿਆਨੀ ਨਿਰੰਜਣ ਸਿੰਘ ਜਦੋਂ ਕੋਈ ਲੇਖ ਜਾਂ ਅਰਜ਼ੀ ਲਿਖਵਾਉਂਦੇ ਤਾਂ ਕਾਪੀਆਂ

ਚੁਕਵਾ ਕੇ ਆਪਣੇ ਘਰ ਲੈ ਜਾਂਦੇ। 'ਕੱਲ੍ਹੇ 'ਕੱਲ੍ਹੇ ਮੁੰਡੇ ਦੀ ਕਾਪੀ ਵੇਖਦੇ। ਇੱਕ ਇੱਕ ਅੱਖਰ ਪੜ੍ਹਦੇ ਤੇ ਲਾਲ ਪੈੱਨ ਨਾਲ ਸ਼ਬਦ-ਜੋੜਾਂ, ਕੌਮਿਆਂ, ਬਿੰਦੀਆਂ-ਟਿੱਪੀਆਂ ਦੀਆਂ ਗ਼ਲਤੀਆਂ ਲਾਉਂਦੇ। ਫਿਰ ਕਿਸੇ ਦਿਨ ਕਾਪੀਆਂ ਮੰਗਵਾ ਕੇ ਜਮਾਤ ਦੇ ਮੇਜ਼ ਉੱਤੇ ਰੱਖਦੇ। ਹਰੇਕ ਮੁੰਡੇ ਨੂੰ ਵਾਰੀ ਵਾਰੀ ਕੋਲ ਬੁਲਾਉਂਦੇ, ਗ਼ਲਤੀਆਂ ਵਿਖਾਉਂਦੇ ਤੇ ਠੀਕ ਕਰਨ ਦਾ ਵੱਲ ਸਮਝਾਉਂਦੇ ਤੇ ਕਿਸੇ ਕਿਸੇ ਖ਼ਰ-ਦਿਮਾਗ਼ ਨੂੰ ਚਪੇੜਾਂ ਦਾ ਪ੍ਰਸ਼ਾਦ ਵੀ ਛਕਾਉਂਦੇ। ਪੰਜਾਬੀ ਨੂੰ ਸ਼ੁਧ ਅਤੇ ਧਿਆਨ ਨਾਲ ਪੜ੍ਹਨ-ਲਿਖਣ ਪਿੱਛੇ ਉਹਨਾਂ ਦੀ ਦੇਣ ਨੂੰ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ।

ਅੱਜ ਜਦੋਂ ਪੀਐੱਚਡੀ ਦੀ ਡਿਗਰੀ ਵਾਲਿਆਂ ਦੀ ਲਿਖੀ ਅਸ਼ੁਧ ਪੰਜਾਬੀ ਵੇਖੀਦੀ ਹੈ ਤਾਂ ਗਿਆਨੀ ਨਿਰੰਜਨ ਸਿੰਘ ਹੁਰਾਂ ਦੀ ਕੀਮਤ ਦਾ ਪਤਾ ਲੱਗਦਾ ਹੈ। ਕਾਸ਼! ਕਿਤੇ ਇਹਨਾਂ 'ਵਿਦਵਾਨਾਂ' ਨੂੰ ਵੀ ਸਕੂਲ ਵਿਚ ਗਿਆਨੀ ਨਿਰੰਜਨ ਸਿੰਘ ਵਰਗਾ ਅਧਿਆਪਕ ਮਿਲਿਆ ਹੁੰਦਾ!

ਗਿਆਨੀ ਜੀ ਦੀ ਸ਼ਖ਼ਸੀਅਤ ਬਹੁ-ਰੰਗੀ ਸੀ। ਬਹੁਤ ਵਿਦਿਆਰਥੀਆਂ ਨੂੰ ਬਹੁਤ ਪਿਆਰ ਵੀ ਕਰਦੇ ਤੇ ਗੁਸਤਾਖ਼ੀ ਕਰਨ 'ਤੇ ਖੜਕਾਈ ਵੀ ਪੂਰੀ ਕਰਦੇ! ਨਿਮਰਤਾ ਵੀ ਪੂਰੀ, ਸਖ਼ਤੀ ਵੀ ਪੂਰੀ। ਬੋਲਾਂ ਵਿਚ ਜਿੱਥੇ ਵੇਲੇ ਮੁਤਾਬਕ ਗੁਰਮੁਖਾਂ ਵਾਲਾ ਸਹਿਜ ਤੇ ਸੁਹਜ, ਓਥੇ ਖ਼ਾਸ ਮੌਕਿਆਂ 'ਤੇ ਉਹਨਾਂ ਦੀ ਉਚਾਰਣੀ ਭਾਸ਼ਾ ਦਾ ਰੰਗ ਵੀ ਮਾਨਣ ਯੋਗ ਹੁੰਦਾ!

ਉਹਨਾਂ ਦੇ ਵਿਦਿਆਰਥੀਆਂ ਨੂੰ ਝਿੜਕਦੇ ਬੋਲਾਂ ਵਿੱਚ ਅਜੀਬ ਰੰਗੀਨੀ ਅਤੇ ਹਾਸ-ਵਿਅੰਗ ਹੁੰਦਾ। ਉਹ 'ਕੀ ਸਦੇ' ਤਕੀਆ-ਕਲਾਮ ਦੀ ਵਰਤੋਂ ਕਰਦਿਆਂ ਕਦੀ ਕਦੀ ਗੁੱਸੇ ਵਿਚ 'ਭੂਤਨੀ ਦਿਆ' ਕਹਿ ਕੇ ਗੱਲ ਸ਼ੁਰੂ ਕਰਦੇ।

ਕਈ ਸਾਲ ਗੁਜ਼ਰ ਜਾਣ ਬਾਅਦ ਵੀ ਜਦੋਂ ਅਸੀਂ ਪੁਰਾਣੇ ਜਮਾਤੀ ਕਿਤੇ ਮਿਲਦੇ ਤੇ ਸਕੂਲ ਵੇਲੇ ਦੀਆਂ ਗੱਲਾਂ ਕਰਦੇ ਤਾਂ ਗਿਆਨੀ ਨਿਰੰਜਣ ਸਿੰਘ ਦੀਆਂ ਝਿੜਕਾਂ ਦਾ ਭਾਸ਼ਾਈ-ਮੁਹਾਵਰਾ ਦੁਹਰਾ ਕੇ ਸਵਾਦ ਲੈਂਦੇ। ਮਸਲਨ: ਇੱਕ ਵਾਰ ਸਾਡਾ ਜਮਾਤੀ ਅਤਰ ਸਿੰਘ ਉਹਨਾਂ ਦੇ ਪੀਰੀਅਡ ਵਿੱਚ ਗੱਲਾਂ ਕਰਨੋਂ ਨਾ ਹਟੇ। ਗਿਆਨੀ ਜੀ ਨੇ ਉਸਨੂੰ ਵਰਜਿਆ, "ਉਏ ਭੂਤਨੀ ਦਿਆ ਅਤਰਿਆ! ਕੀ ਸਦੇ, ਤੂੰ ਕੀ ਕੁਕੜੀ ਦੀ ਤਰ੍ਹੇ ਕੁੜ ਕੁੜ ਲਾਈ ਹੋਈ ਏ। ਆਰਾਮ ਨਾਲ ਬੈਠ। ਨਹੀਂ ਤਾਂ ਮੈਂ ਤੇਰੇ, ਕੀ ਸਦੇ, ਓਥੇ ਮਾਰਾਂਗਾ, ਜਿੱਥੋਂ ਘਰ ਜਾ ਕੇ ਜਾ ਕੇ ਮਾਂ ਨੂੰ ਵੀ ਵਿਖਾਉਣ ਜੋਗਾ ਨਾ ਰਹਵੇਂ।" ਪਰ ਅਤਰ ਸਿੰਘ 'ਅਰਾਮ ਨਾਲ' ਨਾ ਬੈਠਿਆ ਤੇ ਕੁਝ ਪਲਾਂ ਬਾਅਦ ਫਿਰ 'ਕੁੜ-ਕੁੜ' ਸ਼ੁਰੂ ਕਰ ਦਿੱਤੀ ਤਾਂ ਗਿਆਨੀ ਨੇ ਭਾਸ਼ਾਈ-ਬਾਣ ਛੱਡਿਆ, "ਉਏ ਭੂਤਨੀ ਦਿਆ! ਕੀ ਸਦੇ, ਮੈਂ ਤੈਨੂੰ ਕੁੜ-ਕੁੜ ਬੰਦ ਕਰਨ ਲਈ ਕਿਹਾ; ਪਰ ਤੂੰ ਸਗੋਂ ਮੱਛਰਦਾ ਹੀ ਜਾਂਦੈ। ਤੂੰ ਸਮਝਦੈਂ ਕਿ ਟਟਿਆਹੁਲੀ ਦੀ ਤਰ੍ਹੇ, ਕੀ ਸਦੇ, ਤੂੰ ਹੀ ਅਸਮਾਨ ਆਪਣੀਆਂ ਟੰਗਾਂ ਤੇ ਖੜ੍ਹਾ ਕੀਤਾ ਹੋਇਐ। ਟਟਿਆਹੁਲੀ ਵੀ ਇੰਵ ਹੀ ਸਮਝਦੀ ਸੀ ਤੇ ਟੰਗਾਂ ਅਸਮਾਨ ਵੱਲ ਕਰਕੇ ਪਈ ਹੋਈ ਸੀ; ਪਰ ਜਦੋਂ ਕਾਂ ਨੇ ਆ ਕੇ 'ਓਥੇ' ਕਰਕੇ ਚੁੰਝ ਮਾਰੀ ਤਾਂ ਫਿਰ ਕਰਦੀ ਫਿਰੇ, 'ਆਏ, ਕੀ ਕੀਤਾ! ਹਾਏ, ਕੀ ਕੀਤਾ'। ਫਿਰ ਜੁ; ਭੂਤਨੀ ਦਿਆ ਅਤਰਿਆ! ਕੀ ਸਦੇ, ਟਟਿਆਹੁਲੀ ਦੀ ਤਰ੍ਹੇ, ਕੀ ਸਦੇ, ਕਰਦਾ ਫਿਰੇਂਗਾ, 'ਆਏ ਕੀ ਕੀਤਾ! ਹਾਏ ਕੀ ਕੀਤਾ' ; ਹੁਣੇ ਅਰਾਮ ਨਾਲ ਬੈਠ ਖਾਂ ਉਏ।"

ਇਸਤੋਂ ਬਾਅਦ ਅਤਰ ਨੇ ਉਸਦੀ ਜਮਾਤ ਵਿੱਚ ਮੁੜ ਕਦੀ 'ਕੁੜ-ਕੁੜ' ਨਾ ਕੀਤੀ।

ਇੱਕ ਵਾਰ ਗਿਆਨੀ ਨੇ ਵਿਦਿਆਰਥੀਆਂ ਤੋਂ ਆਮ ਪੁੱਛਿਆ ਜਾਣ ਵਾਲਾ ਸਵਾਲ ਕੀਤਾ, 'ਤੁਸੀਂ ਵੱਡੇ ਹੋ ਕੇ ਕੀ ਬਣਨਾ ਚਾਹੁੰਦੇ ਹੋ?' ਸਾਰਿਆਂ ਨੇ ਆਪੋ ਆਪਣਾ ਜਵਾਬ ਦਿੱਤਾ।

ਮੈਨੂੰ ਆਪਣਾ ਜਵਾਬ ਤਾਂ ਚੇਤੇ ਨਹੀਂ ਰਿਹਾ ਪਰ ਜੋਗਿੰਦਰ ਦਾ ਜਵਾਬ ਯਾਦ ਹੈ, ਜਿਸਨੇ ਕਿਹਾ ਸੀ, "ਮਾਸਟਰ ਜੀ ਮੈਂ ਟਰੱਕ ਡਰੈਵਰ ਬਣਨਾ ਚਾਹੁੰਦਾ ਹਾਂ।" ਸਾਰੀ ਜਮਾਤ ਖਿੜ-ਖਿੜਾ ਕੇ ਹੱਸ ਪਈ। ਜੋਗਿੰਦਰ ਵੱਡੀ ਸਾਰੀ ਢਿੱਲੜ ਜਿਹੀ ਪੱਗ ਬੰਨ੍ਹਦਾ ਜਿਸਦੇ ਆਖ਼ਰੀ ਪੱਲੇ ਨੂੰ ਉਹ ਕੁਝ ਇਸਤਰ੍ਹਾਂ ਵਲ੍ਹੇਟਦਾ ਕਿ ਉਸਦੀ ਸੱਜੀ ਅੱਖ ਅੱਧੀ ਕੁ ਕੱਜੀ ਰਹਿੰਦੀ। ਆਪਣੀ ਜ਼ਿੰਦਗੀ ਦਾ ਭਵਿੱਖੀ-ਸੁਪਨਾ ਸੁਣਾ ਕੇ ਹਟੇ ਜੋਗਿੰਦਰ ਨੂੰ ਅਜੇ ਕੁੱਝ ਚਿਰ ਹੀ ਹੋਇਆ ਸੀ ਕਿ ਗਿਆਨੀ ਨੇ ਕੱਲ੍ਹ ਪੜ੍ਹਾਏ ਫ਼ਰੀਦ ਦੇ ਸਲੋਕਾਂ ਦੇ ਅਰਥ, ਵਿਦਿਆਰਥੀਆਂ ਕੋਲੋਂ, ਸੁਣਨੇ ਸ਼ੁਰੂ ਕਰ ਦਿੱਤੇ। ਜੋਗਿੰਦਰ ਦੀ ਵਾਰੀ ਆਈ ਤਾਂ ਉਹ ਸਲੋਕਾਂ ਦੇ ਅਰਥ ਨਾ ਕਰ ਸਕਿਆ। ਗਿਆਨੀ ਨੇ ਉਸਨੂੰ ਕੋਲ ਸੱਦਿਆ ਅਤੇ ਅੱਖ 'ਤੇ ਸਰਕ ਆਏ ਉਸਦੀ ਪੱਗ ਦੇ ਪੱਲੇ ਨੂੰ ਉਤਾਂਹ ਕਰਕੇ ਉਸਦੇ ਕੰਨ ਨੂੰ ਫੜ ਕੇ ਜ਼ੋਰ ਦੀ ਹਲੂਣਦਿਆਂ ਕਹਿੰਦਾ, "ਭੂਤਨੀ ਦਿਆ, ਕੀ ਸਦੇ, ਕੀ ਕਹਿੰਦੈਂ, ਟਰੱਕ ਡਰੈਵਰ ਬਣਨੈਂ?" ਫਿਰ ਉਸਨੇ ਉਸਦੀ ਢਿੱਲੜ ਜਿਹੀ ਪੱਗ ਨੂੰ ਹੋਰ ਉਤਾਂਹ ਕਰਦਿਆਂ ਉਸਦੀ ਗੱਲ੍ਹ ਨੰਗੀ ਕੀਤੀ ਤੇ ਜ਼ੋਰ ਦੀ ਚਪੇੜ ਉਹਦੇ ਮੂੰਹ 'ਤੇ ਮਾਰ ਕੇ ਕਹਿੰਦੇ, "ਭੂਤਨੀ ਦਿਆ! ਕੀ ਸਦੇ, ਆਹ ਹਵਾਈ ਜਹਾਜ਼ ਜਿਹਾ ਤਾਂ ਅੱਖਾਂ ਤੋਂ 'ਤਾਂਹ ਕਰਕੇ ਰੱਖ। ਐਵੇਂ ਕਿਤੇ ਗੱਡੀ ਖੱਡਿਆਂ 'ਚ ਮਾਰੇਂਗਾ। ਅਖ਼ੇ: ਮੈਂ ਟਰੱਕ ਡਰੈਵਰ ਬਣਨੈਂ। ਟਰੱਕ ਡਰੈਵਰ ਬਣਨੈਂ। ਕੁਝ ਵੱਡਾ ਨਾ ਸੋਚੀਂ!"

ਠੀਕ ਤਰ੍ਹਾਂ ਸਬਕ ਨਾ ਸੁਣਾ ਸਕਣ ਤੋਂ ਇਲਾਵਾ ਉਹਨਾਂ ਨੂੰ ਇਸ ਗੱਲ ਦੀ ਵੀ ਖਿਝ ਸੀ ਕਿ ਉਸਦੇ ਵਿਦਿਆਰਥੀ ਨੇ ਭਵਿੱਖ ਦਾ ਕੋਈ ਵੱਡਾ ਸੁਪਨਾ ਕਿਉਂ ਨਹੀਂ ਲਿਆ! ਕੁਝ ਵੀ ਸੀ, ਗਿਆਨੀ ਨਿਰੰਜਣ ਸਿੰਘ ਦੇ ਟੇਢੇ ਬੋਲਾਂ ਵਿੱਚ ਲੁਕੇ ਹਾਸ-ਵਿਅੰਗ ਦਾ ਮੇਰੇ ਅਵਚੇਤਨ ਦਾ ਵੀ ਕੋਈ ਹਿੱਸਾ ਬਣ ਜਾਣਾ ਅਸਲੋਂ ਝੂਠ ਨਹੀਂ ਹੋ ਸਕਦਾ।

ਸ਼ਾਇਦ ਇਹੋ ਕਾਰਨ ਸੀ ਕਿ ਉਹਨਾਂ ਨੇ ਆਪਣੇ ਬੱਚਿਆਂ ਨੂੰ ਚੰਗੀ ਵਿਦਿਆ ਦਿਵਾਈ। ਉਹਨਾ ਦੇ ਘਰ ਤਿੰਨ ਧੀਆਂ ਤੇ ਚਾਰ ਪੁੱਤਰਾਂ ਨੇ ਜਨਮ ਲਿਆ। ਤਰਤੀਬਵਾਰ ਉਹਨਾਂ ਦੇ ਬੱਚਿਆਂ ਦੇ ਨਾਂ ਹਨ: ਚਰਨਜੀਤ ਕੌਰ, ਗੁਰਵੰਤਜੀਤ ਕੌਰ, ਸਵਰਨ ਸਿੰਘ (ਰਿਟਾਇਰਡ ਪ੍ਰਿੰਸੀਪਲ), ਗੁਰਚਰਨ ਸਿੰਘ (ਰਿਟਾਇਰਡ ਜਾਇੰਟ ਡਾਇਰੈਕਟਰ ਲੋਕ ਸੰਪਰਕ ਵਿਭਾਗ), ਕ੍ਰਿਸ਼ਨ ਕਿਰਪਾਲ ਸਿੰਘ (ਰਿਟਾਇਰਡ ਇੰਜੀਨੀਅਰ ਪੰਜਾਬ ਰਾਜ ਬਿਜਲੀ ਬੋਰਡ), ਰਵਿੰਦਰਪਾਲ ਸਿੰਘ (ਸਵਰਗਵਾਸੀ, ਇੰਸਪੈਕਟਰ ਪੰਜਾਬ ਪੁਲਿਸ) ਤੇ ਸਭ ਤੋਂ ਛੋਟੀ ਬੇਟੀ ਗੁਰਦੀਪ ਕੌਰ (ਰਿਟਾਇਰਡ ਹੋਮ-ਸਾਇੰਸ ਮਿਸਟਰੈੱਸ)। ਵੱਡੀਆਂ ਦੋਵਾਂ ਧੀਆਂ ਨੇ ਨੌਕਰੀ ਭਾਵੇਂ ਕੋਈ ਨਾ ਕੀਤੀ, ਪਰ ਵਿਦਿਆ ਉਹਨਾਂ ਵੀ ਹਾਸਲ ਕੀਤੀ। ਇਹਨਾਂ ਦੋਵਾਂ ਧੀਆਂ ਦਾ ਵਿਆਹ ਗਿਆਨੀ ਜੀ ਦੀ ਸੁਰ ਸਿੰਘ ਦੀ ਠਹਿਰ ਵਿਚ ਹੀ ਹੋਇਆ। ਵੱਡੀ ਧੀ ਚਰਨਜੀਤ ਕੌਰ ਦਾ ਵਿਆਹ ਗੋਇੰਦਵਾਲ ਸਾਹਿਬ ਦੇ ਬਾਵਾ ਪਰਿਵਾਰ ਦੇ ਲੜਕੇ ਨਾਲ ਹੋਇਆ ਤੇ ਛੋਟੀ ਗੁਰਵੰਤਜੀਤ ਕੌਰ ਦਾ ਵਿਆਹ ਗੁਰੂ ਅੰਗਦ ਸਾਹਿਬ ਦੀ ਅੰਸ ਵਿਚੋਂ ਖਡੂਰ ਸਾਹਿਬ ਦੇ ਲੜਕੇ ਨਾਲ ਕੀਤੀ। ਇਹਨਾਂ ਦੋਵਾਂ ਧੀਆਂ ਦੇ ਜਿੱਥੇ ਰਿਸ਼ਤੇ ਕੀਤੇ ਗਏ, ਉਸਤੋਂ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਗਿਆਨੀ ਜੀ ਕਿਸ ਅੰਦਾਜ਼ ਨਾਲ ਗੁਰੂ ਸਾਹਿਬਾਨ ਦੇ ਨਜ਼ਦੀਕ ਵੱਸਦੇ ਜਾਂ ਵੱਸੇ ਰਹਿਣਾ ਚਾਹੁੰਦੇ ਸਨ।

ਅਸਲ ਵਿਚ ਗਿਆਨੀ ਜੀ ਦਾ ਸਾਰਾ ਜੀਵਨ ਜਿੱਥੇ ਗੁਰਮੁਖ ਰੁਚੀਆਂ ਵਾਲਾ ਸੀ, ਓਥੇ ਨਿਰੰਤਰ ਸੰਘਰਸ਼ ਦਾ ਪ੍ਰਤੀਕ ਵੀ ਸੀ। ਗਿਆਨੀ ਜੀ ਦੱਸਿਆ ਕਰਦੇ ਸਨ ਕਿ ਉਹਨਾਂ ਦੇ ਪਿਤਾ ਜੀ ਜ਼ਰੂਰ ਉੱਚਕੋਟੀ ਦੇ ਵੈਦ ਜਾਂ ਹਕੀਮ ਰਹੇ ਹੋਣਗੇ ਕਿਉਂਕਿ ਉਹਨਾਂ ਦੀਆਂ ਹੱਥ-ਲਿਖਤ ਅੱਠ-ਦਸ ਕਿਤਾਬਾਂ ਉਹਨਾਂ ਦੇ ਮੁਲਤਾਨ ਵਾਲੇ ਘਰ ਵਿਚ ਪਈਆਂ ਹੁੰਦੀਆਂ ਸਨ। ਉਹਨਾਂ ਦੇ ਪਿਤਾ ਜੀ ਦਾ ਇੱਟਾਂ ਪਕਾਉਣ ਵਾਲਾ ਭੱਠਾ ਸੀ। ਪਰ ਕਰਨੀ 'ਰੱਬ' ਦੀ ਕਿ ਹੇਠ-ਉੱਤੇ ਦੋ ਵਾਰ

ਭੱਠਾ ਬੈਠ ਗਿਆ। ਬਹੁਤ ਸਾਰਾ ਆਰਥਕ ਨੁਕਸਾਨ ਹੋਣ ਕਰ ਕੇ ਪਿਤਾ ਸੋਢੀ ਫ਼ਕੀਰਦਾਸ ਸਦਮੇ ਨਾਲ ਸਵਰਗ ਸਿਧਾਰ ਗਏ। ਉਦੋਂ ਅਜੇ ਬਾਲ ਨਿਰੰਜਨ ਸਿੰਘ ਪ੍ਰਾਇਮਰੀ ਜਮਾਤ ਦਾ ਵਿਦਿਆਰਥੀ ਸੀ। ਇਹ ਉਹ ਦਿਨ ਸਨ ਜਦੋਂ ਅੰਗਰੇਜ਼ਾਂ ਨੂੰ ਪਹਿਲੇ ਸੰਸਾਰ-ਯੁਧ ਲਈ ਸਿਪਾਹੀਆਂ ਦੀ ਭਰਤੀ ਦੀ ਲੋੜ ਸੀ। ਪੁਲਿਸ ਇੰਸਪੈਕਟਰ ਸ ਅਨੂਪ ਸਿੰਘ ਇਹਨਾਂ ਦੇ ਪਿੰਡ ਭਰਤੀ ਲਈ ਪੁੱਜੇ। ਨਿਰੰਜਨ ਸਿੰਘ ਦਾ ਵੱਡਾ ਭਰਾ ਅਮਰੀਕ ਸਿੰਘ ਮਾਤਾ ਜੀ ਨੇ ਲੁਕਣ ਲਈ ਖੇਤਾਂ ਵਿਚ ਭੇਜ ਦਿੱਤਾ। ਅਨੂਪ ਸਿੰਘ ਨੂੰ ਮਾਤਾ ਨੇ ਕਿਹਾ, "ਮੇਰਾ ਤਾਂ ਇੱਕ ਹੀ ਲੜਕਾ ਹੈ। ਛੋਟਾ ਹੈ। ਭਰਤੀ ਜੋਗਾ ਨਹੀਂ। ਉਹ ਪੜ੍ਹਨਾ ਚਾਹੁੰਦਾ ਹੈ। ਬਾਪ ਇਹਦਾ ਹੈ ਨਹੀਂ।"

ਪਤਾ ਨਹੀਂ ਮਾਂ ਦੇ ਬੋਲਾਂ ਦਾ ਕੀ ਅਸਰ ਹੋਇਆ, ਸ ਅਨੂਪ ਸਿੰਘ ਬਾਲ ਨਿਰੰਜਨ ਸਿੰਘ ਨੂੰ ਆਪਣੇ ਨਾਲ ਆਪਣੇ ਪਿੰਡ ਨੇੜੇ ਤਰਨਤਾਰਨ, ਖੱਬੇ ਰਾਜਪੂਤਾਂ ਵਿਚ ਲੈ ਆਇਆ। ਉਹਦਾ ਆਪਣਾ ਪੁੱਤ ਕੋਈ ਨਹੀਂ ਸੀ। ਕੁਝ ਦਿਨ ਨਿਰੰਜਨ ਸਿੰਘ ਨੂੰ ਆਪਣੇ ਘਰ ਵਿੱਚ ਰੱਖਿਆ ਤੇ ਬਾਅਦ ਵਿਚ ਤਰਨਤਾਰਨ ਦੇ ਗੁਰਮਿਤ ਵਿਦਿਆਲੇ ਵਿਚ ਦਾਖ਼ਲ ਕਰਵਾ ਦਿੱਤਾ ਤੇ ਆਪਣਾ ਬੇਟਾ ਬਣਾ ਕੇ ਫ਼ੀਸ ਵੀ ਭਰ ਦਿੱਤੀ। ਸਰਦਾਰ ਸਾਹਿਬ ਬਹੁਤ ਭਲੇ ਪੁਰਸ਼ ਤੇ ਨੇਕ ਇਨਸਾਨ ਹੀ ਹੋਣਗੇ, ਜਿਹੜੇ ਲਗਾਤਾਰ ਉਹਨਾਂ ਦਾ ਖ਼ਰਚਾ ਚੁੱਕਦੇ ਰਹੇ। ਵਿਦਿਆਲੇ ਤੋਂ ਸਿੱਖਿਆ ਲੈਣ ਤੋਂ ਬਾਅਦ ਉਹਨਾਂ ਨੇ ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਪਹਿਲਾਂ ਗਿਆਨੀ ਤੇ ਫਿਰ ਓ ਟੀ ਦਾ ਇਮਤਿਹਾਨ (1926-27) ਚੰਗੇ ਨੰਬਰ ਲੈ ਕੇ ਪਾਸ ਕਰ ਲਿਆ। ਲਗਭਗ ਇਹਨਾਂ ਹੀ ਦਿਨਾਂ ਵਿਚ ਗਿਆਨੀ ਜੀ ਦੇ ਸਰਪ੍ਰਸਤ ਸ ਅਨੂਪ ਸਿੰਘ ਚਲਾਣਾ ਕਰ ਗਏ। ਉਹਨਾਂ ਦੀ ਇੱਕੋ ਧੀ ਸੀ, ਗੁਰਵੰਤ ਕੌਰ ਸੀ, ਜੋ ਵੱਡੇ ਫੌਜੀ ਅਫ਼ਸਰ ਨਾਲ ਵਿਆਹੀ ਹੋਈ ਸੀ। ਗਿਆਨੀ ਜੀ ਨੇ ਸਦਾ ਉਸ ਪਰਿਵਾਰ ਦਾ ਰਿਣ ਆਪਣੇ ਸਿਰ ਮਹਿਸੂਸ ਕੀਤਾ ਤੇ ਉਹ ਅਕਸਰ ਉਹਨਾਂ ਦੇ ਪਿੰਡ ਅਨੂਪ ਸਿੰਘ ਹੁਰਾਂ ਦੀ ਪਤਨੀ ਤੇ ਧੀ ਨੂੰ ਮਿਲਣ ਜਾਂਦੇ ਰਹਿੰਦੇ ਸਨ ਤੇ ਕ੍ਰਮ-ਵਾਰ ਉਹਨਾਂ ਨੂੰ ਆਪਣੀ ਸਕੀ ਮਾਂ ਤੇ ਵੱਡੀ ਭੈਣ ਵਾਲਾ ਆਦਰ ਦਿੰਦੇ ਸਨ।

ਅਜਿਹੀਆਂ ਗੱਲਾਂ ਸੁਣਾ ਕੇ ਉਹ ਸਾਨੂੰ ਰਿਸ਼ਤਿਆਂ ਦੀ ਕਦਰ ਕਰਨੀ ਵੀ ਸਮਝਾਉਂਦੇ ਤੇ 'ਇਨਸਾਨ' ਹੋਣ ਦਾ ਹੱਕ ਕਿਵੇਂ ਅਦਾ ਕਰਨਾ ਹੈ, ਇਹਦੀ ਸੋਝੀ ਵੀ ਦਿੰਦੇ।

ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਉਹ ਹੁਣ ਵਾਲੇ ਪਾਕਿਸਤਾਨ ਪਰ ਉਦੋਂ ਵਾਲੇ ਪੰਜਾਬ ਦੇ ਜ਼ਿਲ੍ਹੇ ਗੁਜਰਾਂਵਾਲਾ ਦੇ ਕਿਸੇ ਸਕੂਲ ਵਿਚ ਪੜ੍ਹਾਉਣ ਲੱਗ ਗਏ। ਛੇਤੀ ਹੀ ਉਹਨਾਂ ਨੂੰ ਡਿਸਟ੍ਰਿਕਟ ਸਕੂਲ ਬੋਰਡ ਅੰਮ੍ਰਿਤਸਰ ਵੱਲੋਂ ਪੰਜਾਬੀ ਅਧਿਆਪਕ ਦੀ ਨੌਕਰੀ ਮਿਲ ਗਈ। ਨੌਕਰੀ ਦੌਰਾਨ ਉਹ ਨੌਸ਼ਹਿਰਾ ਪੰਨੂਆਂ, ਝਬਾਲ (1933), ਲੋਪੋਕੇ (1942), ਅਟਾਰੀ (1947) ਤੇ ਆਖ਼ਰੀ ਸਟੇਸ਼ਨ ਸਾਡੇ ਪਿੰਡ ਸੁਰ ਸਿੰਘ ਵਿਖੇ ਸੇਵਾ ਕਰਦੇ ਰਹੇ।

ਜਿਵੇਂ ਅਸੀਂ ਦੱਸ ਚੁੱਕੇ ਹਾਂ ਕਿ ਉਹਨਾਂ ਦੇ ਪਿਤਾ ਜੀ ਵੈਦਗੀ ਦੇ ਗਿਆਤਾ ਸਨ। ਇਹਦਾ ਅਸਰ ਗਿਆਨੀ ਜੀ 'ਤੇ ਵੀ ਸੀ। ਨੌਕਰੀ ਦੌਰਾਨ ਹੀ ਉਹਨਾਂ ਨੇ ਆਯੁਰਵੈਦਿਕ ਤੇ ਯੂਨਾਨੀ ਦੀਆਂ ਪ੍ਰੀਖਿਆਵਾਂ ਪਾਸ ਕਰ ਲਈਆਂ ਸਨ। ਅਟਾਰੀ ਸਕੂਲ ਵਿਚ ਪੜ੍ਹਾਉਣ ਸਮੇਂ ਉਹ ਨੇੜਲੇ ਪਿੰਡ ਰੋੜਾਂਵਾਲੇ ਰਹਿੰਦੇ ਸਨ ਤੇ ਨਾਲ-ਨਾਲ ਹਿਕਮਤ ਵੀ ਕਰਦੇ ਸਨ। ਉਹਨਾਂ ਦਾ ਇਲਾਕੇ ਵਿਚ ਬੜਾ ਸਹਿਚਾਰ ਤੇ ਸਤਿਕਾਰ ਸੀ।

ਦੇਸ਼ ਦੀ ਵੰਡ ਵਾਲੇ ਦਿਨੀਂ ਉਹ ਭਾਰਤ-ਪਾਕਿਸਤਾਨ ਦੀ ਨਵੀਂ ਬਣੀ ਸਰਹੱਦ ਦੇ ਐਨ ਨੇੜੇ ਅਟਾਰੀ ਸਕੂਲ ਵਿਖੇ ਪੜ੍ਹਾਉਂਦੇ ਹੋਣ ਕਰ ਕੇ ਪਾਕਿਸਤਾਨ ਤੋਂ ਆ ਰਹੇ ਸ਼ਰਨਾਰਥੀਆਂ ਦੇ ਕਾਫ਼ਲੇ ਹਰ ਰੋਜ਼ ਵੇਖਦੇ ਰਹੇ ਸਨ। ਉਹਨਾਂ ਕੋਲ ਉਹਨਾਂ ਦੀਆਂ ਦਰਦ-ਕਹਾਣੀਆਂ ਦੇ ਢੇਰਾਂ

ਕਿੱਸੇ ਸਨ ਸਾਨੂੰ ਸੁਨਾਉਣ ਲਈ। ਇਹ ਕਹਾਣੀਆਂ ਸੁਣਾਉਂਦੇ ਸਮੇਂ ਉਹਨਾਂ ਦੀ ਸਿੱਖਿਆ ਦਾ ਇਹੋ ਜ਼ੋਰ ਹੁੰਦਾ ਕਿ ਇਨਸਾਨੀ-ਧਰਮ ਸਭ ਧਰਮਾਂ ਤੋਂ ਉੱਚਾ ਹੈ। ਦੱਸਦੇ ਕਿ ਗੁਰੂ ਸਾਹਿਬਾਨ ਦਾ ਧਰਮ ਵੀ ਇਹੀ ਇਨਸਾਨੀ-ਧਰਮ ਹੀ ਸੀ, ਸਰਬੱਤ ਦਾ ਭਲਾ ਚਾਹੁਣ ਵਾਲਾ! ਇਹ ਇਨਸਾਨੀ-ਧਰਮ ਨਿਭਾਉਂਦਿਆਂ ਉਹ ਆਪਣੇ ਵਿਦਿਆਰਥੀਆਂ ਦੀ ਸਹਾਇਤਾ ਨਾਲ ਪਾਕਿਸਤਾਨ ਤੋਂ ਆਉਣ ਵਾਲੇ ਸ਼ਰਨਾਰਥੀਆਂ ਲਈ ਰੋਟੀਆਂ, ਦਾਲ਼-ਸਬਜ਼ੀ, ਭੁੰਨੇ ਹੋਏ ਛੋਲੇ ਲੈ ਕੇ ਪਹੁੰਚ ਜਾਂਦੇ। ਕੈਂਪ ਲਾ ਕੇ, ਹਿਜਰਤ ਕਰ ਕੇ ਆਉਣ ਵਾਲੇ ਲੋਕਾਂ ਵਿਚ ਲੋੜੀਂਦਾ ਸਮਾਨ ਵੰਡਣ ਦੀ ਸੇਵਾ ਕਰਦੇ। ਉਹ ਇਹ ਵੀ ਦੱਸਦੇ ਕਿ ਇੱਕ ਦੋ ਵਾਰ ਤਾਂ ਭੁੱਖਾਂ ਦੇ ਸਤਾਏ ਲੋਕ ਛੋਲਿਆਂ ਦਾ ਥੈਲਾ ਉਹਨਾਂ ਦੇ ਹੱਥਾਂ ਵਿਚੋਂ ਖੋਹ ਕੇ ਲੈ ਗਏ।

ਉਹ ਗੱਲਾਂ ਕਰਦੇ ਤੇ ਅਸੀਂ ਕਲਪਨਾ ਵਿਚ ਉਹਨਾਂ ਦੇ ਨਾਲ ਨਾਲ ਸ਼ਰਨਾਰਥੀਆਂ ਦੀ ਸੇਵਾ ਕਰ ਰਹੇ ਹੁੰਦੇ। ਸਾਡੇ ਮਨਾਂ ਵਿਚ ਉਹ ਸਹਿਜ ਨਾਲ ਹੀ ਦੁਖੀਆਂ ਦੀ ਸੇਵਾ-ਭਾਵਨਾ ਦਾ ਬੀ ਬੀਜ ਰਹੇ ਸਨ। ਉਦੋਂ ਤਾਂ ਸ਼ਾਇਦ ਇਸਦਾ ਚਿੱਤ-ਚੇਤਾ ਵੀ ਨਹੀਂ ਸੀ ਕਿ ਗਿਆਨੀ ਜੀ ਸਾਡੇ ਵਿਚੋਂ ਨਫ਼ਰਤਾਂ ਦੇ ਕੰਡੇ ਹੂੰਝ ਰਹੇ ਨੇ ਤੇ ਮੁਹੱਬਤਾਂ ਦੇ ਫੁੱਲ ਉਗਾ ਰਹੇ ਨੇ। ਪਰ ਜਦ ਵੱਡੇ ਹੋਏ ਤਾਂ ਪਤਾ ਲੱਗਾ ਕਿ ਮੇਰੇ ਅੰਦਰ ਕਿੰਨਾ ਕੁਝ ਗਿਆਨੀ ਜੀ ਦਾ ਬੀਜਿਆ ਖਿੜਿਆ ਪਿਆ ਹੈ।

ਗਿਆਨੀ ਜੀ ਦੀ ਰਿਹਾਇਸ਼ ਵਾਲਾ ਪਿੰਡ ਰੋੜਾਂ-ਵਾਲਾ ਰੇਲਵੇ ਲਾਈਨ ਦੇ ਨਾਲ ਲੱਗਦਾ ਸੀ। ਗਿਆਨੀ ਜੀ ਲਾਈਨੇ-ਲਾਈਨ ਤੁਰ ਕੇ ਅਟਾਰੀ ਦੇ ਰੇਲਵੇ ਸਟੇਸ਼ਨ ਤੱਕ ਜਾਂਦੇ। ਇਕ ਦਿਨ ਸ਼ਾਮ ਨੂੰ ਵਾਪਸ ਆ ਰਹੇ ਸਨ ਕਿ ਪਾਕਿਸਤਾਨ ਵੱਲੋਂ ਆ ਰਹੀ ਗੱਡੀ ਵਿਚੋਂ ਦੋ ਔਰਤਾਂ ਦੀਆਂ ਅੱਧ-ਨੰਗੀਆਂ ਕੱਟੀਆਂ-ਵੱਢੀਆਂ ਲਾਸ਼ਾਂ ਬਾਹਰ ਸੁਟੀਆਂ ਗਈਆਂ। ਉਹਨਾਂ ਨੇ ਕੁਝ ਨੌਜਵਾਨਾਂ ਦੀ ਸਹਾਇਤਾ ਨਾਲ ਪਾਥੀਆਂ, ਲੱਕੜਾਂ ਇਕੱਠੀਆਂ ਕਰ ਕੇ ਉਹਨਾਂ ਦੇ ਸਸਕਾਰ ਦਾ ਮੜ੍ਹੀਆਂ ਵਿਚ ਪ੍ਰਬੰਧ ਕੀਤਾ। ਪਰ ਲੱਕੜਾਂ ਅੱਗ ਨਹੀਂ ਸੀ ਫੜ ਰਹੀਆਂ। ਨੇੜੇ ਦੇ ਖੇਤ ਵਿਚ ਕੁਝ ਸੁੱਕੀਆਂ ਮੋੜ੍ਹੀਆਂ ਪੁੱਟਣ ਉਹ ਆਪ ਗਏ। ਪਰ ਓਥੇ ਲੱਗੇ ਡੂੰਮਣੇ ਨੇ ਉਹਨਾਂ 'ਤੇ ਹੱਲਾ ਬੋਲ ਦਿੱਤਾ। ਜਾਨ ਬਚਾਉਣ ਲਈ ਉਹ ਛੱਪੜ ਵਿਚ ਜਾ ਵੜੇ। ਪਰ ਉਹਨਾਂ ਨੇ ਮੂੰਹ 'ਤੇ ਏਨੀਆਂ ਮੱਖੀਆਂ ਲੜੀਆਂ ਸਨ ਕਿ ਉਹਨਾਂ ਦੇ ਚਿਹਰੇ 'ਤੇ ਉਹਨਾਂ ਦੇ ਕੱਟਣ ਨਾਲ ਪੱਕੇ ਤੌਰ 'ਤੇ ਨਿਸ਼ਾਨ ਪੈ ਗਏ।

ਉਹਨਾਂ ਹੀ ਦਿਨਾਂ ਵਿਚ ਉਹ ਲੰਗਰ ਦੀ ਸੇਵਾ ਕਰ ਕੇ ਪਿੰਡ ਨੂੰ ਆ ਰਹੇ ਸਨ ਕਿ ਚਲਦੀ ਹੋਈ ਗੱਡੀ ਵਿਚੋਂ ਕਿਸੇ ਨੇ ਉਹਨਾਂ ਨੂੰ ਗੋਲੀ ਮਾਰੀ। ਪਰ ਕੁਦਰਤੀਂ ਉਹਨਾਂ ਦਾ ਬਚਾਅ ਹੋ ਗਿਆ ਤੇ ਉਹ ਰਿੜ੍ਹਦੇ ਹੋਏ ਮੁੱਦਿਆਂ ਵਿਚ ਜਾ ਡਿੱਗੇ।

ਗਿਆਨੀ ਜੀ ਨਾਲ ਜੁੜਿਆ ਇਹ ਬਿਰਤਾਂਤ ਇਸ ਕਰ ਕੇ ਸਾਂਝਾ ਕੀਤਾ ਹੈ ਤਾਕਿ ਪੜ੍ਹਨ ਵਾਲਿਆਂ ਨੂੰ ਉਹਨਾਂ ਦਾ ਪਿਛੋਕੜ, ਉਹਨਾਂ ਦੀ ਸ਼ਖ਼ਸੀਅਤ ਦੀ ਉਣਤਰ-ਬਣਤਰ ਦਾ ਅਹਿਸਾਸ ਹੋ ਸਕੇ।

1931 ਵਿਚ ਉਹਨਾਂ ਦਾ ਵਿਆਹ ਬੀਬੀ ਰਾਮ ਕੌਰ ਨਾਲ ਹੋਇਆ। ਨੌਕਰੀ ਵਿਚੋਂ ਜੋ ਕੁਝ ਉਹਨਾਂ ਨੇ ਬਚਤ ਕੀਤੀ, ਉਸ ਨਾਲ ਉਹਨਾਂ ਨੇ ਮੁਲਤਾਨ ਸ਼ਹਿਰ ਵਿਖੇ ਘਰ ਬਣਾ ਲਿਆ ਸੀ। ਉਸ ਮਕਾਨ ਵਿਚ ਮੁਲਤਾਨ ਦਾ ਥਾਣੇਦਾਰ ਕਿਰਾਏ 'ਤੇ ਰਹਿ ਰਿਹਾ ਸੀ। ਵੰਡ ਤੋਂ ਬਾਅਦ ਉਸ ਮਕਾਨ ਦੇ ਮਿਲੇ ਕਲੇਮ ਨਾਲ ਉਹਨਾਂ ਨੇ ਫ਼ਿਲੌਰ ਵਿਖੇ ਸਰਕਾਰੀ ਬੋਲੀ ਦੇ ਕੇ ਇੱਕ ਮਕਾਨ ਖ਼ਰੀਦ ਲਿਆ। ਜਦ ਉਹ ਸੁਰ ਸਿੰਘ ਤੋਂ 11 ਨਵੰਬਰ 1959 ਨੂੰ ਰਿਟਾਇਰ ਹੋਏ ਤਾਂ ਉਹ ਫ਼ਿਲੌਰ ਵਾਲੇ ਮਕਾਨ ਵਿਚ ਸਹਿ-ਪਰਿਵਾਰ ਆ ਵੱਸੇ। ਉਹਨਾਂ ਨੌਕਰੀ ਤਾਂ ਡਿਸਟ੍ਰਿਕਟ ਸਕੂਲ ਬੋਰਡ

ਦੀ ਸ਼ੁਰੂ ਕੀਤੀ ਸੀ ਤੇ ਸੁਰ ਸਿੰਘ ਵਾਲਾ ਸਕੂਲ ਵੀ ਬੋਰਡ ਦੇ ਅਧੀਨ ਹੀ ਚੱਲ ਰਿਹਾ ਸੀ। ਪਰ ਉਹਨਾਂ ਦੀ ਨੌਕਰੀ ਦੌਰਾਨ ਹੀ ਸੁਰ ਸਿੰਘ ਦਾ ਸਕੂਲ ਮਿਡਲ ਤੋਂ ਹਾਈ ਵੀ ਬਣ ਗਿਆ ਤੇ ਸਰਕਾਰੀ ਵੀ। ਪਰ ਬਹੁਤੀ ਨੌਕਰੀ ਬੋਰਡ ਦੀ ਹੋਣ ਕਰ ਕੇ ਕੋਈ ਪੈਨਸ਼ਨ ਨਾ ਲੱਗੀ। ਪ੍ਰਾਵੀਡੈਂਟ ਫੰਡ ਦੇ ਮਿਲਣ ਵਾਲੇ ਥੋੜੇ ਬਹੁਤੇ ਪੈਸਿਆਂ ਨਾਲ ਉਹਨਾਂ ਨੇ ਦਵਾਈਆਂ ਅਤੇ ਹੋਰ ਕੁਸ਼ਤੇ ਖ਼ਰੀਦ ਲਏ ਤਾਕਿ ਆਪਣਾ ਦਵਾਖ਼ਾਨਾ ਖੋਲ੍ਹ ਸਕਣ। ਪਰ ਦਵਾਖ਼ਾਨੇ ਦਾ ਕੰਮ ਨਾ ਚੱਲਿਆ। ਹਾਰ ਕੇ ਉਹਨਾਂ ਨੇ ਦਵਾਖ਼ਾਨਾ ਬੰਦ ਕਰ ਕੇ ਫ਼ਿਲੌਰ ਤੋਂ ਨਵਾਂ ਸ਼ਹਿਰ ਨੂੰ ਜਾਂਦੀ ਸੜਕ ’ਤੇ ਪੰਜ ਮੀਲ ਦੂਰ ਪਿੰਡ ਨਗਰ ਦੇ ਖ਼ਾਲਸਾ ਸਕੂਲ ਵਿਚ ਮੁੜ ਨੌਕਰੀ ਕਰ ਲਈ।

ਪ੍ਰਿੰਸੀਪਲ ਸਵਰਨ ਸਿੰਘ ਦੇ ਦੱਸਣ ਮੁਤਾਬਕ ਇਹਨਾਂ ਦਿਨਾਂ ਵਿਚ ਉਹਨਾਂ ਦਾ ਲਿਵਰ ਸੁੰਗੜ ਗਿਆ। ਉਹਨਾਂ ਨੂੰ ਇਲਾਜ ਲਈ ਲੁਧਿਆਣੇ ਸੀ ਐੱਮ ਸੀ ਤੇ ਡੀ ਐੱਮ ਸੀ ਵਿਚ ਵੀ ਦਾਖ਼ਲ ਕਰਵਾਇਆ। ਉਹ ਸਾਰੀ ਉਮਰ ਸ਼ਾਕਾਹਾਰੀ ਰਹੇ ਸਨ। ਹੁਣ ਡਾਕਟਰਾਂ ਦੀ ਸਲਾਹ ਸੀ ਕਿ ਉਹਨਾਂ ਨੂੰ ਮੀਟ ਜਾਂ ਕਲੇਜੀ ਖਾਣ ਲਈ ਦਿੱਤੀ ਜਾਵੇ। ਪਰ ਉਹ ਆਪਣਾ ਜੀਵਨ ‘ਭ੍ਰਿਸ਼ਟ’ ਨਹੀਂ ਸਨ ਕਰਨਾ ਚਾਹੁੰਦੇ। ਦਵਾਈਆਂ ਦਾ ਖ਼ਰਚਾ ਏਨਾ ਜ਼ਿਆਦਾ ਸੀ ਕਿ ਸੁਰ ਸਿੰਘ ਤੋਂ ਦੁੱਧ ਪੀਣ ਲਈ ਖ਼ਰੀਦ ਕੇ ਲਿਆਂਦੀ ਮੱਝ ਵੀ ਮਜਬੂਰੀ ਵੱਸ ਵੇਚਣੀ ਪਈ।

ਜਦੋਂ ਉਹਨਾਂ ਨੂੰ ਅਹਿਸਾਸ ਹੋ ਗਿਆ ਕਿ ਉਹਨਾਂ ਦਾ ਅੰਤ ਨੇੜੇ ਹੈ ਤਾਂ ਉਹਨਾਂ ਨੇ ਇੱਕ ਦਿਨ ਪਹਿਲਾਂ ਆਪਣੀ ਪਤਨੀ, ਛੋਟੀ ਧੀ ਗੁਰਦੀਪ ਕੌਰ, ਤੇ ਸਭ ਤੋਂ ਛੋਟੇ ਪੁੱਤਰ ਰਵਿੰਦਰਪਾਲ ਸਿੰਘ ਨੂੰ ਕੋਲ ਬੁਲਾਇਆ। ਸਵਰਨ ਸਿੰਘ ਤਾਂ ਕੋਲ ਹੈ ਹੀ ਸੀ। ਗੁਰਦੀਪ ਕੌਰ ਉਸ ਵੇਲੇ ਦੂਜੀ ਜਮਾਤ ਵਿਚ ਅਤੇ ਰਵਿੰਦਰਪਾਲ ਪਹਿਲੀ ਜਮਾਤ ਵਿਚ ਪੜ੍ਹਦੇ ਸਨ। ਸਵਰਨ ਸਿੰਘ ਨੂੰ ਕਹਿਣ ਲੱਗੇ, “ਮੇਰੇ ਪਿੱਛੋਂ ਆਪਣੀ ਮਾਤਾ ਦਾ ਖ਼ਿਆਲ ਰੱਖੀਂ।” ਫਿਰ ਛੋਟੇ ਦੋਵਾਂ ਬੱਚਿਆਂ ਦੇ ਹੱਥ ਫੜ ਕੇ ਸਵਰਨ ਸਿੰਘ ਦਾ ਹੱਥ ਉਹਨਾਂ ਦੇ ਹੱਥਾਂ ’ਤੇ ਰੱਖਦਿਆਂ ਹਦਾਇਤ ਕੀਤੀ, “ਇਹਨਾਂ ਦਾ ਪੂਰਾ ਪੂਰਾ ਧਿਆਨ ਰੱਖਣਾ ਵੀ ਤੇਰੀ ਜ਼ਿੰਮੇਵਾਰੀ ਹੈ।”

ਏਨੀ ਆਖ ਕੇ ਉਹਨਾਂ ਲੰਮਾਂ ਸਾਹ ਲਿਆ ਤੇ ਅੱਖਾਂ ਬੰਦ ਕਰ ਲਈਆਂ।

ਦੂਜੇ ਦੋ ਭਰਾ ਵੀ ਅਜੇ ਪੜ੍ਹਦੇ ਸਨ , ਪਰ ਉਹ ਵੱਡੀਆਂ ਜਮਾਤਾਂ ਵਿਚ ਸਨ।

ਇਸਤੋਂ ਅਗਲੇ ਦਿਨ 25 ਜੂਨ 1963 ਨੂੰ ਸਵੇਰੇ ਨੌਂ ਵਜੇ ਸੁਆਸ ਤਿਆਗ ਦਿੱਤੇ। ਫ਼ਿਲੌਰ ਵਿਚ ਹੀ ਨੌਸ਼ਹਿਰਾ ਪੰਨੂਆਂ ਵਿਖੇ ਉਹਨਾਂ ਦੇ ਵਿਦਿਆਰਥੀ ਰਹੇ ਸਬ ਇੰਸਪੈਕਟਰ ਨੂੰ ਗਿਆਨੀ ਜੀ ਦੇ ਚਲਾਣੇ ਦਾ ਪਤਾ ਲੱਗਾ ਤਾਂ ਉਹ ਤੁਰਤ ਘਰ ਪਹੁੰਚ ਗਿਆ ਤੇ ਉਹਨਾਂ ਦੀ ਅਰਥੀ ਨੂੰ ਮੋਢਾ ਦਿੱਤਾ। ਇਹ ਉਹਨਾਂ ਦੀ ਬਤੌਰ ਅਧਿਆਪਕ ਕੀਤੀ ਕਮਾਈ ਸੀ ਕਿ ਉਹਨਾਂ ਦਾ ਇਹ ਵਿਦਿਆਰਥੀ ਉਹਨਾਂ ਦੇ ਪਰਿਵਾਰ ਦਾ ਸਰਪ੍ਰਸਤ ਬਣ ਕੇ ਸਦਾ ਪਰਿਵਾਰ ਦੇ ਨਾਲ ਖਲੋਂਦਾ ਰਿਹਾ।

ਮੈਨੂੰ ਉਹਨਾਂ ਦੇ ਪਰਿਵਾਰ ਦੇ ਨਾਲ ਉਸ ਵਿਦਿਆਰਥੀ ਵਾਂਗ ਖਲੋਣ ਦਾ ਮੌਕਾ ਤਾਂ ਕਦੀ ਨਸੀਬ ਨਾ ਹੋਇਆ। ਮੈਨੂੰ ਤਾਂ ਵਰ੍ਹਿਆਂ ਬਾਅਦ ਪ੍ਰਿੰਸੀਪਲ ਸਵਰਨ ਸਿੰਘ ਦੇ ਰੂਪ ਵਿਚ ਪਬਲਿਕ ਕਾਲਜ ਸਮਾਣਾ ਵਿਖੇ ਗਿਆਨੀ ਜੀ ਦੇ ਦੀਦਾਰ ਹੋਏ। ਪਰ ਗਿਆਨੀ ਜੀ ਮੇਰੇ ਤੋਂ ਦੂਰ ਕਦ ਗਏ ਸਨ ! ਉਹ ਤਾਂ ਸਦਾ ਮੇਰੇ ਨਾਲ ਖਲੋਤੇ ਸਨ। ਹੁਣ ਵੀ ਖਲੋਤੇ ਨੇ !

*ਹਿੰਦੀ ਕਹਾਣੀ:*

# ਨੱਚੋ ਜੀ. ਆਰ. ਯਾਰ

**ਅਮਰੀਕ ਸਿੰਘ ਦੀਪ     ਅਨੁਵਾਦ: ਕੇਸਰਾ ਰਾਮ**

ਸ਼ੀਸ਼ੇ ਦੇ ਜਗਮਗਾਉਂਦੇ ਸ਼ੋਅ ਕੇਸਾਂ ਵਿਚ ਸਾਰੇ ਸੁਰਯੰਤਰ ਜਿਵੇਂ ਖਾਮੋਸ਼ ਰਹਿ ਕੇ ਵੀ ਕੋਈ ਉੱਤੇਜਕ ਧੁਨ ਛੇੜ ਰਹੇ ਹੋਣ।

ਮਜਬੂਰੀ ਹੀ ਤਾਂ ਇਸ ਧੰਦੇ ਦੀ ਕਸ਼ਿਸ਼ ਹੈ। ਲੋੜ ਪੈਂਦੀ ਹੈ ਤਾਂ ਵੱਡੇ-ਵੱਡੇ ਖੁਸ਼ਾਮਦ ਕਰਦੇ ਨੇ ਕਿਉਂਕਿ ਖਾਨਦਾਨ ਦੀ ਇੱਜ਼ਤ ਦਾ ਸਵਾਲ ਉਸ ਵੇਲੇ ਸਭ ਤੋਂ ਉੱਤੇ ਹੁੰਦਾ ਹੈ। ਅਤੇ ਉਸ ਤੋਂ ਵੀ ਉਪਰ ਹੁੰਦੀ ਹੈ 'ਨੱਕ'।

ਜੀ. ਆਰ. ਨੇ ਚਿਹਰੇ 'ਤੇ ਨਕਲੀ ਮਾਯੂਸੀ ਓੜ੍ਹਦੇ ਹੋਏ ਕਿਹਾ, "ਸ਼ੁਕਲਾ ਜੀ, ਮੁਆਫ ਕਰਨਾ! ਮੈਂ ਮਜਬੂਰ ਹਾਂ। 25 ਨਵੰਬਰ ਨੂੰ ਚਾਰੇ ਸੈੱਟ ਤਿੰਨ-ਤਿੰਨ ਸ਼ਿਫਟਾਂ ਵਿਚ ਬੁੱਕ ਨੇ। ਠੀਕ ਹੈ ਕਿ ਤੁਹਾਡੇ ਨਾਲ ਪੁਰਾਣੇ ਤਾਅਲੁੱਕਾਤ ਹਨ ਪਰ ਅਡਵਾਂਸ ਲੈ ਕੇ ਪਿੱਠ ਭੁਆ ਲੈਣਾ ਸਾਡੇ ਧੰਦੇ 'ਚ ਨਹੀਂ ਚੱਲਦਾ। ਅਜਿਹੇ ਮਾਮਲੇ 'ਚ ਖੂਨ-ਖ਼ਰਾਬਾ ਤੱਕ ਹੋ ਜਾਂਦਾ ਹੈ।"

ਸ਼ੁਕਲਾ ਜੀ ਜੱਕੋ-ਤੱਕੀ 'ਚ ਪੈ ਗਏ। ਖਿਝਦੇ ਰਹੇ ਆਪਣੇ ਆਪ 'ਤੇ, ਘਰ ਵਾਲਿਆਂ 'ਤੇ ਅਤੇ ਸਭ ਤੋਂ ਵੱਧ ਕੁੜੀ ਵਾਲਿਆਂ 'ਤੇ ਜਿੰਨ੍ਹਾਂ ਨੇ ਐਨ ਮੌਕੇ 'ਤੇ ਸ਼ੁਭ ਮਹੂਰਤ ਦਾ ਨਾਰੀਅਲ ਉਸ ਦੇ ਸਿਰ 'ਤੇ ਭੰਨ ਦਿੱਤਾ ਸੀ। ਪਰ ਕਿਹੜੇ ਮੂੰਹ ਨਾਲ ਉਹਨਾਂ ਨੂੰ ਕੁਝ ਕਹਿਣ, ਉਹ ਠਹਿਰੀ ਮਾਲਦਾਰ ਅਸਾਮੀ। ਸ਼ਗਨ 'ਚ ਹੀ ਏਨਾ ਦਿੱਤਾ ਹੈ ਕਿ ਘਰ 'ਚ ਮੰਜੀ ਡਾਹ ਕੇ ਸੌਣ ਲਈ ਵੀ ਥਾਂ ਨਹੀਂ ਬਚੀ।

ਦੋ ਕੌਡੀ ਦੇ ਬੈਂਡ ਵਾਲੇ ਦੇ ਸਾਹਮਣੇ ਨਹੋਰਾ ਕਰਨ ਨਾਲ ਪੈਦਾ ਹੋਏ ਅਪਮਾਨ ਅਤੇ ਗੁੱਸੇ ਵਿਚ ਵੀ ਖੂਬ ਮਿਸ਼ਰੀ ਘੋਲ ਕੇ ਬੋਲੇ, "ਜੀ. ਆਰ. ਭਾਈ! ਪੁੱਤਰਾਂ ਤੇ ਪੋਤਿਆਂ ਸਾਹਮਣੇ ਬੇਇੱਜ਼ਤ ਹੋਣ ਨਾਲੋਂ ਬਿਹਤਰ ਹੈ ਕਿ ਮੈਂ ਤੇਰੀ ਦੁਕਾਨ ਮੂਹਰੇ ਧਰਨਾ ਦੇ ਕੇ ਬੈਠ ਜਾਵਾਂ। ਕੀ ਕਹਿਣਗੇ ਲੋਕ? ਇਕ ਮਾਮੂਲੀ ਜਿਹੇ ਕੰਮ ਦੀ ਜ਼ਿੰਮੇਦਾਰੀ ਸੌਂਪੀ ਤੇ ਉਹ ਵੀ ਨਾ ਹੋਇਆ।"

ਜੀ. ਆਰ. ਨੇ ਕੁਸ਼ਲ ਅਭਿਨੇਤਾ ਵਾਂਗ ਆਪਣੇ ਮੱਥੇ 'ਤੇ ਪਰੇਸ਼ਾਨੀ ਦੀਆਂ ਤਿਓੜੀਆਂ ਓੜ੍ਹ ਲਈਆਂ। ਮੁੱਛਾਂ ਦੀ ਨੋਕ 'ਤੇ ਉਂਗਲਾਂ ਉਵੇਂ ਹੀ ਚੱਲਦੀਆਂ ਰਹੀਆਂ।

"ਪੰਡਤ ਜੀ, ਬ੍ਰਾਹਮਣਾਂ ਤੋਂ ਭਲਾ ਕੋਈ ਜਿੱਤ ਸਕਿਐ ਅੱਜ ਤੱਕ। ਹੁਣ ਕੁਛ ਨਾ ਕੁਛ ਤਾਂ ਕਰਨਾ ਹੀ ਪਵੇਗਾ।"

ਸ਼ੁਕਲਾ ਜੀ ਦੀ ਪਸਤਹਾਲੀ ਫੁਰਤੀ 'ਚ ਬਦਲ ਗਈ। ਝੱਟ ਅੰਦਰਲੀ ਬੰਡੀ 'ਚੋਂ ਨੋਟਾਂ ਦੀ ਗੱਡੀ ਕੱਢੀ ਤੇ ਅਡਵਾਂਸ ਫੜਾ ਕੇ ਰਸੀਦ ਲੈ ਲਈ।

ਜੀ. ਆਰ. ਅਜੇ ਵੀ ਆਪਣੀਆਂ ਦੂਧੀਆ ਮੁੱਛਾਂ 'ਚ ਮੁਸਕਰਾ ਰਿਹਾ ਸੀ। ਸਾਹੇ ਦੇ ਮੌਸਮ 'ਚ ਅਜਿਹੇ ਮੌਕਿਆਂ 'ਤੇ ਅਜਿਹੇ ਗਾਹਕਾਂ ਲਈ ਉਸ ਕੋਲ ਐਮਰਜੇਂਸੀ ਜੁਗਾੜ ਹੈ। ਜਦੋਂ ਬੈਂਡ ਵਜਾਉਣ ਵਾਲੇ ਬੰਦਿਆਂ ਦੀ ਤੋਟ ਆ ਜਾਵੇ ਤਾਂ ਉਹ ਆਪਣੇ ਪੁੱਤਰਾਂ ਨੂੰ ਮੈਦਾਨ ਵਿਚ ਉਤਾਰ ਦਿੰਦਾ ਹੈ। ਕੀ ਹੋਇਆ ਜੇ ਉਹ ਸਕੂਲਾਂ-ਕਾਲਜਾਂ 'ਚ ਪੜ੍ਹਦੇ ਨੇ, ਚੜ੍ਹਦੇ ਤੋਂ ਚੜ੍ਹਦਾ ਕਪੜਾ ਪਾਉਂਦੇ ਨੇ, ਮੋਟਰ ਸਾਇਕਲ, ਸਕੂਟਰਾਂ 'ਤੇ ਘੁੰਮਦੇ ਨੇ। ਪਰ ਆਪਣਾ ਧੰਦਾ ਤਾਂ ਆਪਣਾ ਹੀ ਹੁੰਦਾ ਹੈ। ਸ਼ਰਮ ਕਾਹਦੀ? ਉਸ ਦਾ ਹੁਕਮ ਹਰ ਕੋਈ ਸਿਰ ਮੱਥੇ ਲੈਂਦਾ ਹੈ। ਆਖਰ ਕਿੰਨਾ ਲੰਬਾ ਸਫਰ ਤੈਅ ਕਰ ਕੇ ਉਹ ਆਪਣੀ ਜ਼ਿੰਦਗੀ ਦੀ ਕੂੜਾ ਗੱਡੀ ਨੂੰ ਹੰਸਾਂ ਵਾਲੇ ਬੈਂਡ ਦੇ ਰੱਥ ਵਿਚ

ਬਦਲ ਸਕਿਆ ਹੈ।

ਕਿੰਨਾ ਲੰਬਾ ਸਫਰ... ਕਿੰਨਾ ਲੰਬਾ ਸਮਾਂ!

"ਓ ਹਰਾਮ ਦੇ ਪਿੱਲੇ! ਉੱਠ, ਜਾ ਕੇ ਟੱਟੀਆਂ ਕਮਾ। ਹੱਗਣ ਵਾਲੇ ਤੇਰੇ ਬਾਪ ਨੂੰ ਪਿੱਟ ਰਹੇ ਹੋਣੇ।" ਜੁੱਲੀ 'ਚ ਗੁੱਛਾ-ਮੁੱਛਾ ਹੋਏ ਘਸੀਟੇ ਨੂੰ ਉਸ ਦੀ ਮਾਂ ਨੇ ਝਟਕੇ ਨਾਲ ਉਠਾ ਕੇ ਬਿਠਾ ਦਿੱਤਾ ਸੀ। ਸਵੇਰ ਦੀ ਮਿੱਠੀ ਨੀਂਦ ਟੁੱਟ ਜਾਣ ਤੇ ਘਸੀਟਾ ਝੁੰਜਲਾ ਗਿਆ। ਜੀਅ ਕੀਤਾ ਕਿ ਮਾਂ ਦਾ ਝਾਟਾ ਫੜ ਕੇ ਪਿੱਠ 'ਤੇ ਚਾਰ ਲੱਤਾਂ ਮਾਰੇ ਅਤੇ ਕੋਠੜੀ 'ਚੋਂ ਬਾਹਰ ਕੱਢ ਕੇ ਸੌਂ ਜਾਵੇ ਲੰਮੀ ਤਾਣ ਕੇ। ਪਰ ਉਹ ਕਿੱਥੇ ਮੰਨਣ ਵਾਲੀ ਸੀ, "ਓਏ ਹਰਾਮ ਦਿਆ, ਮੈਂ ਤੈਨੂੰ ਹੀ ਕਹਿ ਰਹੀ ਹਾਂ। ਉੱਠਦੈਂ ਕਿ ਨਹੀਂ?"

ਊਂਘਦੇ ਹੋਏ ਘਸੀਟੇ ਨੇ ਜੁੱਲੀ ਪਰ੍ਹਾਂ ਸੁੱਟ ਦਿੱਤੀ। ਜੰਗਲ-ਪਾਣੀ ਤੋਂ ਬਾਅਦ ਕੋਠੜੀ ਦੇ ਇਕ ਖੂੰਜੇ 'ਚ ਪਈ ਲੁੱਕ ਲਿਬੜੀ ਬਾਲਟੀ ਅਤੇ ਬਾਂਸ ਦੀ ਛੋਟੇ ਮੁੱਠੇ ਵਾਲੀ ਝਾੜੂ ਚੁੱਕੀ ਅਤੇ ਅੱਖਾਂ ਮਲਦਾ ਹੋਇਆ ਬਾਹਰ ਨਿਕਲ ਗਿਆ। ਸਾਰੀ ਰਾਤ ਮੀਂਹ ਪੈਂਦਾ ਰਿਹਾ ਸੀ। ਬਾਹਰ ਚਿੱਕੜ ਹੀ ਚਿੱਕੜ ਸੀ। ਚਿਪਚਿਪਾ ਗਿੱਲਾਪਣ ਅਤੇ ਉਲਟੀਦਾਰ ਬਦਬੂ। ਅਜਿਹੇ 'ਚ ਟੱਟੀਆਂ ਕਮਾਉਣ ਜਾਣਾ ਘਸੀਟੇ ਨੂੰ ਬਹੁਤ ਚੁਭਦਾ ਸੀ।

ਬਮ-ਪੁਲਿਸ ਦੀਆਂ ਟੁੱਟੀਆ ਹੋਈਆਂ ਪੌੜੀਆਂ ਤੇ ਸੰਤੁਲਨ ਬਣਾਉਂਦਾ ਹੋਇਆ ਘਸੀਟਾ ਅੰਦਰ ਪਹੁੰਚਿਆ। ਜਾਲੀਦਾਰ ਜੰਗਲੇ ਵਾਲੀ ਹੌਦੀ ਤੇ ਘਰਾਂ 'ਚੋਂ ਕਮਾ ਕੇ ਲਿਆਂਦੇ ਗੰਦ ਤੇ ਖੂਬ ਮੋਟੀ ਪਾਣੀ ਦੀ ਧਾਰ ਡਿੱਗ ਰਹੀ ਸੀ। ਹੌਦੀ ਦੇ ਬਨੇਰੇ 'ਤੇ ਖੜ੍ਹ ਕੇ ਧਾਰ ਹੇਠਾਂ ਬਾਲਟੀ ਭਰਨ ਦੀ ਕੋਸ਼ਿਸ਼ ਵਿਚ ਘਸੀਟੇ ਦੇ ਕਪੜੇ ਅਤੇ ਪਿੰਡਾ ਭਿੱਜ ਗਿਆ। ਖਿਝ ਅਤੇ ਉਕਤਾਹਟ 'ਚ ਵੱਟ ਖਾ ਕੇ ਉਸ ਨੇ ਪੰਪ ਦੀ ਧਾਰ ਨੂੰ ਮੋਟੀ ਜਿਹੀ ਗਾਲ੍ਹ ਕੱਢੀ ਅਤੇ ਪਾਣੀ ਨਾਲ ਭਰੀ ਬਾਲਟੀ ਲੈ ਕੇ ਟੱਟੀਆਂ ਕਮਾਉਣ 'ਚ ਜੁਟ ਗਿਆ।

ਤਿੰਨ ਕੁ ਟੱਟੀਆਂ ਸਾਫ ਕਰਨ ਤੋਂ ਬਾਅਦ ਉਸ ਨੇ ਅਗਲੀ ਟੱਟੀ ਦਾ ਜੰਗ ਖਾਧਾ ਤੇ ਪਾਨ ਦੀ ਪੀਕ ਦੇ ਕੰਧ-ਚਿੱਤਰਾਂ ਵਾਲਾ ਦਰਵਾਜ਼ਾ ਖੋਲ੍ਹਿਆ ਹੀ ਸੀ ਕਿ ਉਸ ਦੀਆਂ ਬਲਦੀਆਂ ਅੱਖਾਂ 'ਚ ਕਲ੍ਹ ਰਾਤ ਦਾ ਮਾਂ ਤੇ ਚਾਚੇ ਵਾਲਾ ਦ੍ਰਿਸ਼ ਘੁੰਮਣ ਲੱਗਾ, ਗੋਲ-ਗੋਲ ਲੱਟੂ ਵਾਂਗ। ਫਿਰ ਇਸ ਗੋਲ-ਗੋਲ ਘੁੰਮਦੇ ਦ੍ਰਿਸ਼ 'ਚ ਮਹਾਰਨੀਆ ਦੇ ਗੋਲ-ਗੋਲ ਅੰਗ ਵੀ ਜੁੜ ਗਏ। ਚਾਚੇ ਦੀ ਥਾਂ ਉਸ ਨੇ ਲੈ ਲਈ। ਪਰ ਚਾਚੇ ਦਾ ਧਿਆਨ ਆਉਂਦੇ ਹੀ ਗਾਲ੍ਹਾਂ ਦਿੰਦੀ ਮਾਂ ਦੀ ਤਸਵੀਰ ਅੱਖਾਂ ਮੂਹਰੇ ਘੁੰਮਣ ਲੱਗੀ।

'ਸਾਲੀ ਕੰਜਰੀ!' ਇਕ ਗੰਦੀ ਗਾਲ੍ਹ ਉਸ ਨੇ ਕੰਧ 'ਤੇ ਥੁੱਕ ਦਿੱਤੀ। ਉਸ ਦੀ ਮਚਦੀ ਹੋਈ ਛਾਤੀ 'ਚੋਂ ਇਕ ਦਰਦ ਭਰੀ ਚੀਸ ਉੱਠੀ- ਕਾਸ਼! ਉਸ ਦਾ ਬਾਪੂ ਅੱਜ...

ਤੇ ਉਸ ਦਾ ਬਾਪੂ ਸਾਰੇ ਦ੍ਰਿਸ਼ਾਂ 'ਤੇ ਝਾੜੂ ਫੇਰ ਕੇ ਦਿਮਾਗ਼ 'ਚ ਉੱਭਰਨ ਲੱਗਿਆ। ਕੰਨਾਂ ਵਿਚ ਕੁੜਮੁੜ, ਕੁੜਮੁੜ, ਝਈਅਮ, ਝਈਅਮ ਦਾ ਢੋਲ, ਤਾਸ਼ੇ ਤੇ ਨਗਾੜਿਆਂ ਦਾ ਸ਼ੋਰ ਗੂੰਜਣ ਲੱਗਾ। ਇਹ ਦ੍ਰਿਸ਼ ਉਸ ਨੂੰ ਕਦੇ ਵੀ ਨਹੀਂ ਭੁੱਲਦਾ। ਇਕ ਅਜੀਬ ਮਸਤੀ ਭਰਿਆ ਸੁਰਬੱਧ ਸ਼ੋਰ, ਵਾਜੇ ਵਾਲੇ ਘੇਰਾ ਬਣਾ ਕੇ ਚੱਲਣ ਲੱਗੇ। ਉਸ ਦੇ ਬਾਪੂ ਨੇ ਗਲੇ 'ਚ ਪਾਈ ਤੰਬੂਰੀ ਲੱਛੂ ਨੂੰ ਫੜਾਈ ਤੇ ਹੱਥ 'ਚ ਸਪਿਰਟ ਦੀ ਬੋਤਲ ਲੈ ਲਈ। ਘਸੀਟੇ ਨੇ 'ਸ਼੍ਰੀ ਕ੍ਰਿਸ਼ਨ ਹਾਹਾਕਾਰ ਬੈਂਡ' ਦਾ ਡੰਡੇ 'ਤੇ ਲੱਗਿਆ ਬੋਰਡ ਹਵਾ 'ਚ ਹੋਰ ਉੱਚਾ ਚੁੱਕ ਲਿਆ। ਬੈਂਡ ਪਿੱਛੇ ਵਧਾਈ ਲੈ ਕੇ ਚੱਲ ਰਹੀਆਂ ਤੀਵੀਂਆਂ ਦਾ ਸਮੂਹਗਾਨ ਠਿਠਕ ਗਿਆ। ਬਾਪੂ ਨੇ ਇਕੋ ਸੱਟੇ ਸਪਿਰਟ ਦੀ ਚੌਥਾਈ ਬੋਤਲ ਗਲੇ 'ਚ ਗਟਕ ਲਈ ਅਤੇ ਨਾਲ ਵਾਲੇ ਬੰਦੇ ਤੋਂ ਮਸ਼ਾਲ ਲੈ ਕੇ ਮੁੱਠੀ 'ਚ ਘੁੱਟ ਲਈ। ਮੂੰਹ

'ਚੋਂ ਅੱਗ ਦੇ ਭਬੂਕੇ ਕੱਢਣ 'ਚ ਮਾਹਿਰ ਉਸ ਦੇ ਬਾਪ ਨੂੰ ਉਸ ਦਿਨ ਸਪਿਰਟ ਨਹੀਂ ਮਿਲੀ ਸੀ। ਗਲੇ 'ਚ ਅਟਕੀ ਹੋਈ ਸਪਿਰਟ ਦੇ ਕਾਰਨ ਕਾਲਜੇ ਤੇ ਦਿਮਾਗ਼ 'ਚ ਵਿਆਕੁਲਤਾ ਮੱਚਣ ਲੱਗੀ। ਮੂੰਹ ਦੇ ਸਾਹਮਣੇ ਮਸ਼ਾਲ ਲਿਆਉਂਦੇ ਹੀ ਬਲ਼ਦੀ ਹੋਈ ਸਪਿਰਟ ਭਬੂਕੇ ਨਾਲ ਉੱਚੀ ਉੱਠਣ ਦੀ ਬਜਾਇ ਅਗਨੀ ਬਾਣ ਵਾਂਗ ਉਸ ਦੇ ਕਾਲਜੇ 'ਚ ਲਹਿੰਦੀ ਚਲੀ ਗਈ ਅਤੇ...

"ਓਏ ਕੰਜਰ ਦਿਆ! ਪਖਾਨਾ ਧੋ ਰਿਹੈਂ ਕਿ ਖੜ੍ਹਾ-ਖੜ੍ਹਾ ਊਂਘ ਰਿਹੈਂ?" ਸਾਹਮਣੇ ਕੰਨ 'ਤੇ ਜਨੇਊ ਚੜ੍ਹਾਈ ਚੌਬੇ ਬਾਬਾ ਖੜ੍ਹਾ ਸੀ, ਅੱਖਾਂ 'ਚੋਂ ਅੱਗ ਵਰ੍ਹਾਂਉਂਦਾ ਹੋਇਆ। ਸ਼ਾਇਦ ਉਸ ਦੇ ਢਿੱਡ ਵਿਚ ਬੱਦਲ ਗੜ੍ਹਕ ਰਹੇ ਸੀ।

ਘਸੀਟੇ ਨੇ ਕਚਿਆਣ ਜਿਹੀ ਨਾਲ ਚੌਬੇ ਬਾਬਾ ਵੱਲ ਦੇਖਿਆ ਅਤੇ ਟੱਟੀ ਦੀਆਂ ਪੀਲ਼ੀਆਂ ਛਿੱਦੀਆਂ ਨਾਲ ਭਰੇ ਗੰਦੇ ਫਰਸ਼ ਤੇ ਤੇਜ਼ੀ ਨਾਲ ਝਾੜੂ ਚਲਾਉਣ ਲੱਗਿਆ।

"ਮਾਦਰ...! ਹਟੇਂਗਾ ਵੀ ਮੂਹਰਿਓਂ ਕਿ ਕੁੱਜਾ ਮਾਰ ਕੇ ਸਿਰ ਪਾੜ ਦਿਆਂ?" ਚੌਬੇ ਬਾਬਾ ਹੱਗਣ ਲਈ ਬੇਹਾਲ ਹੁੰਦਾ ਜਾ ਰਿਹਾ ਸੀ।

ਫੇਰ ਗਾਲ੍ਹ। ਘਰ, ਬਾਹਰ, ਹਰ ਥਾਂ ਗਾਲ੍ਹ। ਅਪਮਾਨ ਦੇ ਚਿੱਕੜ ਨਾਲ ਘਸੀਟੇ ਦੀ ਸਾਰੀ ਦੇਹ ਲਿੱਬੜ ਗਈ ਸੀ।

'ਸਹੁਰੀ ਇਹ ਵੀ ਕੋਈ ਜ਼ਿੰਦਗੀ ਹੈ? ਦੁਤਕਾਰ, ਫਿਟਕਾਰ, ਗਾਲ੍ਹਾਂ... ਗਾਲ੍ਹਾਂ ਹੀ ਗਾਲ੍ਹਾਂ... ਹਰ ਥਾਂ। ਇਸ ਜ਼ਿੰਦਗੀ ਤੋਂ ਤਾਂ ਨਰਕ ਹੀ ਭਲਾ।'

ਉਸ ਨੇ ਗੱਜਣ ਚੌਧਰੀ ਤੋਂ ਸੁਣਿਆ ਸੀ, ਗਾਂਧੀ ਬਾਬਾ ਖੁਦ ਆਪਣੇ ਹੱਥਾਂ ਨਾਲ ਪਖਾਨਾ ਸਾਫ ਕਰਦੇ ਸਨ। ਤੇ ਦੂਜਿਆਂ ਨੂੰ ਵੀ ਇੰਝ ਹੀ ਕਰਨ ਲਈ ਕਹਿੰਦੇ ਸਨ। ਇੰਨਾ ਵੱਡਾ ਮਹਾਤਮਾ! ਉਸੇ ਨੇ ਤਾਂ ਉਹਨਾਂ ਨੂੰ ਮੇਹਤਰ ਤੋਂ ਹਰੀਜਨ ਵਰਗਾ ਭਲਾ ਜਿਹਾ ਲੱਗਣ ਵਾਲਾ ਨਾਂ ਦਿੱਤਾ ਸੀ। ਲੋਕ ਉਸ ਵਾਂਗ ਆਪਣੇ ਪਖਾਨੇ ਖੁਦ ਕਿਉਂ ਨਹੀਂ ਸਾਫ ਕਰਦੇ? ਕਿਉਂ ਆਦਮੀ ਤੋਂ ਜਾਨਵਰ ਦਾ ਕੰਮ ਲੈਂਦੇ ਨੇ? ਕਿਉਂ ਗਰੀਬ ਦਾ ਹੱਕ ਮਾਰਦੇ ਨੇ? ਉਸ ਦੇ ਆਪਣੇ ਹੀ ਘਰ ਵਿਚ... ਕੂੜਾ ਗੱਡੀ ਘੜੀਸਦੇ ਘੜੀਸਦੇ ਅਤੇ ਟੱਟੀਆਂ ਕਮਾਉਂਦਾ ਉਹ ਮਰਦਾ ਜਾ ਰਿਹਾ ਹੈ ਤੇ ਤਨਖਾਹ ਦਬੋਚਣ ਲਈ ਹਰ ਮਹੀਨੇ ਅੰਮਾ ਜਾ ਪਹੁੰਚਦੀ ਹੈ ਮਿਉਂਸਪਲਟੀ ਦੇ ਦਫਤਰ। ਸਾਰਾ ਮਹੀਨਾ ਖੱਟ-ਖੱਟ ਕੇ ਉਸ ਦੀ ਜਾਨ ਨਿਕਲ ਜਾਂਦੀ ਐ ਤੇ ਉਸ ਦੀ ਕਮਾਈ 'ਤੇ ਨਸ਼ਾ-ਪੱਤਾ, ਮੌਜ-ਮੇਲਾ ਯਾਨੀ ਬੁੱਲੇ ਲੁੱਟਦੇ ਨੇ ਮਾਂ ਤੇ ਚਾਚਾ। ਉਸ ਦੇ ਅੰਦਰੋਂ ਡੂੰਘੀ ਨਫਰਤ ਉੱਠੀ।

ਉਸ ਦੀ ਸਾਰੀ ਨਫਰਤ ਥੁੱਕ ਦੇ ਪਤਾਸੇ ਦੀ ਸ਼ਕਲ ਵਿਚ ਚੌਬੇ ਬਾਬਾ ਦੀ ਧੋਤੀ 'ਤੇ ਜਾ ਡਿੱਗੀ ਸੀ। ਭੂਚਾਲ ਹੀ ਆ ਗਿਆ। ਚੌਬੇ ਬਾਬਾ ਦੀ ਦਹਾੜ ਸੁਣ ਕੇ ਹੇਠਾਂ ਨਾਲੀ 'ਤੇ ਝਾੜਾ ਫਿਰ ਰਹੇ ਨੰਗੇ ਨਿਆਣੇ ਪਾਣੀ ਦੇ ਡੱਬੇ ਚੁੱਕ ਕੇ ਭੱਜ ਖੜ੍ਹੇ ਹੋਏ।

ਉਹ ਵੀ ਦਾਅ ਮਾਰ ਕੇ ਭੱਜ ਗਿਆ। ਭੱਜਦਾ ਹੀ ਗਿਆ। ਚਿੱਕੜ 'ਚੋਂ ਨਿਕਲਦਾ ਹੋਇਆ, ਉੱਚੇ ਨੀਵੇਂ ਕੂੜੇ ਦੇ ਢੇਰਾਂ ਨੂੰ ਮਿੱਧਦਾ ਹੋਇਆ, ਸੜਕਾਂ ਮਸਲਦਾ ਹੋਇਆ, ਸਵੇਰ ਦੀ ਤਾਜ਼ੀ ਹਵਾ ਨੂੰ ਚੀਰਦਾ ਹੋਇਆ। ਦਸ ਵਜੇ ਦੇ ਕਰੀਬ ਘਸੀਟਾ ਗਵਾਲ ਟੋਲੀ ਦੇ ਹਰੀਜਨਾਂ ਦੀ ਸੰਘਣੀ ਬਸਤੀ ਦੇ ਨੇੜੇ ਜਾ ਪਹੁੰਚਿਆ। ਸੁਸਤਾਉਣ ਲਈ ਉਹ ਕੁਝ ਪਲ ਪੁਲੀ 'ਤੇ ਬੈਠ ਗਿਆ। ਉਸ ਦਾ ਸਾਹ ਉਖੜਿਆ ਹੋਇਆ ਸੀ। ਡਰ ਦੇ ਮਾਰੇ ਕਾਲਜੇ 'ਚ ਚੱਕਰੀ ਜਿਹੀ ਘੁੰਮ ਰਹੀ ਸੀ। ਉਸ ਦੇ ਗੋਡਿਆਂ ਤੱਕ ਚਿੱਕੜ ਇਉਂ ਚੜ੍ਹ ਗਿਆ ਸੀ ਜਿਵੇਂ ਮਿਲਟਰੀ ਦੀਆਂ ਲੰਬੀਆਂ ਜੁਰਾਬਾਂ। ਅੱਡੀਆਂ 'ਚੋਂ ਖੂਨ ਸਿੰਮ ਰਿਹਾ ਸੀ, ਚੀਸਾਂ ਉੱਠ ਰਹੀਆਂ ਸੀ। ਉਹ ਹੈਰਾਨ ਸੀ, ਇੱਧਰ ਕਿੱਧਰ ਆ ਨਿਕਲਿਆ? ਭੱਜਣਾ ਹੀ ਸੀ ਤਾਂ ਕਿਸੇ ਭੈਣ ਦੇ ਘਰ ਵੱਲ ਭੱਜਦਾ। ਖੈਰ,

ਹੁਣ ਆ ਹੀ ਗਿਆ ਹੈ ਤਾਂ ਦੋ ਟੁੱਕ ਫੈਸਲਾ ਕਰ ਕੇ ਹੀ ਰਹੇਗਾ।

ਕੁਝ ਦੇਰ ਸੋਚਣ ਤੇ ਸੁਸਤਾਉਣ ਤੋਂ ਬਾਅਦ ਘਸੀਟਾ ਉੱਠ ਖੜ੍ਹਿਆ। ਚੌਰਾਹੇ ਤੇ ਲੱਗੇ ਸ਼ੇਰ ਦੇ ਮੂੰਹ ਵਾਲੇ ਨਲਕੇ 'ਤੇ ਜਾ ਕੇ ਹੱਥ ਪੈਰ ਧੋਤੇ, ਟੁੱਟੀ ਕੰਘੀ ਨਾਲ ਵਾਲ ਵਾਹੇ ਅਤੇ ਕੰਨ 'ਤੇ ਟੰਗੀ ਹੋਈ ਬੀੜੀ ਸੁਲਗਾ ਕੇ ਲੰਬੇ ਕਸ਼ ਖਿੱਚਦਾ ਚੱਲ ਪਿਆ।

ਕੂੜਾ ਘਰ ਨੇੜੇ ਕੂੜਾ ਬਾਲਣ ਲਈ ਬਣੀਆਂ ਹੋਈਆਂ ਭੱਠੀਆਂ ਨੂੰ ਪਾਰ ਕਰਦਾ ਹੋਇਆ ਘਸੀਟਾ ਬਮ-ਪੁਲੀਸ ਦੇ ਨਜ਼ਦੀਕ ਜਾ ਪੁੱਜਿਆ। ਸੰਘਣੇ ਗੂਲਰ ਦੇ ਬਿਰਖ ਤੋਂ ਸੱਜੇ ਪਾਸੇ ਘੁੰਮ ਕੇ ਇਕ ਛੋਟੀ ਜਿਹੀ ਸੜਿਹਾਂਦ ਨਾਲ ਭਰੀ ਹੋਈ ਝੌਂਪੜੀ ਪਾਰ ਕਰ ਕੇ ਉਹ ਬਮ-ਪੁਲੀਸ ਦੇ ਪਿੱਛੇ ਬਣੀ ਹਰੀਜਨਾਂ ਦੀ ਬਸਤੀ ਵਿਚ ਜਾ ਪਹੁੰਚਿਆ। ਉੱਘੜੇ-ਦੁੱਘੜੇ ਮਿੱਟੀ ਦੇ ਘੁਰਨੇ। ਔਕਾਤ ਦੇ ਹਿਸਾਬ ਨਾਲ ਛੋਟੇ-ਵੱਡੇ। ਬਸਤੀ ਵਿਚਕਾਰ ਖੜ੍ਹੀ ਨਿੰਮ ਦੀਆਂ ਟਾਹਣੀਆਂ 'ਤੇ ਪੰਛੀਆਂ ਦੇ ਪਾਣੀ ਪੀਣ ਲਈ ਮਿੱਟੀ ਦੇ ਕਸੋਰੇ ਲਟਕ ਰਹੇ ਸਨ। ਕਈ ਘਰਾਂ ਦੇ ਮੂਹਰੇ ਸੂਰਬਾੜੇ ਬਣੇ ਹੋਏ ਸਨ। ਕੁਝ ਵਿਹੜਿਆਂ ਅੰਦਰ ਬੱਕਰੀਆਂ ਵੀ ਬੰਨ੍ਹੀਆਂ ਹੋਈਆਂ ਸਨ। ਇਕ ਦਹਿਲੀਜ 'ਤੇ ਬੁਲਬੁਲ ਦਾ ਅੱਡਾ ਬਣਿਆ ਹੋਇਆ ਸੀ ਤੇ ਉੱਥੇ ਬੰਨ੍ਹੀ ਹੋਈ ਬੁਲਬੁਲ 'ਪਿਟ-ਪਿਟੋ, ਪਿਟ-ਪਿਟੋ' ਬੋਲ ਰਹੀ ਸੀ। ਨਿੰਮ ਹੇਠਾਂ ਬੋਰੀ ਵਿਛਾ ਕੇ ਬੈਠਾ ਇਕ ਕਾਲਾ ਕਲੂਟਾ ਬੁੱਢਾ ਬੱਕਰੇ ਦੀ ਖੱਲ ਨਾਲ ਢੋਲਕੀ ਮੜ੍ਹ ਰਿਹਾ ਸੀ।

ਨਿੰਮ ਤੋਂ ਕੁਝ ਅੱਗੇ ਜਾ ਕੇ ਘਸੀਟਾ ਰੁਕ ਗਿਆ। ਸਾਹਮਣੇ ਉਸ ਦਾ ਸਹੁਰਾ ਘਰ ਸੀ। ਕਾਈ ਲੱਗੀ ਬਦਰੰਗ ਸਰਕੰਡੇ ਦੀ ਛੱਤ, ਜਿਸ 'ਤੇ ਟੁੱਟੀਆਂ ਬਾਲਟੀਆਂ, ਘਸੇ ਹੋਏ ਝਾੜੂ, ਪੁਰਾਣੇ ਬਾਂਸ ਤੇ ਟਾਇਰ ਅਤੇ ਨਿੰਮ ਦੇ ਪੀਲੇ ਪੱਤੇ ਖਿੰਡੇ ਪਏ ਸੀ। ਵਿਹੜੇ ਦੀ ਇਕ ਕੰਧ 'ਤੇ ਰੰਗ-ਬਿਰੰਗੇ ਰੰਗਾਂ 'ਚ ਰਾਮ ਦਰਬਾਰ ਬਣਿਆ ਹੋਇਆ ਸੀ। ਬਾਕੀ ਕੰਧਾਂ 'ਤੇ ਓਮ, ਹਥੇਲੀਆਂ ਦੇ ਛਾਪੇ, ਸਵਾਸਤਿਕ ਚਿੰਨ੍ਹ ਤੇ ਚੌਂਕ ਬਣੇ ਹੋਏ ਸਨ। ਕੁਝ ਟੁੱਟੇ-ਫੁੱਟੇ ਘੜੇ ਅਤੇ ਸੁਰਾਹੀਆਂ ਵਿਚ ਤੁਲਸੀ ਅਤੇ ਗੇਂਦੇ ਦੇ ਝੁਲਸੇ ਅਤੇ ਮੁਰਝਾਏ ਹੋਏ ਬੂਟੇ ਲੱਗੇ ਹੋਏ ਸਨ। ਇਕ ਪਾਸੇ ਗੁੜ ਦੀਆਂ ਭੇਲੀਆਂ ਵਰਗੇ ਮਿੱਟੀ ਦੇ ਡਲੇ ਚਿਣੇ ਪਏ ਸਨ।

ਘਸੀਟਾ ਅੱਗੇ ਵਧਿਆ। ਚਮਕਦੀਆਂ ਬਿੰਦੀਆਂ ਨਾਲ ਜੜੀ ਚੌਖਟ ਸਾਹਮਣੇ ਖੜ੍ਹੇ ਹੋ ਕੇ ਉਸ ਨੇ ਜ਼ੋਰ ਨਾਲ ਖੰਘੂਰਾ ਮਾਰਿਆ। ਉਸ ਦੇ ਕਾਲਜੇ ਵਿਚ ਧੁਕਧੁਕੀ ਮੱਚੀ ਹੋਈ ਸੀ। ਮਨ 'ਚ ਘਬਰਾਹਟ ਤੇ ਬੇਚੈਨੀ ਸੀ।

ਸਹੁਰੇ ਉਸ ਦੀ ਗੱਲ ਵੱਲ ਧਿਆਨ ਦੇਣਗੇ? ਉਸ ਦੀ ਮਦਦ ਕਰਨਗੇ? ਉਸ ਨੂੰ ਕੂੜਾ ਗੱਡੀ ਖਿੱਚਦੇ, ਟੱਟੀਆਂ ਕਮਾਉਣ, ਸੜਿਹਾਂਦ ਨਾਲ ਉਫਣਦੇ, ਚੋਕ ਹੋਏ ਗਟਰਾਂ 'ਚ ਬਾਂਸ ਦੀਆਂ ਫੱਟੀਆਂ ਫੇਰਨ, ਮਰੇ ਹੋਏ ਜਾਨਵਰਾਂ ਦੀ ਖੱਲ ਖਿੱਚਣ, ਗ੍ਰਹਿਣ ਪਿੱਛੋਂ ਕਾਂਸੀ ਦੀ ਥਾਲੀ ਵਜਾ ਕੇ ਦਾਨ ਮੰਗਣ ਤੋਂ ਸਖ਼ਤ ਘਿਰਣਾ ਹੈ। ਉਹ ਵੀ ਬਾਬੂਆਂ ਵਾਂਗ ਸਾਫ ਧੋਤੇ ਕਪੜੇ ਚਾਹੁੰਦਾ ਹੈ। ਪੱਕੇ ਹਵਾਦਾਰ ਘਰ 'ਚ ਰਹਿਣਾ ਚਾਹੁੰਦਾ ਹੈ। ਤਾਜ਼ਾ ਰੋਟੀ ਨਾਲ ਦਾਲ ਤੇ ਸਬਜ਼ੀ ਖਾਣਾ ਚਾਹੁੰਦਾ ਹੈ। ਜੇਕਰ ਉਹ 'ਹਰੀ' ਦਾ 'ਜਨ' ਹੈ ਤਾਂ ਉੱਚੀ ਜਾਤ ਵਾਲੇ ਉਸ ਦੀ ਛਾਂ ਤੋਂ ਵੀ ਦੂਰ ਕਿਉਂ ਭੱਜਦੇ ਹਨ?

"ਓਹ ਪ੍ਰਾਹੁਣਿਆਂ ਤੂੰ?" ਅੰਦਰੋਂ ਹੁੱਕਾ ਗੁੜਗੁੜਾਉਂਦੀ ਉਸ ਦੀ ਸੱਸ ਨਿਕਲੀ ਤੇ ਉਸ ਨੂੰ ਸਾਹਮਣੇ ਖਲੋਤਾ ਦੇਖ ਕੇ ਝੱਟ ਮੱਥੇ 'ਤੇ ਪੱਲਾ ਖਿਸਕਾ ਲਿਆ।

ਨਾਰੀਅਲ ਦੀ ਬਣੀ ਕਾਲੀ ਗੁੜਗੁੜੀ ਵਿਹੜੇ ਦੇ ਇਕ ਖੂੰਜੇ 'ਚ ਟਿਕਾ ਕੇ ਝੱਟ ਅੰਦਰੋਂ ਇਕ ਮੰਜੀ ਖਿੱਚ ਲਿਆਈ ਤੇ ਉਸ ਉਪਰ ਪੁਰਾਣੀ ਬਦਰੰਗ ਦਰੀ ਤੇ ਤੇਲ ਨਾਲ ਚਿੱਕੜ

ਹੋਇਆ ਸਿਰਹਾਣਾ ਰੱਖ ਦਿੱਤਾ।

ਘਸੀਟੇ ਦਾ ਮਕਸਦ ਜਾਣ ਕੇ ਉਸ ਦੀ ਸੱਸ ਬਹੁਤ ਖ਼ੁਸ਼ ਹੋਈ। ਉਸ ਨੇ ਦੱਬੀ ਜ਼ੁਬਾਨ 'ਚ ਇਹ ਗੱਲ ਸਪੱਸ਼ਟ ਕਰ ਦਿੱਤੀ ਕਿ ਉਸ ਦੀ ਮਾਂ ਦੇ ਕੰਜਰਪੁਣੇ ਕਰਕੇ ਹੀ ਉਹ ਮਹਾਰਣੀਆ ਦਾ ਮੁਕਲਾਵਾ ਨਹੀਂ ਦੇ ਰਹੀ। ਧੀ ਦੇ ਛੋਟੀ ਹੋਣ ਦਾ ਤਾਂ ਇਕ ਬਹਾਨਾ ਹੈ। ਜੇਕਰ ਉਹ ਚਾਹੁੰਦਾ ਹੈ ਤਾਂ ਉਹ ਮਹਾਰਣੀਆ ਦੇ ਬਾਪੂ ਨੂੰ ਕਹਿ ਕੇ ਮੁੱਦਤਾਂ ਤੋਂ ਬੰਦ ਪਈ ਕੂੜਾ ਜਲਾਉਣ ਵਾਲੀ ਭੱਠੀ ਦੇ ਨੇੜੇ ਉਹਨਾਂ ਲਈ ਅਲੱਗ ਝੌਂਪੜੀ ਪਵਾ ਦੇਵੇਗੀ।

ਘਸੀਟੇ ਦੀਆਂ ਅੱਖਾਂ ਦੀ ਤਰੇਹ ਬੁੱਝ ਕੇ ਉਹ ਪਰਦੇ ਦੀ ਓਟ 'ਚ ਮੁਸਕਰਾ ਕੇ ਬੋਲੀ, "ਮਹਾਰਣੀਆ ਕੰਮ 'ਤੇ ਸੁੱਗੜ ਸਿੰਘ ਦੀ ਹਵੇਲੀ ਮਾ ਗਈ ਹੈ। ਤਿੰਨ ਵਿਆਹ ਦਿੱਤੀਆਂ, ਇਹੀ ਹੈ ਬੁੱਢੀ ਦਾ ਸਹਾਰਾ।"

ਸੁੱਗੜ ਸਿੰਘ ਦਾ ਨਾਂ ਸੁਣ ਕੇ ਘਸੀਟੇ ਦੇ ਤਨ ਬਦਨ ਵਿਚੋਂ ਲਪਟਾਂ ਉੱਠਣ ਲੱਗੀਆਂ, "ਇਹ ਠਾਕੁਰ..." ਉਸ ਦੇ ਜਬਾੜੇ ਕੱਸੇ ਗਏ। ਉਸ ਦੇ ਨਾਲ ਕਬੱਡੀ ਖੇਡਣ ਵਾਲਾ ਅਸਰਫੀ ਠੀਕ ਹੀ ਕਹਿੰਦਾ ਹੈ, ਠਾਕੁਰ ਮਾਅਨੇ ਠਾ ਤੋਂ ਠੱਗ, ਕੁ ਤੋਂ ਕੁਕਰਮੀ ਤੇ ਰ ਤੋਂ ਰਾਰੀ ਯਾਨੀ ਝਗੜਾ ਕਰਨ ਵਾਲਾ। ਬਚਪਨ 'ਚ ਇਕ ਵਾਰੀ ਉਹ ਠਾਕੁਰ ਬਲਵਾਨ ਸਿੰਘ ਦੀ ਹਵੇਲੀ ਝਾੜੂ ਸਫਾਈ ਲਈ ਗਿਆ ਸੀ। ਬੈਠਕ 'ਚ ਠਾਕੁਰ ਸਾਹਬ ਤੇ ਉਸ ਦੇ ਯਾਰ ਬੇਲੀਆਂ ਦੀ ਚੰਡਾਲ ਚੌਂਕੜੀ ਜਮੀ ਹੋਈ ਸੀ। ਉਸ ਨੂੰ ਦੇਖਦੇ ਹੀ ਠਾਕੁਰ ਬੋਲਿਆ ਸੀ, "ਕਿਉਂ ਵੇ ਲੌਂਡੇ, ਅੱਜ ਤੇਰੀ ਭੈਣ ਨਹੀਂ ਆਈ?"

"ਉਸ ਦਾ ਤਾਂ ਬਾਬੂ ਸਾਹਬ ਕਲ੍ਹ ਵਿਆਹ ਹੋ ਗਿਐ।" ਉਹ ਸਹਿਮ ਕੇ ਬੈਠਕ ਦੇ ਦਰਵਾਜ਼ੇ ਦੀ ਚੌਖਟ ਕੋਲ ਦੁਬਕ ਗਿਆ ਸੀ।

"ਤਾਂ ਦੂਜੀ ਭੈਣ ਨੂੰ ਭੇਜ ਦਿੰਦਾ। ਤੂੰ ਇੱਥੇ ਕੀ ਆਪਣੀ ਮਾਂ..."

ਅਗਲੇ ਸ਼ਬਦ, ਸ਼ਬਦ ਨਹੀਂ ਬਾਰੂਦ ਸਨ। ਉਸ ਨੂੰ ਜਲਾ ਕੇ ਸੁਆਹ ਕਰ ਦੇਣ ਵਾਲੇ। ਠਹਾਕਿਆਂ ਨਾਲ ਬਲਵਾਨ ਸਿੰਘ ਆਪਣੇ ਯਾਰਾਂ ਨੂੰ ਕਹਿ ਰਿਹਾ ਸੀ, "ਚੂਨਾ, ਔਰਤ ਤੇ ਪਾਣੀ। ਇਹਨਾਂ ਦੀ ਕੋਈ ਜਾਤ ਨਹੀਂ ਹੁੰਦੀ। ਜਿੱਥੇ ਰਹਿਣ, ਸ਼ੁੱਧ ਹੀ ਸ਼ੁੱਧ। ਤੇ ਇਹ ਨੀਚ ਜਾਤ ਦੀਆਂ ਤੀਵੀਂਆਂ ਕਸੇ ਹੋਏ ਤਬਲੇ ਵਰਗੀਆਂ ਹੁੰਦੀਆਂ ਨੇ, ਇਕ ਦਮ ਟੰਨ! ਤੇ ਭਰਾਵੋ, ਟੰਨ ਮਾਲ ਤਾਂ ਪਹਿਲਾਂ ਰਾਜਾ ਹੀ ਭੋਗਦਾ ਹੈ।"

ਵੇਲੇ ਵੇਲੇ ਦੇ ਰਾਗ ਨੇ। ਇਕ ਵਕਤ ਉਹ ਸੀ ਜਦੋਂ ਘਸੀਟਾ ਰਾਮ ਦੂਜੇ ਦੇ 'ਹਾਹਾਕਾਰ ਬੈਂਡ' ਵਿਚ ਸਾਈਨ ਬੋਰਡ ਢੋਂਦਾ ਸੀ। ਇਕ ਵੇਲਾ ਇਹ ਹੈ ਕਿ ਘਸੀਟਾ ਰਾਮ ਘਸੀਟਾ ਨਹੀਂ ਰਹਿ ਗਿਆ। ਉਸ ਦੀ ਥਾਂ ਜੀ. ਆਰ. ਨੇ ਲੈ ਲਈ ਹੈ।

ਪੱਚੀ ਨਵੰਬਰ।

ਅੱਜ ਮੁੱਦਤ ਬਾਅਦ ਜੀ. ਆਰ. ਖ਼ੁਦ ਆਪਣਾ ਬੈਂਡ ਲੈ ਕੇ ਨਿਕਲਿਆ ਹੈ।

ਬੈਂਡ ਵੱਜ ਰਿਹਾ ਹੈ।

'ਰਾਮ ਤੇਰੀ ਗੰਗਾ ਮੈਲੀ ਹੋ ਗਈ...!' ਮੈਲੀ ਗੰਗਾ ਦੇ ਵਹਾਓ 'ਚ ਸ਼ਰਾਬ ਦੇ ਬਰਸਾਤੀ ਨਾਲੇ ਮਿਲ ਰਹੇ ਹਨ। ਬਰਾਤੀ ਪਾਨ ਦਿਆਂ ਖੋਖਿਆਂ ਓਹਲੇ, ਹਨੇਰੀਆਂ ਗਲੀਆਂ 'ਚ, ਖੂੰਜਿਆਂ 'ਚ, ਹਫੜਾ ਦਫੜੀ 'ਚ ਬੋਤਲ ਮੂੰਹ ਨਾਲ ਲਾ ਕੇ ਨੀਟ ਹੀ ਵੱਡੇ-ਵੱਡੇ ਘੁੱਟ ਭਰਦੇ ਹਨ ਅਤੇ ਅੰਨ੍ਹੇ ਝੱਲ 'ਚ ਝੂਮਦੇ ਹੋਏ ਨੱਚਣ ਵਾਲੀ ਭੀੜ 'ਚ ਗੁੰਮ ਹੋ ਜਾਂਦੇ ਹਨ।

ਜੀ. ਆਰ. ਸਫੈਦ ਹੰਸਾਂ ਵਾਲੀ ਟਰਾਲੀ 'ਚ ਥਰੀ ਪੀਸ ਸੂਟ ਪਾਈ ਖੜ੍ਹਾ ਹੈ। ਉਸ ਦੇ ਕੋਟ

ਦੇ ਬਟਨ ਹੋਲ 'ਚ ਰਾਮ ਲੀਲਾ ਪਰੇਡ ਵਾਲੀ ਰਾਮ ਦੀ ਬਰਾਤ 'ਚ ਉਸ ਵੱਲੋਂ ਕੀਤੇ ਗਏ ਸਭ ਤੋਂ ਵਧੀਆ ਪ੍ਰਦਰਸ਼ਨ ਬਦਲੇ ਪ੍ਰਦੇਸ ਦੇ ਸਾਂਸਕ੍ਰਿਤਕ ਮੰਤਰੀ ਵੱਲੋਂ ਭੇਂਟ ਕੀਤਾ ਹੋਇਆ ਗੋਲਡ ਮੈਡਲ ਲਮਕ ਰਿਹਾ ਹੈ। ਉਸ ਦੇ ਹੱਥਾਂ 'ਚ ਪਿਆਨੋ ਅਕਾਰਡੀਅਨ ਹੈ, ਜਿਸ ਨੂੰ ਵਜਾਉਣ ਦੇ ਨਾਲ ਨਾਲ ਉਹ ਕੁਸ਼ਲ ਸੰਗੀਤਕ ਲਹਿਜੇ 'ਚ ਹੱਥਾਂ ਨਾਲ ਸੰਗੀਤ ਨਿਰਦੇਸ਼ਨ ਵੀ ਦੇ ਰਿਹਾ ਹੈ। ਟਰਾਲੀ 'ਚ ਅੱਗੇ ਪਿੱਛੇ ਲੱਗੇ ਅੱਠ ਸਪੀਕਰ ਇਸ ਨੀਰਸ ਸ਼ਹਿਰ ਦੀ ਧੂੰਏਂ ਤੇ ਧੂੰਦ ਨਾਲ ਭਰੀ ਫਿਜ਼ਾ 'ਚ ਸੰਗੀਤ ਦੀ ਰੰਗੀਨੀ ਘੋਲਣ ਦਾ ਯਤਨ ਕਰ ਰਹੇ ਹਨ।

ਜੀ. ਆਰ. ਨੇ ਡਿਸਕੋ ਲਾਈਟ ਦੇ ਦਾਇਰੇ 'ਚ ਬਤੱਖਾਂ ਵਾਂਗ ਤੈਰ ਰਹੇ ਆਪਣੇ ਬੈਂਡ ਨੂੰ ਪੂਰੇ ਜਲੌ 'ਚ ਦੇਖਿਆ। ਗਰਦਨ 'ਚ ਮਾਣਮੱਤੀ ਆਕੜ ਭਰ ਗਈ। ਅੱਖਾਂ 'ਚ ਹੁਸੀਨ ਚਮਕ ਮੁਸਕਰਾਉਣ ਲੱਗੀ। ਮੁਸਕਰਾਉਂਦੀ ਵੀ ਕਿਉਂ ਨਾ? ਅੱਜ ਉਸ ਦਾ ਬੈਂਡ ਸ਼ਹਿਰ ਦਾ ਨੰਬਰ ਵਨ ਬੈਂਡ ਹੈ। ਬੈਂਡ ਦੀ ਸਜਾਵਟ, ਇਕ ਤੋਂ ਇਕ ਵੱਧ ਕੇ ਸੁਰਯੰਤਰ, ਮਾਡਰਨ ਯੂਨੀਫਾਰਮ... ਇਸ ਸਭ ਕਾਸੇ ਪਿੱਛੇ ਉਸ ਦੀ ਅਣਥੱਕ ਮਿਹਨਤ, ਤਪੱਸਿਆ ਤੇ ਅਨੁਭਵ ਹੈ।

ਉਸ ਨੂੰ ਕਦੀ ਨਹੀਂ ਭੁੱਲਦਾ, ਸ਼ੁਰੂ-ਸ਼ੁਰੂ 'ਚ ਜਦੋਂ ਉਹ ਨਾਲਾ ਰੋਡ 'ਤੇ ਉਸਤਾਦ ਪੀਰ ਬਖ਼ਸ਼ ਕੋਲ ਕੰਮ ਸਿੱਖਦਾ ਹੁੰਦਾ ਸੀ ਤਾਂ ਕਿੰਨੀ ਜ਼ਿੱਲਤ ਝੱਲਣੀ ਪੈਂਦੀ ਸੀ ਉਸ ਨੂੰ। ਉਸਤਾਦ ਦੀ ਸੇਵਾ ਟਹਿਲ, ਬੈਂਡ ਵਾਲਿਆਂ ਲਈ ਦੁਕਾਨ ਤੋਂ ਚਾਹ-ਨਾਸ਼ਤਾ ਆਦਿ ਲਿਆਉਣਾ, ਬਰਾਤਾਂ 'ਚ ਆਉਣ ਜਾਣ ਲਈ ਟਾਂਗੇ ਯੱਕੇ ਦਾ ਪ੍ਰਬੰਧ ਕਰਨਾ, ਇਕ ਇਕ ਵਾਜੇ ਨੂੰ ਧੋ ਪੂੰਝ ਕੇ ਬ੍ਰਾਸੋ ਨਾਲ ਚਮਕਾਉਣਾ, ਦੁਕਾਨ 'ਚ ਝਾੜੂ ਲਾਉਣਾ, ਬੈਂਡ ਵਾਲਿਆਂ ਦੀਆਂ ਵਰਦੀਆਂ ਧੋ ਕੇ ਪ੍ਰੈਸ ਕਰਵਾ ਕੇ ਲਿਆਉਣੀਆਂ ਤੇ ਇਹ ਸਭ ਕਰਨ ਤੋਂ ਬਾਅਦ ਉਸਤਾਦ ਦੇ ਥੱਪੜ ਤੇ ਝਿੜਕਾਂ ਖਾਣੀਆਂ। ਪੂਰਾ ਸਾਲ ਭਰ ਤਾਂ ਉਹ ਬੈਂਡ 'ਚ ਪਿੱਤਲ ਦੇ ਛੁਣਛੁਣੇ ਹੀ ਵਜਾਉਂਦਾ ਰਿਹਾ ਸੀ। ਫੇਰ ਛੇ ਮਹੀਨੇ ਪਿੱਤਲ ਦੇ ਭਾਰੇ ਮੰਜੀਰੇ। ਦੋ ਸਾਲ ਬਾਅਦ ਉਸਤਾਦ ਨੇ ਉਸ ਨੂੰ ਪਿੱਤਲ ਦੇ ਸੈਕਸਾਫੋਨ 'ਚ ਹਵਾ ਮਾਰਨੀ ਸਿਖਾਈ ਸੀ। ਹਵਾ ਮਾਰਦੇ ਸਮੇਂ ਉਸ ਦੀਆਂ ਗਲ੍ਹਾਂ ਦੁੱਖਣ ਲੱਗਦੀਆਂ, ਪਸਲੀਆਂ 'ਚ ਤਣਾਓ ਭਰ ਜਾਂਦਾ, ਗਲੇ ਦੀਆਂ ਨਸਾਂ ਤਣ ਜਾਂਦੀਆਂ, ਬੁੱਲ੍ਹਾਂ 'ਚ ਚੀਸਾਂ ਪੈਣ ਲੱਗਦੀਆਂ ਸਨ। ਇਕ ਵਾਰੀ ਉਸਤਾਦ 'ਰਾਜਾ ਕੀ ਆਏਗੀ ਬਰਾਤ' ਦੀ ਰੀਹਰਸਲ ਕਰਵਾ ਰਿਹਾ ਸੀ। ਸੈਕਸਾਫੋਨ ਦੀ ਰੀੜ 'ਤੇ ਉਸ ਦੀਆਂ ਉਂਗਲਾਂ ਸੁਰ ਨਹੀਂ ਸਨ ਹੋ ਰਹੀਆਂ। ਉਸ ਦੀ ਵਜ੍ਹਾ ਨਾਲ ਪੂਰਾ ਬੈਂਡ ਬੇਸੁਰਾ ਹੋ ਜਾਂਦਾ ਸੀ। ਖਿੱਝ ਕੇ ਉਸਤਾਦ ਨੇ ਉਸ ਉੱਤੇ ਥੱਪੜਾਂ ਦੀ ਝੜੀ ਲਾ ਦਿੱਤੀ ਸੀ। ਸੈਕਸਾਫੋਨ ਖੋਹ ਕੇ ਹੋਰ ਨੂੰ ਫੜਾ ਦਿੱਤਾ ਸੀ। ਨਾਲ ਹੀ ਉਸ ਦੀ ਮਾਂ ਤੇ ਭੈਣ ਨਾਲ ਰਿਸ਼ਤਾ ਗੰਢ ਕੇ ਮੋਟੀਆਂ ਮੋਟੀਆਂ ਗਾਲ੍ਹਾਂ ਦਿੱਤੀਆਂ ਸੀ- 'ਸੂਰ ਦੀ ਉਲਾਦ, ਲੱਗਿਆ ਬੈਂਡ ਸਿੱਖਣ! ਜਾਹ, ਜਾ ਕੇ ਟੱਟੀਆਂ ਕਮਾ। ਬੈਂਡ ਸਿੱਖਣ ਦਾ ਕੰਮ ਤੇਰੇ ਪਿੱਤੇ 'ਚ ਹੈ ਨ੍ਹੀਂ।'

ਉਸਤਾਦ ਦੀਆਂ ਗਾਲ੍ਹਾਂ ਦਾ ਤਾਂ ਉਹ ਆਦੀ ਹੋ ਗਿਆ ਸੀ। ਪਰ ਉਸਤਾਦ ਦੀ ਕਹੀ ਆਖਰੀ ਗੱਲ ਉਸ ਦੇ ਨਸ਼ਤਰ ਵਾਂਗ ਚੁਭ ਗਈ ਸੀ। ਬਸ, ਉਸੇ ਪਲ ਹਠੀ ਵਿਕਰਮ ਵਾਂਗ ਉਸ ਨੇ ਆਪਣੀ ਸਾਰੀ ਆਤਮ-ਸ਼ਕਤੀ ਤੇ ਇਕਾਗਰਤਾ ਨੂੰ ਆਪਣੇ ਬੁੱਲ੍ਹਾਂ ਅਤੇ ਉਂਗਲੀਆਂ 'ਤੇ ਕੇਂਦਰਤ ਕਰ ਲਿਆ ਸੀ। ਉਹ ਫੈਸਲਾ ਕਰ ਚੁੱਕਾ ਸੀ ਕਿ ਉਸ ਨੇ ਇਸ ਤ੍ਰਿਸਕਾਰੇ ਜੀਵਨ ਤੋਂ ਉੱਚਾ ਉੱਠਣਾ ਹੈ। ਇਹਨਾਂ ਉੱਚੀ ਜਾਤ ਵਾਲਿਆਂ ਨਾਲ ਹਿਸਾਬ ਬਰਾਬਰ ਕਰਨਾ ਹੈ।

ਜੀ. ਆਰ. ਨੇ ਧੁਨ ਬਦਲੀ- ਆਈ ਐਮ ਏ ਡਿਸਕੋ ਡਾਂਸਰ!

ਸ਼ਕਲੋਂ ਤੇ ਪਹਿਰਾਵੇ ਤੋਂ ਚਿੜੀਮਾਰ ਜਿਹਾ ਲੱਗਣ ਵਾਲਾ ਇਕ ਨੌਜਵਾਨ, ਜਿਸ ਦਾ

ਸਾਰਾ ਸਰੀਰ, ਪਹਿਰਾਵਾ ਤੇ ਸ਼ਖਸੀਅਤ ਤਰਾਸ਼ੀ ਹੋਈ ਸੀ, ਧੁਨ ਨਾਲ ਧਨੁਸ਼ ਬਣਦਾ ਜਾ ਰਿਹਾ ਸੀ। ਸਿਰ, ਮੋਢੇ, ਕਮਰ, ਪਰ ਸਭ 'ਚ ਇਕ ਲਹਿਰਾਉਂਦਾ, ਵਲ ਖਾਂਦਾ ਹੋਇਆ ਰਿਦਮ ਸੀ। ਕੁਸ਼ਲ ਮੂਵਮੈਂਟ, ਪਰਫੈਕਟ ਸਟੈਪਿੰਗ।

ਸੜਕ ਕਿਨਾਰੇ ਚੱਲ ਰਹੀ ਭੀੜ ਰੁਕ ਗਈ। ਅੱਕੇ-ਥੱਕੇ ਲੋਕਾਂ ਨੂੰ ਸ਼ੁਗਲ ਦਾ ਸਾਧਨ ਮਿਲ ਗਿਆ। ਪੰਚਰੰਗੀ ਡਿਸਕੋ ਲਾਈਟ ਜਗ ਬੁਝ ਰਹੀ ਸੀ। ਹਵਾਈ ਜਹਾਜ 'ਚੋਂ ਸੁੱਟੇ ਪਰਚਿਆਂ ਵਾਂਗ ਦੋ, ਪੰਜ ਤੇ ਦਸ ਦਸ ਦੇ ਨੋਟ ਹਵਾ ਵਿਚ ਤੈਰਨ ਲੱਗੇ। ਬੈਂਡ ਦੇ ਵਿਚਕਾਰ ਕਲੈਰੋਨੇਟ ਵਜਾ ਰਿਹਾ ਜੀ. ਆਰ. ਦਾ ਦੋਹਤਾ ਭੱਜ ਭੱਜ ਕੇ ਨੋਟ ਇਕੱਠੇ ਕਰ ਰਿਹਾ ਸੀ।

ਜੀ. ਆਰ. ਖੁਸ਼ ਹੈ, ਬਹੁਤ ਖੁਸ਼।

ਡਿਸਕੋ ਜਵਾਨ ਨੂੰ ਠੰਡਾ ਪੈਂਦਾ ਦੇਖ ਕੇ ਬੈਂਡ ਨੇ ਪੈਂਤਰਾ ਬਦਲਿਆ, 'ਯੇਹ ਦੇਸ਼ ਹੈ ਵੀਰ ਜਵਾਨੋ ਕਾ...' ਹੱਥਾਂ ਪੈਰਾਂ 'ਚ ਫੁਰਤੀ ਭਰਨ ਵਾਲੀ ਭੰਗੜੇ ਦੀ ਧੁਨ ਨੇ ਬਰਾਤੀਆਂ 'ਚ ਜੋਸ਼ ਭਰ ਦਿੱਤਾ। ਖਿਜਾਬ ਨਾਲ ਰੰਗੇ ਵਾਲ, ਮੁੱਛਾਂ ਫਰਕਾਉਂਦਾ ਤੇ ਸ਼ਰਾਬ ਨਾਲ ਰੱਜਿਆ ਇਕ ਅੱਧਖੜ ਸਰਦਾਰ ਉਮਰ ਨੂੰ ਝੁਠਲਾਉਂਦਾ ਹੋਇਆ ਇਉਂ ਨੱਚ ਰਿਹਾ ਸੀ ਜਿਵੇਂ ਲਾਮ ਜਿੱਤ ਕੇ ਮੁੜਿਆ ਹੋਵੇ। ਧੁਨ 'ਚ ਸੁਰ ਹੋਏ ਪੈਰ ਵੀ ਉਖੜਦੇ ਜਾ ਰਹੇ ਨੇ। ਹਵਾ 'ਚ ਹਥੇਲੀਆਂ ਇਉਂ ਲਹਿਰਾ ਰਹੀਆਂ ਹਨ ਜਿਵੇਂ ਅਸਮਾਨ ਨੂੰ ਫੜ ਕੇ ਉਸ ਨੂੰ ਵੀ ਨਚਾ ਦੇਣਗੀਆਂ।

ਬਰਾਤ 'ਚ ਚੱਲ ਰਹੀਆਂ ਔਰਤਾਂ 'ਚ ਵੀ ਥੋੜ੍ਹੀ ਬਹੁਤ ਹਲਕੀ ਫੁਲਕੀ ਟਿੱਚਰਬਾਜੀ ਹੋਣ ਲੱਗੀ ਹੈ। ਨੱਚਣ ਦੀ ਤੀਬਰ ਇੱਛਾ ਉਹਨਾਂ 'ਚ ਮਚਲ ਰਹੀ ਹੈ। ਪਰ ਰੱਥ ਦੇ ਪਿੱਛੇ ਚੱਲ ਰਹੇ ਬੁੱਢਿਆਂ ਦੀਆਂ ਸ਼ਿਕੰਜਾ ਅੱਖਾਂ... ਇਹ ਕੀ ਘੱਟ ਹੈ ਕਿ ਪੰਜਾਬੀਆਂ ਦੀ ਦੇਖਾ ਦੇਖੀ ਹੁਣ ਪੰਡਤਾਂ ਦੀ ਬਰਾਤ 'ਚ ਔਰਤਾਂ ਵੀ ਸ਼ਾਮਲ ਹੋਣ ਲੱਗੀਆਂ ਹਨ, ਪਰ ਮੁੰਡੇ ਦੀ ਮਾਂ ਦਾ ਬਰਾਤ 'ਚ ਸ਼ਾਮਲ ਹੋਣਾ ਹਾਲੇ ਵੀ ਵਰਜਿਤ ਹੈ।

ਔਰਤਾਂ 'ਤੇ ਝਲਕ ਰਹੀ ਮਸਤੀ ਦੇਖ ਕੇ ਜੀ. ਆਰ. ਦੇ ਇਰਾਦਿਆਂ 'ਚ ਕਰੂੰਬਲਾਂ ਫੁੱਟਣ ਲੱਗੀਆਂ। ਉਸ ਨੇ ਪਰਦੇ ਪਿੱਛੇ ਮਾਇਕ 'ਤੇ ਗਾ ਰਹੇ ਵੱਡੇ ਪੁੱਤਰ ਦੇ ਮੁੰਡੇ ਪੱਪੂ ਨੂੰ ਇਕ ਗੁਪਤ ਸੰਕੇਤ ਦਿੱਤਾ ਤੇ 'ਬਾਰੀਂ ਬਰਸੀਂ ਖਟਣ ਗਿਆ ਸੀ, ਤੇ ਖੱਟ ਕੇ ਲਿਆਇਆ ਚਾਬੀ, ਹੋ ਭੰਗੜਾ ਤਾ ਸਜਦਾ ਜੇ ਨੱਚੇ ਮੁੰਡੇ ਦੀ ਭਾਬੀ... ਹੋ ਭੰਗੜਾ...!

ਸ਼ਰਾਬ 'ਚ ਡੁੱਬੇ ਦਿਉਰਾਂ ਨੇ ਭਾਬੀ ਨੂੰ ਘੇਰ ਲਿਆ। ਕੀਮਤੀ ਬਨਾਰਸੀ ਸਾੜ੍ਹੀ ਤੇ ਜ਼ੇਵਰਾਂ ਨਾਲ ਲੱਦੀ, ਇਤਰ-ਫੁਲੇਲ ਨਾਲ ਮਹਿਕਦੀ, ਪਾਨ ਰੰਗੇ ਬੁੱਲ੍ਹਾਂ 'ਚੋਂ ਮਿੰਨ੍ਹਾ ਮਿੰਨ੍ਹਾ ਮੁਸਕਰਾਉਂਦੀ ਵੱਡੀ ਭਾਬੀ ਦੀਆਂ ਵੀਣੀਆਂ, ਕਮਰ ਤੇ ਪਿੱਠ ਉੱਤੇ ਨੱਚਣ ਦਾ ਇਸਰਾਰ ਜ਼ੋਰ ਫੜਨ ਲੱਗਿਆ। ਨਖਰੇ 'ਚ ਨੱਚਣ ਤੋਂ ਇਨਕਾਰ ਕਰਦੀ ਵੱਡੀ ਬਹੂ ਨੇ ਬੇਵੱਸ ਜਿਹੀਆਂ ਨਜ਼ਰਾਂ ਨਾਲ ਸਹੁਰੇ ਵੱਲ ਦੇਖਿਆ। ਸ਼ੁਕਲਾ ਜੀ ਗੁੰਮ ਜਿਹੇ ਸਨ- ਗੁੰਮ ਤੇ ਬੇਵੱਸ। ਬੈਂਡ ਦੀ ਮਰਿਆਦਾ ਦੇ ਪੈਰ ਉਖਾੜਨ ਵਾਲੀ ਧਮਕ ਨਾਲ ਹਾਲਾਂਕਿ ਭਾਬੀ ਦੇ ਪੈਰ ਵੀ ਬੰਨ੍ਹ ਟੁੱਟੇ ਦਰਿਆ ਵਾਂਗ ਵਹਾਓ 'ਚ ਵਹਿ ਜਾਣਾ ਲੋਚਦੇ ਸਨ। ਉਂਝ ਵੀ ਬੰਦ ਕਮਰੇ 'ਚ ਗਾਉਣ ਲਈ ਬੈਠੀਆਂ ਤੀਵੀਂਆਂ 'ਚ – 'ਬਿੱਛੂਆ ਕੇ ਕਾਟੇ ਧੰਨੋ ਕਾਹੇ ਮਰੀ ਜਾਏ...' ਦੇ ਬੋਲਾਂ 'ਤੇ ਉਹ ਟੁੱਟ ਕੇ ਨੱਚਦੀ ਹੈ। ਪਰ ਇਸ ਤਰ੍ਹਾਂ ਖੁੱਲੇ ਆਮ ਲੋਕਾਂ 'ਚ... ਖਾਨਦਾਨੀ ਮਾਣ ਮਰਿਆਦਾ... ਲੋਕ ਲਾਜ... ਪਰ ਦਿਉਰਾਂ ਦੀ ਅਧਿਕਾਰ ਭਰੀ ਜ਼ਿੱਦ ਸਾਹਵੇਂ ਭਾਬੀ ਦੀ ਇਕ ਨਾ ਚੱਲੀ। ਪਹਿਲਾਂ ਉਸ ਦੇ ਪੈਰਾਂ ਦੀ ਝਿਜਕ ਟੁੱਟੀ, ਫੇਰ ਹੱਥ, ਮੋਢੇ ਤੇ ਫੇਰ ਲੱਕ ਦੀ। ਉਹ ਹਵਾ 'ਚ ਤੈਰਨ ਲੱਗੀ। ਬੰਨ੍ਹ ਖੁੱਲਦੇ ਹੀ ਉਸ ਨੇ ਆਪਣੀ ਟੋਲੀ 'ਚ ਪਹਿਲਾਂ ਦਰਾਣੀਆਂ ਨੂੰ ਘੜੀਸਿਆ ਤੇ ਫੇਰ ਵਿਆਹੀਆਂ ਹੋਈਆਂ ਨਨਾਣਾਂ ਨੂੰ।

ਸ਼ੁਕਲਾ ਜੀ ਚੁੱਪਚਾਪ ਫਟੀਆਂ ਫਟੀਆਂ ਅੱਖਾਂ ਨਾਲ ਸਭ ਦੇਖ ਰਹੇ ਨੇ। ਉਬਕਾਈ ਭਰੀ ਬੇਚੈਨੀ ਨਾਲ ਘਬਰਾਏ ਤੇ ਅਪੰਗ ਹੋਏ ਅੰਗਾਂ ਵਾਂਗ ਛਟਪਟਾਉਂਦੇ ਹੋਏ। ਉਹਨਾਂ ਨੇ ਆਪਣੇ ਨਾਲ ਚੱਲ ਰਹੇ ਵੱਡੇ ਬੁੱਢਿਆਂ ਵੱਲ ਮਾਫੀ ਮੰਗਣ ਵਾਲੀਆਂ ਨਜ਼ਰਾਂ ਨਾਲ ਦੇਖਿਆ ਤੇ ਫੇਰ ਆਪਣੇ ਆਪ ਨਾਲ ਖਿਝਣ ਜਿਹਾ ਲੱਗੇ, 'ਇਹਨਾਂ ਰਫੂਜੀਆਂ ਨੇ ਸਭ ਚੌਪਟ ਕਰ ਦਿੱਤੈ। ਖਾਨਦਾਨੀ ਸੰਸਕਾਰ, ਲੋਕ ਲਾਜ, ਛੋਟੇ ਵੱਡੇ ਦਾ ਲਿਹਾਜ...'

ਸ਼ਰਾਬ ਨੇ ਸਾਰੇ ਰਿਸ਼ਤਿਆਂ ਨੂੰ ਪੱਧਰਾ ਕਰ ਦਿੱਤਾ। ਦਿਉਰ ਭਾਬੀਆਂ ਦੀ ਅਤੇ ਜੀਜੇ ਸਾਲੀਆਂ ਦੀ ਕਮਰ 'ਚ ਹੱਥ ਪਾਈ ਨੱਚ ਰਹੇ ਹਨ–ਨਸ਼ੇ ਨੇ ਬੰਦਿਸ਼ਾਂ ਦੀਆਂ ਸਾਰੀਆਂ ਗੰਢਾਂ ਖੋਲ੍ਹ ਦਿੱਤੀਆਂ ਹਨ। ਦੱਬੀਆਂ ਇਛਾਵਾਂ, ਕੈਦੀ ਉਮੀਦਾਂ, ਪਰਦੇ 'ਚ ਢੱਕੀਆਂ ਭਾਵਨਾਵਾਂ, ਢੱਕਣ ਖੁੱਲ੍ਹੀ ਸੋਡੇ ਦੀ ਬੋਤਲ ਵਾਂਗ ਝੱਗੋ–ਝੱਗ ਹੋ ਕੇ ਵਹਿ ਨਿਕਲੀਆਂ ਨੇ।

ਆਪਣੇ ਆਪ 'ਚ ਖਿੱਝ ਨਾਲ ਖੌਲ ਰਹੇ ਸ਼ੁਕਲਾ ਜੀ ਨੂੰ ਉਹਨਾਂ ਦੇ ਮਿਲਟਰੀ 'ਚ ਮੇਜਰ ਜੁਆਈ ਨੇ ਆ ਕੇ ਘੇਰਿਆ। ਅਧਿਕਾਰ ਭਰੀ ਅਰਜ– 'ਅਖੀਰਲੇ ਪੁੱਤਰ ਦਾ ਵਿਆਹ ਹੈ, ਇਹ ਦਿਨ ਮੁੜ ਕੇ ਨਹੀਂ ਆਉਣਾ। ਇਹ ਤਾਂ ਸੋਮਰਸ ਹੈ, ਦੇਵਤਿਆਂ ਦਾ ਰਿੜਕਿਆ ਹੋਇਆ ਅੰਮ੍ਰਿਤ, ਪਲੀਜ ਡੈਡੀ, ਪਲੀਜ਼...!'

ਦਾਮਾਦ ਤੇ ਪੁੱਤਰਾਂ ਦੀ ਪਿਆਰ ਭਰੀ ਇਲਤਜਾ ਸਾਹਵੇਂ ਢਲਦੀ ਉਮਰ ਸ਼ੁਕਲਾ ਜੀ ਨੂੰ ਵੀ ਹਥਿਆਰ ਸੁੱਟਣੇ ਪਏ। ਮਰਿਆਦਾ ਦੀ ਡੋਰ ਹੱਥੋਂ ਖਿਸਕਦੇ ਹੀ ਸੋਮਰਸ ਭਾਵੇਂ ਦੇਵਤਿਆਂ ਦੇ ਰਿੜਕੇ ਹੋਏ ਅੰਮ੍ਰਿਤ ਦਾ ਸੁਆਦ ਉਹਨਾਂ ਨੂੰ ਇੰਦਰ ਲੋਕ ਵੱਲ ਲੈ ਉੱਡਿਆ। ਉਹਨਾਂ ਦੀ ਖਿੱਝ ਮਿੱਠੀ ਸਿਹਰਨ 'ਚ ਬਦਲ ਗਈ– 'ਖੁਸ਼ੀ ਦਾ ਦਿਨ ਹੈ, ਕਿਹੜਾ ਵਾਰ ਵਾਰ ਆਉਣੈ। ਮੁੰਡਿਆਂ ਨੂੰ ਕਰ ਲੈਣ ਦੇ ਮਨ ਆਈ। ਹੋਲੀ ਦੇ ਮੌਕੇ 'ਤੇ ਰੌਲ਼ੇ ਰੱਪੇ ਦੀ ਆੜ ਲੈ ਕੇ ਮੈਂ ਵੀ ਤਾਂ ਆਪਣੀਆਂ ਭਾਬੀਆਂ ਨਾਲ...'

ਜੀ. ਆਰ. ਦੀ ਖ਼ੁਸ਼ੀ ਅਸਮਾਨ ਛੂਹ ਰਹੀ ਹੈ। ਇਸ ਸਮੇਂ ਉਸ ਦੇ ਹੱਥਾਂ 'ਚ ਉਹ ਝਾੜੂ ਹੈ ਜਿਸ ਨਾਲ ਉਹ ਚੰਗੇ ਭਲਿਆਂ ਦੀ ਸ਼ੇਖੀ ਹੂੰਝ ਸਕਦਾ ਹੈ। ਖੱਬੀ ਖਾਨਾਂ ਨੂੰ ਹਿਜੜਿਆਂ ਵਾਂਗ ਨਚਾ ਸਕਦਾ ਹੈ। ਜੀ. ਆਰ. ਭੰਗੜੇ ਦੀਆਂ ਬੋਲੀਆਂ ਵਿਚ ਹਰ ਰਿਸ਼ਤੇ ਨੂੰ ਨੱਥੀ ਕਰ ਕੇ ਬਰਾਤੀਆਂ ਨੂੰ ਪਾਗਲ ਬਣਾਈ ਜਾ ਰਿਹਾ ਹੈ।

ਨਸ਼ਾ ਤੇ ਬੈਂਡ ਦੋਵੇਂ ਹੀ ਆਪਣੇ ਸਿਖਰ 'ਤੇ ਹਨ। ਦੇਹ–ਤੋੜ ਡਾਂਸ ਵੀ। ਜਬਤ ਦੇ ਸਾਰੇ ਕੱਚੇ ਕਿਨਾਰੇ ਟੁੱਟ ਕੇ ਵਹਾਓ 'ਚ ਵਹਿੰਦੇ ਜਾ ਰਹੇ ਹਨ। ਬਰਾਤੀ ਜੋਕਰਾਂ ਵਾਂਗ ਉੱਛਲ ਕੁੱਦ ਰਹੇ ਹਨ। ਬੈਂਡ ਵਾਲਿਆਂ ਤੋਂ ਜੂਠੇ ਸੈਕਸਾਫੋਨ, ਕਲੈਰੋਨੇਟ ਲੈ ਕੇ ਅਨਾੜੀਆਂ ਵਾਂਗ ਵਜਾਉਂਦੇ ਹੋਏ ਸ਼ੇਖੀਆਂ ਜਤਾ ਰਹੇ ਹਨ।

ਇਕ ਢਿੱਡਲ ਬਰਾਤੀ ਨੇ ਵੱਡਾ ਡਰੰਮ ਗਲੇ 'ਚ ਪਾ ਕੇ ਉਸ ਨੂੰ ਭੱਦੇ ਢੰਗ ਨਾਲ ਪਿੱਟਣਾ ਸ਼ੁਰੂ ਕਰ ਦਿੱਤਾ ਹੈ।

ਜੀ. ਆਰ. ਦਾ ਮੁੰਡਾ ਆਪਣੇ ਹਿੱਸੇ ਦੀ ਬਰਾਤ ਨਿਪਟਾ ਕੇ ਕਾਹਲੀ ਨਾਲ ਪਿਉ ਦੀ ਮਦਦ ਲਈ ਆ ਪਹੁੰਚਿਆ। ਰੱਥ ਤੋਂ ਹੇਠਾਂ ਉਤਰਦੇ ਹੀ ਸ਼ੁਕਲਾ ਜੀ ਨੇ ਜੀ. ਆਰ. ਨੂੰ ਆ ਫੜਿਆ, "ਜੀ. ਆਰ. ਭਾਈ, ਤੈਂ ਤਾਂ ਅੱਜ ਮੇਰੀ ਪੱਤ ਰੱਖ ਲਈ।"

ਫੇਰ ਉਹਨਾਂ ਆਪਣੇ ਜੁਆਈ ਨੂੰ ਬੁਲਾ ਕੇ ਇਕ ਪੈੱਗ ਬਣਵਾਇਆ ਤੇ ਜੀ. ਆਰ. ਵੱਲ ਵਧਾ ਦਿੱਤਾ। ਕੁਝ ਦੇਰ ਬਾਅਦ ਸ਼ੁਕਲਾ ਜੀ ਸਰੂਰ 'ਚ ਝੂਮਦੇ ਹੋਏ ਬੋਲੇ, "ਨੱਚੋ ਜੀ. ਆਰ. ਯਾਰ!"

ਕਹਾਣੀ

# ਆਓਗੇ ਜਬ ਤੁਮ...

**-ਰੇਮਨ**

ਸ਼ਾਮ ਦਾ ਵੇਲਾ ਸੀ। ਅਰਾਮ ਕੁਰਸੀ ਤੇ ਬੈਠਿਆਂ ਬਾਬੂ ਰਮੇਸ਼ ਨੇ ਛੱਤ ਵੱਲ ਵੇਖਦੇ ਵੇਖਦੇ ਸਿਗਰਟ ਦਾ ਆਖਰੀ ਸੂਟਾ ਮਾਰਿਆ ਤੇ ਟੇਬਲ ਤੇ ਪਈ ਐਸ਼ ਟਰੇਅ ਨੂੰ ਇਸ ਤਰਾਂ ਵੇਖਣ ਲੱਗੇ ਕਿ ਐਸ਼ ਟਰੇਅ ਖੁਦ ਹੀ ਉਹਨਾਂ ਦੇ ਪਾਸ ਚੱਲ ਕੇ ਆ ਜਾਏ ਤੇ ਉਹਨਾਂ ਨੂੰ ਬਿਲਕੁਲ ਵੀ ਉੱਠਣ ਦਾ ਉਜਰ ਨਾਂ ਕਰਨਾਂ ਪਵੇ। ਪਰ ਐਸ਼ਟਰੇਅ ਦੇ ਪੈਰ ਨਹੀਂ ਸੀ। ਉਹ ਨਹੀਂ ਹਿੱਲੀ। ਬਾਬੂ ਜੀ ਦੇ ਪੈਰ ਸੀ, ਪਰ ਉਹ ਵੀ ਨਹੀਂ ਹਿੱਲੇ। ਅੱਕ ਕੇ ਉਹਨਾਂ ਨੌਕਰ ਨੂੰ ਅਵਾਜ਼ ਦਿੱਤੀ। ਆਬੂ!

ਨੌਕਰ ਭੱਜਾ ਆਇਆ। ਬਾਬੂ ਰਮੇਸ਼ ਤੋਂ ਨੌਕਰ ਦੀ ਉਮਰ ਦਾ ਜਿਆਦਾ ਫਾਸਲਾ ਭਾਵੇਂ ਨਹੀਂ ਸੀ ਪਰ ਰੁਤਬੇ ਦਾ ਤਾਂ ਬਿਲਕੁਲ ਹੀ ਸੀ। ਉਹਨੇ ਬਿਨਾਂ ਕਿਸੇ ਹੁਕਮ ਦੀ ਉਡੀਕ ਕੀਤੇ , ਐਸ਼ ਟਰੇਅ ਟੇਬਲ ਤੋਂ ਚੁੱਕ ਉਹਨਾਂ ਦੇ ਅੱਗੇ ਕਰ ਦਿੱਤੀ। ਬਾਬੂ ਜੀ ਨੇ ਨਿੱਕੀ ਜਿਹੀ ਬਲ ਚੁੱਕੀ ਸਿਗਰਟ ਨੂੰ ਐਸ਼ ਟਰੇਅ ਤੇ ਮੂਧੇ ਮੂੰਹ ਸੁੱਟ ਦਿੱਤਾ। ਤੁਰੰਤ ਆਬੂ ਨੇ ਟੇਬਲ ਤੋਂ ਪੈਕੇਟ ਚੁੱਕਿਆ, ਤੇ ਨਵੀਂ ਸਿਗਰਟ ਬਾਬੂ ਰਮੇਸ਼ ਦੇ ਮੂਹਰੇ ਕਰ ਦਿੱਤੀ, ਪਰ ਬਾਬੂ ਰਮੇਸ਼ ਨੇ ਸਿਗਰਟ ਨੂੰ ਮਨ੍ਹਾ ਕਰਦਿਆਂ ਜੇਬ ਵਿੱਚੋਂ ਆਪਣਾ ਚਸ਼ਮਾ ਕੱਢ ਕੇ ਲਗਾਇਆ ਤੇ ਨੌਕਰ ਤੋਂ ਇਸ਼ਾਰੇ ਨਾਲ ਕਿਤਾਬ ਲੈ ਕੇ ਪੜ੍ਹਨ ਲੱਗੇ। ਆਬੂ ਕੁਛ ਦੇਰ ਉੱਥੇ ਰੁਕਿਆ ਰਿਹਾ, ਫਿਰ ਉਹਨੇ ਕਮਰੇ 'ਚੋਂ ਬਾਹਰ ਜਾਂਦਿਆਂ ਪੁੱਛਿਆ, ਰਾਤ ਨੂੰ ਖਾਣਾ ਖਾਣ ਤੋਂ ਬਾਅਦ ਮਿੱਠੇ ਵਿੱਚ ਕੀ ਖਾਉਗੇ? ਬਾਬੂ ਰਮੇਸ਼ ਨੇ ਐਨਕ ਉਤਾਰ ਕੇ ਆਬੂ ਦੇ ਮੂੰਹ ਵੱਲ ਵੇਖਿਆ ਤੇ ਕਿਹਾ– ਜੋ ਤੈਨੂੰ ਚੰਗਾ ਲੱਗੇ ਬਣਾ ਲਵੀਂ!

ਅੱਜ ਬਣਾਵਾਂਗਾ ਨਹੀਂ! ਬਾਹਰੋਂ ਲੈ ਕੇ ਆਵਾਂਗਾ!

ਬਾਬੂ ਰਮੇਸ਼ ਨੇ ਕੋਈ ਕਿੰਤੂ ਕਰਨ ਦੀ ਬਜਾਇ ਸਿਰਫ ਇਤਨਾਂ ਕਿਹਾ– ਜਿਵੇਂ ਤੈਨੂੰ ਚੰਗਾ ਲੱਗੇ ਕਰ ਲਵੀਂ!

ਪਰ ਇਉਂ ਦੱਸ ਬਾਹਰ ਦਿਨ ਕਿੰਨਾਂ ਕੁ ਬਾਕੀ ਹੈ ਅਜੇ?

ਆਬੂ ਨੇ ਤੁਰੰਤ ਖਿੜਕੀ ਤੋਂ ਪਰਦਾ ਹਟਾਇਆ। ਦਿਨ ਛਿਪਣ 'ਚ ਅਜੇ ਕਾਫੀ ਵਕਤ ਬਾਕੀ ਸੀ। ਆਬੂ ਨੇ ਦਰਵਾਜਾ ਬੰਦ ਕਰਦਿਆਂ ਧੀਮੀ ਅਵਾਜ ਵਿੱਚ ਕਿਹਾ– ਮੈਂ ਬਜ਼ਾਰ ਜਾ ਰਿਹਾ ਹਾਂ। ਰਾਤ ਤੱਕ ਆ ਜਾਵਾਂਗਾ।

ਬਾਬੂ ਰਮੇਸ਼ ਨੇ ਨਾ ਹਾਂ ਕਿਹਾ ਨਾ ਨਾਂਹ ਕਿਹਾ ਤੇ ਚੁੱਪਚਾਪ ਕਿਤਾਬ ਪੜ੍ਹਨ ਲੱਗੇ। ਖਿੜਕੀ ਦੇ ਸਫੈਦ ਪਰਦੇ ਪਾਸੇ ਹੋਏ ਪਏ ਸੀ। ਲਗਾਤਾਰ ਕੋਈ ਪੰਝੀ ਕੁ ਸਫੇ ਪੜ੍ਹਨ ਤੋਂ ਬਾਅਦ ਉਹਨਾਂ ਅੱਖਾਂ ਨੂੰ ਅਰਾਮ ਦੇਣ ਲਈ ਆਸੇ ਪਾਸੇ ਵੇਖਿਆ ਤਾਂ ਸਾਮਣੇ ਖਾਲੀ ਪਏ ਮਕਾਨ ਦੀ ਉੱਪਰਲੀ ਮੰਜਿਲ ਤੇ ਬਾਲਕਨੀ ਵਿੱਚ ਕੋਈ ਔਰਤ ਖੜੀ ਸੀ। ਦੂਰੋਂ ਚਿਹਰਾ ਭਾਵੇਂ ਸਾਫ ਨਜਰ ਨਹੀਂ ਆਉਂਦਾ ਸੀ ਪਰ ਸਾੜ੍ਹੀ ਦਾ ਰੰਗ ਹਲਕਾ ਪੀਲਾ ਜ਼ਰੂਰ ਅੱਖਾਂ ਨੂੰ ਠੰਢਾ ਠੰਢਾ ਕਰ ਰਿਹਾ ਸੀ। ਇਹ ਮਕਾਨ ਬਹੁਤ ਸਾਲਾਂ ਤੋਂ ਬੰਦ ਪਿਆ ਸੀ। ਮਕਾਨ ਮਾਲਿਕ ਬਹੁਤ ਸਾਲ ਪਹਿਲਾਂ ਯੂਰਪ ਚਲੇ ਗਏ। ਦੋ ਤਿੰਨ ਸਾਲ ਵਿੱਚ ਚੱਕਰ ਜਰੂਰ ਮਾਰਦੇ ਪਰ ਉਹਨਾਂ ਕਦੇ ਮਕਾਨ ਨਾਂ ਤਾਂ ਵੇਚਿਆ ਨਾਂ ਕਿਸੇ ਨੂੰ ਕਿਰਾਏ ਤੇ ਹੀ ਦਿੱਤਾ। ਵਿਹੜੇ ਵਿੱਚ ਲੱਗੇ ਦਰਖਤ ਝੱਖੜ ਨੇ ਇੱਕ ਇੱਕ ਕਰਕੇ ਡੇਗ ਦਿੱਤੇ ਸੀ। ਬਾਹਰਲੀ ਦੀਵਾਰ ਦੇ ਨਾਲ ਨਾਲ ਦਰਾਰਾਂ ਵਿੱਚੋਂ ਘਾਹ ਉੱਗ ਆਇਆ ਸੀ। ਦੀਵਾਰਾਂ ਉੱਤੋਂ ਰੰਗ ਦੀਆਂ ਪੇਪੜੀਆਂ ਠਾਹ ਠਾਹ ਥੱਲੇ ਡਿੱਗਦੀਆਂ ਸੀ। ਦੂਰੋਂ ਵੇਖਣ ਵਿੱਚ

ਕਿਸੇ ਬਿਮਾਰ ਬੁੱਢੇ ਆਦਮੀ ਵਰਗਾ ਘਰ ਸੀ ਜੋ ਲੰਗੜਾ ਵੀ ਹੋਵੇ ਤੇ ਕਾਣਾ ਵੀ। ਪੱਕੀ ਸੜਕ ਤੇ ਬਣੇ ਹੋਣ ਕਰਕੇ ਇਹਦੀ ਕੀਮਤ ਸਗੋਂ ਚੰਗੀ ਖਾਸੀ ਸੀ ਪਰ ਅਮੀਰ ਮਾਲਿਕਾਂ ਨੂੰ ਇਹਨੂੰ ਵੇਚ ਦੇਣ ਵਿੱਚ ਕੋਈ ਦਿਲਚਸਪੀ ਨਹੀਂ ਸੀ। ਨਤੀਜਨ ਬਾਬੂ ਰਮੇਸ਼ ਹੋਰਾਂ ਦੇ ਘਰ ਕੋਲ ਖੱਬੇ ਪਾਸੇ ਲਗਭਗ ਹਮੇਸ਼ਾ ਹੀ ਉਜਾੜ ਰਹੀ ਤੇ ਇਹ ਉਜਾੜ ਉਹਨਾਂ ਨੇ ਮਨ ਤੋਂ ਇੰਨੀ ਸਵੀਕਾਰ ਲਈ ਸੀ ਕਿ ਇਸ ਘਰ ਵਿੱਚ ਕਿਸੇ ਦੇ ਆਉਣ ਦੀ ਕਦੇ ਕਲਪਨਾਂ ਵੀ ਨਹੀਂ ਸੀ ਕੀਤੀ। ਪਰ ਹੁਣ ਇਹਦੀ ਉੱਪਰਲੀ ਵੀਰਾਨ ਮੰਜ਼ਲ ਦੇ ਵੱਡੇ ਖੁੱਲ੍ਹੇ ਕਮਰੇ ਦੀ ਬਾਲਕਨੀ ਵਿੱਚ ਕੋਈ ਸੁੰਦਰੀ ਅਚਾਨਕ ਪ੍ਰਗਟ ਹੋ ਗਈ ਸੀ। ਬਾਬੂ ਰਮੇਸ਼ ਇਸ ਦਿਸ਼ਾ ਵਿੱਚ ਹੁੰਦੀ ਹਲਚਲ ਨੂੰ ਸਵੀਕਾਰ ਕਰਦੇ ਜਾਂ ਨਹੀਂ, ਇਸ ਤੋਂ ਵੱਡਾ ਮਸਲਾ ਇਹ ਸੀ ਕਿ ਘਰ ਇਸ ਸੁੰਦਰੀ ਨੂੰ ਸਵੀਕਾਰ ਕਰੇਗਾ ਜਾਂ ਨਹੀਂ। ਇੱਥੇ ਹੁਣ ਕਬੂਤਰਾਂ ਦੀਆਂ ਕਈ ਪੁਸ਼ਤਾਂ ਪਲ ਚੁੱਕੀਆਂ ਸੀ ਤੇ ਕਈ ਆਂਡੇ ਰੋਸ਼ਨਦਾਨ ਵਿੱਚੋਂ ਡਿੱਗ ਕੇ ਟੁੱਟ ਚੁੱਕੇ ਸੀ। ਕਬੂਤਰਾਂ ਦਾ ਸਰਰ ਸਰਰ ਕਰਕੇ ਉੱਠਦਾ ਬੈਠਦਾ ਝੁੰਡ ਅਚਾਨਕ ਕਿਸੇ ਇਨਸਾਨ ਦੀ ਮੌਜੂਦਗੀ 'ਚ ਆਪਣੀ ਗ੍ਰਹਿਸਥੀ ਦਾ ਮਸਲਾ ਕਿੰਝ ਹੱਲ ਕਰੇਗਾ, ਇਹ ਵੇਖਣ ਵਾਲੀ ਗੱਲ ਸੀ। ਉਹਨਾਂ ਚਸ਼ਮਾ ਉਤਾਰ ਕੇ ਦੂਰ ਤੱਕ ਨਜ਼ਰ ਮਾਰੀ। ਨੇੜੇ ਦੀ ਨਜ਼ਰ ਉਹਨਾਂ ਦੀ ਕਮਜ਼ੋਰ ਸੀ ਪਰ ਦੂਰ ਦੀ ਸਾਫ। ਉਮਰ ਅਜੇ ਮਹਿਜ ਪੈਂਤੀ ਕੁ ਸਾਲ, ਪਰ ਕਿਤਾਬਾਂ ਨੇ ਨੇੜੇ ਦੀ ਨਿਗਾਹ ਇਹਨਾਂ ਪੰਜ ਸੱਤ ਸਾਲਾਂ ਵਿੱਚ ਈ ਖਾ ਲਈ। ਵਕਾਲਤ ਕੁਛ ਐਸਾ ਪੇਸ਼ਾ ਹੈ ਕਿ ਬਹੁਤ ਪੜ੍ਹਨਾ ਪੈਂਦਾ ਹੈ। ਸੋ ਬਹੁਤਾ ਸਮਾਂ ਪੜ੍ਹਨ ਕਮਰੇ 'ਚ ਹੀ ਗੁਜ਼ਰ ਜਾਂਦਾਂ ਹੈ। ਮੋਟੀਆਂ ਕਿਤਾਬਾਂ ਜਿੰਨ੍ਹਾਂ ਦੀਆਂ ਜਿਲਦਾਂ ਲਾਲ ਨੇ ਜਾਂ ਕਾਲੀਆਂ , ਘਰ ਦੀਆਂ ਕੰਧਾਂ ਨਾਲ ਚਿਪਕੀਆਂ ਰਹਿੰਦੀਆਂ ਨੇ। ਇਸ ਮਕਾਨ ਅੰਦਰ ਮੁਨਸ਼ੀ ਜੀ ਨੇ ਬੜੇ ਸਾਲ ਉਹਨਾਂ ਦੇ ਪਿਤਾ ਦੀ ਚਾਕਰੀ ਕੀਤੀ, ਫਿਰ ਪਿਤਾ ਜੀ ਚੱਲ ਵਸੇ ਤੇ ਮੁਨਸ਼ੀ ਜੀ ਵੀ। ਹੁਣ ਉਹਨਾਂ ਦਾ ਲੜਕਾ ਆਬੂ ਇੱਥੇ ਦਿਨ ਤੇ ਰਾਤ ਰੁਕਦਾ ਹੈ। ਉਮਰ ਵਿੱਚ ਬਾਬੂ ਰਮੇਸ਼ ਤੋਂ ਦੋ ਈ ਸਾਲ ਵੱਡਾ ਹੈ।

ਬਾਬੂ ਜੀ ਨੇ ਵੇਖਿਆ ਹਲਕੀ ਪੀਲੀ ਸਾੜ੍ਹੀ ਦਾ ਪੱਲੂ ਉਡਾਉਂਦੀ ਔਰਤ ਕਮਰੇ ਵਿੱਚ ਚਲੀ ਗਈ। ਬਗੀਚੇ ਵਿੱਚ ਸੈਰ ਕਰਦੇ ਬਾਬੂ ਰਮੇਸ਼ ਨੂੰ ਗਲੀ ਵਿੱਚੋਂ ਸਮਾਨ ਉਤਾਰਨ ਦੀਆਂ ਅਵਾਜਾਂ ਸੁਣਾਈ ਦਿੰਦੀਆਂ ਰਹੀਆਂ। ਔਰਤ ਦੀ ਟਣਕਦੀ ਅਵਾਜ, "ਅਰੇ ਇਧਰ ਨਹੀਂ ਇਧਰ, ਦੇਖ ਕਰ ਚਲੋ, ਅਰੇ ਗਿਰਾ ਨਾਂ ਦੇਨਾਂ!" ਆਦਿ ਆਦਿ ਹਨੇਰਾ ਹੋਣ ਤੱਕ ਸੁਣਦੀਆਂ ਰਹੀਆਂ। ਉਂਝ ਭਾਵੇਂ ਉਹ ਇੰਨੀ ਦੇਰ ਸੈਰ ਭਾਵੇਂ ਨਾ ਹੀ ਕਰਦੇ ਪਰ ਅਵਾਜ਼ ਨਾਲ ਉਹਨਾਂ ਦਾ ਜੀਅ ਲੱਗ ਗਿਆ। ਨਵੇਂ ਗੁਆਂਢ ਨੂੰ ਵੇਖਣ ਦੀ ਜਗਿਆਸਾ ਉਹਨਾਂ ਦੇ ਸ਼ਾਂਤ ਮਨ ਅੰਦਰ ਹਲਚਲ ਕਰਨ ਲੱਗੀ।

ਕਮਰੇ ਵਿੱਚ ਸੌਣ ਵੇਲੇ ਤੱਕ ਉਹ ਨਾਲ ਦੇ ਘਰ ਅੰਦਰ ਹੁੰਦਾ ਚੀਜ਼ਾਂ ਦਾ ਸ਼ੋਰ ਮਹਿਸੂਸ ਕਰਦੇ ਰਹੇ। ਇਹ ਸ਼ੋਰ ਬਾਹਰੋਂ ਭਾਵੇਂ ਟਿਕ ਗਿਆ ਸੀ ਪਰ ਉਹ ਮਹਿਸੂਸ ਕਰ ਰਹੇ ਸਨ ਕਿ ਕਿਸ ਤਰਾਂ ਇੱਕ ਵੱਡੀ ਲੌਬੀ ਅੰਦਰ ਅਟੈਚੀ ਕੇਸ ਕੱਪੜਿਆਂ ਨਾਲ ਭਰੇ ਪਏ ਹੋਣਗੇ, ਤੇ ਸੋਫੇ ਕਿਸੇ ਹੋਰ ਦਿਸ਼ਾ ਵਿੱਚ ਪਏ ਹੋਣਗੇ! ਉਹ ਜ਼ਰੂਰ ਸਭ ਕੁਝ ਠੀਕ ਕਰਨ ਦੀ ਕੋਸ਼ਿਸ਼ ਕਰੇਗੀ ਪਰ ਫਿਰ ਥੱਕ ਕੇ ਸੌਂ ਜਾਏਗੀ! ਪਰ ਸੌਏਂਗੀ ਕਿੱਥੇ ਬਾਰੇ ਸੋਚਦਿਆਂ ਬਾਬੂ ਰਮੇਸ਼ ਗੂੜ੍ਹੀ ਨੀਂਦ ਸੌਂ ਗਏ। ਸਵੇਰ ਵੇਲੇ ਉਹ ਚਿਰੋਕੇ ਉੱਠੇ। ਤੇ ਛੇਤੀ ਛੇਤੀ ਨਹਾ ਕੇ , ਕਚਿਹਰੀ ਵੱਲ ਨੂੰ ਚਲੇ ਗਏ। ਉਹਨਾਂ ਦੇ ਖਿਆਲ ਵਿੱਚੋਂ ਇਹ ਗੱਲ ਬਿਲਕੁਲ ਅਲੋਪ ਹੋ ਗਈ ਕਿ ਨਾਲ ਵਾਲੇ ਘਰ ਵਿੱਚ ਕੋਈ ਆਇਆ ਵੀ ਹੈ। ਚਾਰ ਵਜੇ ਕਚਿਹਰੀ ਤੋਂ ਵਾਪਿਸ ਆਉਂਦਿਆਂ ਉਹਨਾਂ ਵੇਖਿਆ ਕਿ ਗੋਲ ਮੋਟੀਆਂ ਅੱਖਾਂ ਵਾਲੀ ਔਰਤ ਨੇ ਹਲਕੇ ਪੀਲੇ ਰੰਗ ਦੀ ਬਜਾਇ ਅਸਮਾਨੀ ਨੀਲੇ ਰੰਗ ਦੀ ਸਾੜੀ ਪਹਿਨ ਰੱਖੀ ਸੀ। ਗੁੱਟ

ਉੱਪਰ ਪਤਲੇ ਬੈਲਟ ਵਾਲੀ ਘੜੀ ਬੰਨ ਰੱਖੀ ਸੀ , ਜੀਹਦਾ ਡਾਇਲ ਚੌਰਸ ਸੀ। ਐਸੀਆਂ ਘੜੀਆਂ ਅਮੂਮਨ ਬੈਂਕ ਜਾਣ ਵਾਲੀਆਂ ਔਰਤਾਂ ਬੰਨ੍ਹਿਆਂ ਕਰਦੀਆਂ ਨੇ। ਕੰਨਾਂ ਵਿੱਚ ਨਿੱਕੇ ਨਿੱਕੇ ਨਾਮਾਤਰ ਜਿਏ ਟੌਪਸ। ਵਾਲ ਖੁੱਲ੍ਹੇ ਛੱਡੇ ਹੋਏ, ਜਿੰਨਾਂ ਦੀਆਂ ਮੱਥੇ ਡਿੱਗਦੀਆਂ ਛੋਟੀਆਂ ਲਟਾਂ ਨੂੰ ਉਹਨੇ ਦੋ ਵਾਰ ਕੰਨ ਪਿੱਛੇ ਕੀਤਾ। ਬਾਬੂ ਰਮੇਸ਼ ਨੇ ਘਰ ਵੜਨ ਤੋਂ ਪਹਿਲਾਂ ਹੀ ਉਹਦੀ ਦਿੱਖ ਨੂੰ ਦਸ ਵਿੱਚੋਂ ਅੱਠ ਨੰਬਰ ਦੇ ਦਿੱਤੇ। ਪਰ ਇੱਕ ਪਲ ਲਈ ਰੁਕ ਕੇ ਆਪਣਾਂ ਤੁਆਰਫ਼ ਕਰਾਉਣ ਦੀ ਕੋਸ਼ਿਸ਼ ਨਹੀਂ ਕੀਤੀ।

ਉਸ ਸ਼ਾਮ ਜਦ ਬਾਬੂ ਜੀ ਕਿਤਾਬਾਂ ਵਿੱਚੋਂ ਵਿਹਲੇ ਹੋ ਕੇ ਆਪਣੀ ਅਰਾਮ ਕੁਰਸੀ ਤੇ ਅੱਖਾਂ ਮੀਚੀ ਪਏ ਸਨ ਤਾਂ ਬਹੁਤ ਮਧੁਰ ਅਵਾਜ ਉਹਨਾਂ ਦੇ ਕੰਨਾਂ ਵਿੱਚ ਪਈ ! ਛੋੜ ਕੇ ਅਪਨੀਂ ਕਾਸ਼ੀ ਮਥੁਰਾ, ਆਉ ਬਸੋ ਮੋਰੇ ਨੈਨ.... ...

ਸ਼ਰਧਾ ਵਿੱਚ ਡੁੱਬ ਡੁੱਬ ਜਾਂਦੀ ਅਵਾਜ਼ ਤੇ ਆਥਣ ਦਾ ਵੇਲਾ, ਦੋਨੋ ਹੀ ਮੋਰ ਖੰਭਾਂ ਜਿਹੇ ਹੋ ਗਏ । ਬਾਬੂ ਰਮੇਸ਼ ਗੂੜ੍ਹੇ ਧਿਆਨ ਵਿੱਚ ਮਗਨ ਰਹੇ, ਤੇ ਸੁਣਦੇ ਰਹੇ ! ਅੱਧਾ ਘੰਟਾ ਇਹ ਭਗਤੀ ਗੀਤ ਚਲਦਾ ਰਿਹਾ, ਵੀਣਾ ਵੀ ਵਜਦੀ ਰਹੀ।ਗੀਤ ਬੰਦ ਹੋਇਆ ਤਾਂ ਬਾਬੂ ਜੀ ਸੋਚਣ ਲੱਗੇ ਇਹ ਜ਼ਰੂਰ ਕੋਈ ਸੰਗੀਤ ਅਧਿਆਪਕਾ ਹੋਵੇਗੀ।

ਸ਼ਾਮ ਵੇਲੇ ਉਹਨਾਂ ਆਬੂ ਨੂੰ ਅਵਾਜ਼ ਦਿੱਤੀ ਤੇ ਪੁੱਛਿਆ ਕਿ ਸਾਮਣੇ ਘਰ ਵਿਚ ਕੋਈ ਪਰਿਵਾਰ ਰਹਿਣ ਆਇਆ ਏ? ਆਬੂ ਨੇ ਕਿਹਾ , ਕੋਈ ਆਇਆ ਤਾਂ ਹੈ ਪਰ ਪਰਿਵਾਰ ਨਹੀਂ। ਇਕੱਲੀ ਔਰਤ ਹੈ, ਸ਼ਾਇਦ ਕਿਤੇ ਨੌਕਰੀ ਕਰਦੀ ਹੈ। ਪਤੀ ਨਹੀਂ ਹੈ, ਬੱਚਾ ਨਹੀਂ ਹੈ। ਪਤਾ ਨਹੀਂ ਵਿਆਹੀ ਵੀ ਹੈ ਜਾਂ ਕੁਆਰੀ।

ਬਾਬੂ ਰਮੇਸ਼ ਉਸ ਸ਼ਾਮ ਬਰਾਮਦੇ ਵਿੱਚ ਬੈਠੇ ਰਹੇ, ਸਿੱਪ ਸਿੱਪ ਸ਼ਰਾਬ ਪੀਂਦੇ ਰਹੇ ਤੇ ਸਾਮ੍ਹਣੇ ਦਿਸਦੀ ਬਾਲਕਨੀ ਦੇ ਬਾਹਰ ਜਗਦਾ ਨਿੱਕਾ ਪੀਲਾ ਬਲਬ ਦੇਖਦੇ ਰਹੇ। ਉਸ ਰਾਤ ਕੋਈ ਹਲਚਲ ਨਹੀਂ ਸੀ। ਪਰ ਮੌਸਮ ਨੇ ਅੱਧੀ ਰਾਤੋਂ ਬਾਅਦ ਕੋਈ ਪਾਸਾ ਲਿਆ, ਪਤਾ ਨਹੀਂ ਕਿਹੜੇ ਵੇਲੇ ਬੱਦਲ ਲਿਸ਼ਕੇ ਤੇ ਗਰਜੇ ਪਰ ਬਾਬੂ ਰਮੇਸ਼ ਦੇ ਉੱਠਣ ਤੱਕ ਬਹੁਤੀ ਵਰਖਾ ਪੈ ਚੁੱਕੀ ਸੀ ਤੇ ਹੁਣ ਨਿੱਕੀ ਨਿੱਕੀ ਭੂਰ ਡਿੱਗ ਰਹੀ ਸੀ। ਉਹਨਾਂ ਨੇ ਅਜੇ ਮੌਸਮ ਦਾ ਪੂਰਾ ਜਾਇਜ਼ਾ ਵੀ ਨਹੀ ਲਿਆ ਸੀ ਕਿ ਦਰਵਾਜੇ ਤੇ ਖਟਖਟ ਹੋਈ। ਆਬੂ ਨੇ ਖਟਖਟ ਸੁਣੀ ਤੇ ਦਰਵਾਜਾ ਖੋਲ੍ਹਿਆ। ਨਵੀਂ ਗੁਆਂਢਣ ਛਤਰੀ ਲੈ ਕੇ ਸਾਮਣੇ ਖੜ੍ਹੀ ਸੀ। "ਦਰਅਸਲ ! ਰਾਤ ਬਹੁਤ ਜਿਆਦਾ ਵਰਖਾ ਹੋਣ ਕਰਕੇ ਸਭ ਤੋਂ ਉੱਪਰ ਵਾਲੀ ਛੱਤ ਤੇ ਪਾਣੀ ਰੁਕ ਗਿਆ ਹੈ ! ਸ਼ਾਇਦ ਪਾਣੀ ਦੇ ਨਿਕਾਸ ਵਿੱਚ ਕੋਈ ਅੜਚਨ ਹੈ। ਤੁਸੀਂ ਕੋਈ ਮਦਦ ਕਰ ਸਕਦੇ ਹੋ?" ਆਬੂ ਨੇ ਅੱਧੀਆਂ ਖੁੱਲ੍ਹੀਆਂ ਅੱਖਾਂ ਨਾਲ ਰਮੇਸ਼ ਬਾਬੂ ਵੱਲ ਵੇਖਿਆ , ਜਦ ਉਹਨਾਂ ਇਸ਼ਾਰਾ ਕੀਤਾ ਤਾਂ ਉਹ ਦਰਵਾਜ਼ੇ ਵਿੱਚੋਂ ਹੀ ਨਵੀਂ ਗੁਆਂਢਣ ਦੀ ਮਦਦ ਲਈ ਚਲਾ ਗਿਆ।

ਆਬੂ ਜਦੋਂ ਗੁਆਂਢੀ ਦੇ ਘਰ ਹੀ ਜਾ ਰਿਹਾ ਸੀ ਤਾਂ ਜ਼ਾਹਿਰ ਸੀ ਕਿ ਬਹੁਤ ਕੁਛ ਉਹਨਾਂ ਨੂੰ ਪਤਾ ਲੱਗਣ ਵਾਲਾ ਸੀ। ਆਬੂ ਕੁਛ ਦੇਰ ਤੱਕ ਵਾਪਿਸ ਆਇਆ ਤਾਂ ਉਹਦੇ ਹੱਥ ਵਿੱਚ ਛਤਰੀ ਸੀ।

ਬਾਬੂ ਰਮੇਸ਼ ਨਵੀਂ ਪੜੋਸਣ ਦੀ ਇਸ ਲਿਆਕਤ ਤੇ ਮੁਸਕੁਰਾ ਪਏ।

ਨਿੱਕੀ ਨਿੱਕੀ ਭੂਰ ਨੂੰ ਵੇਖਦੇ ਉਹ ਬਰਾਮਦੇ ਵਿੱਚ ਹੀ ਖੜ੍ਹੇ ਸਨ। ਆਬੂ ਨੂੰ ਛਤਰੀ ਸੁਕਾਉਣ ਲਈ ਰੱਖਦਿਆਂ ਵੇਖ ਉਹਨਾਂ ਪੁੱਛਿਆ– "ਬਿਲਕੁਲ ਇਕੱਲੀ ਰਹਿੰਦੀ ਹੈ ਜਾਂ ਕੋਈ ਬੱਚਾ ਵੱਚਾ ਹੈ ਘਰ ਵਿੱਚ?"

"ਜੀ ਬੱਚਾ ਤੇ ਕੋਈ ਵਿਖਾਲੀ ਨਹੀਂ ਦਿੱਤਾ! ਆਦਮੀ ਵੀ ਕੋਈ ਹੈ ਨਹੀਂ ਸ਼ਾਇਦ! ਜਾਂ ਕੀ ਪਤਾ ਕਿਤੇ ਗਿਆ ਹੋਵੇ!"

ਬਾਬੂ ਜੀ ਨੇ ਡੂੰਘਾਂ ਸਾਹ ਲਿਆ, ਕੁਛ ਸਮਝਿਆ ਤੇ ਚੁੱਪ ਕਰ ਗਏ। ਸਾਮਣੇ ਬਾਲਕਨੀ ਵੱਲ ਇੱਕ ਝਲਕ ਵੇਖਿਆ ਤੇ ਦਫਤਰ ਜਾਣ ਲਈ ਤਿਆਰ ਹੋਣ ਲੱਗੇ।

ਇਹ ਨਵੇਂ ਗੁਆਂਢ ਨਾਲ ਉਹਨਾਂ ਦੀ ਦੂਸਰੀ ਜਾਂ ਤੀਸਰੀ ਸ਼ਾਮ ਸੀ। ਅੱਜ ਬਾਬੂ ਰਮੇਸ਼ ਜ਼ਰਾ ਲੇਟ ਪਰਤੇ , ਤੇ ਉਹਨਾਂ ਦੇ ਆਉਣ ਤੱਕ ਨਵੀਂ ਗੁਆਂਢਣ ਦਰਵਾਜੇ ਵਿੱਚ ਨਹੀ ਸੀ ਸਗੋਂ ਦਰਵਾਜਾ ਅੰਦਰੋਂ ਬੰਦ। ਘਰ ਆਉਂਦਿਆਂ ਉਹਨਾਂ ਕਾਲਾ ਕੋਟ ਕੁਰਸੀ ਉੱਤੇ ਰੱਖਿਆ ਕੇ ਨਹਾਉਂਦੇ ਵਕਤ ਰੋਸ਼ਾਨਦਾਰ ਵਿੱਚੋਂ ਛੰਨ ਕਰਕੇ ਅਵਾਜ ਆਉਣ ਲੱਗੀ....... ਮਨਮੋਹਨਾਂ....... ਉਹ ਕ੍ਰਿਸ਼ਨ ਨੂੰ ਵਾਜਾਂ ਮਾਰਨ ਲੱਗੀ।

ਸ਼ਾਮ ਸਲੋਨੇ ਨੰਦ ਲਾਲਾ.... ਕਿਸ਼ਨਾ ਬਨਵਾਰੀ .....!!

ਬਾਹਰ ਆ ਕੇ ਉਹਨਾਂ ਆਬੂ ਨੂੰ ਪੁੱਛਿਆ! ਨਵੇਂ ਗੁਆਂਢ ਦੀ ਕੋਈ ਖਬਰ !

ਆਬੂ ਨੇ ਕਿਹਾ- ਕੋਈ ਖਬਰ ਨਹੀਂ ਬਾਬੂ ਜੀ!

ਉਹਨਾਂ ਇਲਾਇਚੀ ਵਾਲੀ ਚਾਹ ਦੀ ਘੁੱਟ ਭਰੀ ਤੇ ਬਰਾਮਦੇ 'ਚ ਬੈਠੇ ਬਾਲਕਨੀ ਵੱਲ ਵੇਖਣ ਲੱਗੇ! ਪਰ ਉਹ ਬਾਹਰ ਨਹੀਂ ਆਈ।

ਇਸ ਅਵਾਜ਼ ਲਈ ਬਾਬੂ ਰਮੇਸ਼ ਦੀ ਉਤਸੁਕਤਾ ਵਧ ਗਈ। ਬੇਸ਼ਕ ਉਹ ਖੁਦ ਵੀ ਸੁੰਦਰ ਸੀ ਬਹੁਤ ਪਰ ਉਹਦੇ ਇਕੱਲੇ ਰਹਿਣ ਵਾਲੀ ਗੱਲ ਨੇ ਬਾਬੂ ਰਮੇਸ਼ ਦਾ ਮਨ ਸੋਚਾਂ ਵਿੱਚ ਪਾ ਰੱਖਿਆ ਸੀ। ਆਖਿਰ ਇੰਨੀ ਇਕੱਲੀ ਕਿਉਂ ਰਹਿੰਦੀ ਹੈ। ਇਹ ਸੁਭਾਵਿਕ ਸੀ ਕਿ ਕਿਸੇ ਸੁੰਦਰ ਔਰਤ ਦੇ ਇੰਨੇ ਇਕੱਲੇ ਰਹਿਣ ਨਾਲ ਆਸ ਪਾਸ ਰਹਿੰਦੇ ਆਦਮੀਆਂ ਦਾ ਮਨ ਵਿਚਲਿਤ ਹੋਵੇ।

ਬਾਰਿਸ਼ ਤੋਂ ਬਾਅਦ ਦਰਖਤ ਧੋਤੇ ਹੋਏ ਤੇ ਨਵੇਂ ਨਿਕਲ ਆਏ ਸਨ। ਡੁੱਬਦੇ ਡੁੱਬਦੇ ਸੂਰਜ ਦਾ ਗਹਿਰਾ ਲਾਲ ਚਾਨਣ ਪੱਛਮ ਦੀ ਗੁੱਠ ਵਿੱਚੋਂ ਦਿਸਣ ਲੱਗਾ ਸੀ। ਬਾਬੂ ਰਮੇਸ਼ ਨੇ ਕਿਸੇ ਵੇਗ ਵਿੱਚ ਆ ਕੇ ਨੌਕਰ ਨੂੰ ਅਵਾਜ ਦਿੱਤੀ ਤੇ ਕਿਹਾ- "ਉਹਨਾਂ ਦੇ ਘਰ ਜਾ ਕੇ ਪੁੱਛ ਆਉ ਕਿਸੇ ਚੀਜ ਦੀ ਜ਼ਰੂਰਤ ਤੇ ਨਹੀਂ? ਔਰ ਉਹ ਛੱਤ ਉੱਪਰ ਮੀਂਹ ਦੇ ਪਾਣੀ ਦੀ ਜੋ ਬਲੌਕੇਜ ਸੀ, ਉਹ ਹਟ ਗਈ?"

ਫਿਰ ਕੁਛ ਸੋਚ ਕੇ ਬੋਲੇ , ਅੱਛਾ ਰੁਕ! ਬਲੌਕੇਜ ਵਾਲੀ ਗੱਲ ਨਾਂ ਪੁੱਛਣਾ, ਸਿਰਫ ਇਤਨਾਂ ਪੁੱਛ ਲੈਣਾਂ ਕਿ ਕਿਸੇ ਚੀਜ ਦੀ ਜ਼ਰੂਰਤ ਤੇ ਨਹੀਂ?"

"ਅੱਛਾ ਨਹੀਂ- ਇਸ ਤਰਾਂ ਕਹਿਣਾ ਕਿ ਕਿਸੇ ਚੀਜ ਦੀ ਜ਼ਰੂਰਤ ਹੋਵੇ ਤਾਂ ਬੇਝਿਜਕ ਦੱਸਣਾਂ।

ਆਬੂ ਰਮੇਸ਼ ਬਾਬੂ ਦੇ ਤੇਜੀ ਨਾਲ ਬਦਲਦੇ ਵਾਕਾਂ ਨੂੰ ਸੁਣਦਾ ਰਿਹਾ।

ਜਦ ਬਾਬੂ ਜੀ ਨੇ ਨਿਸ਼ਚਾ ਕਰ ਲਿਆ ਕਿ ਅੰਤਲਾ ਵਾਕ ਹੀ ਕਹਿਣ ਲਈ ਸਭ ਤੋਂ ਸਹੀ ਹੈ ਤਾਂ ਉਹਨਾਂ ਆਬੂ ਦੇ ਮੂੰਹ ਵੱਲ ਵੇਖ ਕੇ ਕਿਹਾ- ਅੱਛਾ ਦੱਸ ਕੀ ਕਹੇਂਗਾ?

ਜੀ ਕਹਾਂਗਾ ਕਿ ਕਿਸੇ ਚੀਜ਼ ਦੀ ਜਰੂਰਤ ਤੇ ਨਹੀਂ?

ਬਾਬੂ ਰਮੇਸ਼ ਨੇ ਮਾਚਿਸ ਦੀ ਤੀਲੀ ਹਵਾ ਵਿੱਚ ਬੁਝਾਈ ਤੇ ਕਿਹਾ! ਨਹੀਂ , ਨਹੀਂ ! ਇਸ ਤਰਾਂ ਕਹਿਣਾਂ ਕਿ ਕਿਸੇ ਚੀਜ ਦੀ ਜ਼ਰੂਰਤ ਹੋਵੇ ਤਾਂ ਬੇਝਿਜਕ ਦੱਸਣਾਂ!

ਆਬੂ ਨੇ ਗੱਲ ਸਮਝੀ ਤੇ ਬਾਹੁਕਮ ਦਰਵਾਜ਼ੇ ਵਿੱਚੋਂ ਬਾਹਰ ਹੋ ਗਿਆ। ਰਮੇਸ਼ ਬਾਬੂ ਨੇ ਸਿਗਰਟ ਦਾ ਕਸ਼ ਖਿੱਚਿਆ ਤੇ ਧੂੰਆਂ ਉਹਨਾਂ ਦੇ ਮੂੰਹ ਵਿੱਚੋਂ ਭੱਠੇ ਦੀ ਚਿਮਨੀਂ ਤਰਾਂ ਹਵਾ ਵਿੱਚ

ਵਲ ਖਾਂਦਾ ਖਿੰਡ ਗਿਆ।

ਵੀਹ ਮਿੰਟ ਆਬੂ ਮੁੜਿਆ ਨਹੀਂ। ਬਰਾਮਦੇ 'ਚ ਲੱਗੀ ਘੜੀ ਅੰਦਰ ਸਕਿੰਟਾਂ ਦੀ ਸੂਈ ਚਕ ਚਕ ਦੀ ਅਵਾਜ ਕਰਦੀ ਰਹੀ। ਇਹ ਅਵਾਜ ਸਿਰਫ ਉਦੋਂ ਸੁਣਦੀ ਹੈ ਜਦੋਂ ਬਾਕੀ ਚੀਜਾਂ ਦਾ ਸ਼ੋਰ ਨਾਂ ਸੁਣ ਰਿਹਾ ਹੋਵੇ। ਇਸ ਚੱਕ ਚੱਕ ਨੇ ਬਾਬੂ ਰਮੇਸ਼ ਨੂੰ ਇੰਨਾਂ ਬੇਚੈਨ ਕਰ ਦਿੱਤਾ ਕਿ ਇਸ ਚੁੱਪ ਨੂੰ ਤੋੜਨ ਲਈ ਉਹ ਖੁਦ ਹੀ ਕੋਈ ਗੀਤ ਗੁਣਗੁਣਾਉਣ ਲੱਗੇ ! ਪਰ ਗੀਤ ਦੀ ਧੁਨ ਚਕ ਚਕ ਤੋਂ ਉੱਚੀ ਨਾਂ ਹੋ ਸਕੀ। ਉਹਨਾਂ ਘੜੀ ਦੀ ਤਰਫ ਘੂਰ ਕੇ ਵੇਖਿਆ ਪਰ ਇਸ ਘੂਰੀ ਦਾ ਅਸਰ ਘੜੀ ਤੇ ਉੰਨਾਂ ਹੀ ਹੋਇਆ ਜਿੰਨਾਂ ਉਹਨਾਂ ਦੇ ਸਿਗਰਟ ਪੀਣ ਤੋਂ ਬਾਅਦ ਦੂਰ ਪਈ ਐਸ਼ ਟਰੇਅ ਤੇ ਹੁੰਦਾ ਹੈ।

ਉਹਨਾਂ ਦੇ ਖਿਆਲ ਅਜੇ ਘੜੀ ਨਾਲ ਦੋ ਚਾਰ ਹੋ ਹੀ ਰਹੇ ਸਨ ਕਿ ਸਾਮ੍ਹਣੇ ਆਬੂ ਆ ਕੇ ਖੜ੍ਹ ਗਿਆ। ਬਾਬੂ ਜੀ ਉਤਸੁਕਤਾ ਨਾਲ ਉਹਦਾ ਮੂੰਹ ਵੇਖਣ ਲੱਗੇ!

ਜੀ ਉਹਨਾਂ ਨੇ ਕਿਹਾ - ਸ਼ੁਕਰੀਆ !

ਹੋਰ?

ਬਸ ਸ਼ੁਕਰੀਆ ਕਿਹਾ!

ਸਿਰਫ ਸ਼ੁਕਰੀਆ ਕਹਿਣ ਵਿੱਚ ਇੰਨਾਂ ਵਕਤ ਲੱਗਾ ?

ਜੀ ਹਾਂ ਸਚ, ਉਹਨਾਂ ਕਿਹਾ ਕਿ ਘਰ ਵਿੱਚ ਕੁਛ ਭਾਰੀ ਸਮਾਨ ਟਿਕਾਉਣ ਵਾਲਾ ਏ , ਜੇ ਮਦਦ ਮਿਲ ਜਾਏ !ਕਹਿੰਦੇ ਸਨ, ਕੁਛ ਚੀਜਾਂ ਇੰਨੀਆਂ ਭਾਰੀਆਂ ਨੇ ਉਹਨਾਂ ਤੋਂ ਹਿਲਦੀਆਂ ਵੀ ਨਹੀਂ।

ਹੋਰ?

ਹੋਰ ਉਹਨਾਂ ਪੁੱਛਿਆ ਕਿ ਇੱਥੇ ਨੇੜੇ ਕੋਈ ਪਾਰਕ ਹੈ ਜਾਂ ਨਹੀਂ?

ਇਸ ਤਰਾਂ ਵੀ ਪੁੱਛਿਆ ਕਿ......

ਕੀ ਪੁੱਛਿਆ?

ਇਸ ਤਰਾਂ ਪੁੱਛਦੇ ਸਨ ਕਿ ਕੋਈ ਔਰਤ ਹੈ ਇਸ ਘਰ ਵਿੱਚ ?

ਤੂੰ ਕੀ ਕਿਹਾ...?

ਮੈਂ ਕਿਹਾ.... ਨਹੀਂ ਹੈ!

ਬਾਬੂ ਰਮੇਸ਼ ਨੇ ਰਾਹਤ ਦਾ ਇੱਕ ਸਾਹ ਲਿਆ । ਪਹਿਲਾ ਹੀ ਪ੍ਰਭਾਵ ਇਹ ਠੀਕ ਨਹੀਂ ਕਿ ਨਵੇਂ ਗੁਆਂਢੀਆਂ ਨੂੰ ਉਹਨਾਂ ਦੇ ਤੇ ਉਹਨਾਂ ਦੀ ਪਤਨੀਂ ਦੇ ਸਾਲਾਂ ਤੋਂ ਚਲਦੇ ਝਗੜੇ ਬਾਰੇ ਇੰਨੀ ਛੇਤੀ ਪਤਾ ਲੱਗ ਜਾਵੇ! ਇਹ ਉਹਨਾਂ ਦਾ ਨਿੱਜੀ ਮਸਲਾ ਹੈ!

ਸਿਗਰਟ ਮੁਕਾ ਕੇ ਉਹਨਾਂ ਕਿਹਾ- ਖਾਣੇ ਵਿੱਚ ਕੀ ਬਣਿਆ ਹੈ?

ਅਜੇ ਕੁਛ ਨਹੀਂ ਬਣਿਆ - ਦੱਸੋ ਤੁਸੀਂ ਕੀ ਖਾਉਗੇ!

ਬਾਬੂ ਰਮੇਸ਼ ਸਵਾਲ ਕਰਕੇ ਜਵਾਬ ਦੇਣਾ ਭੁੱਲ ਗਏ ਤੇ ਚੁੱਪਚਾਪ ਪੜ੍ਹਨ ਕਮਰੇ ਦੀ ਕੁਰਸੀ ਤੇ ਕੋਈ ਕਿਤਾਬ ਖੋਲ੍ਹ ਕੇ ਬੈਠ ਗਏ।

ਅਗਲੀ ਸਵੇਰ ਉੱਠੇ ਤੇ ਜਾਂਦੇ ਹੋਏ ਆਬੂ ਨੂੰ ਅਵਾਜ ਮਾਰ ਕੇ ਕਹਿ ਗਏ ਕਿ ਯਾਦ ਨਾਲ ਗੁਆਂਢੀਆਂ ਦੇ ਘਰ ਜਾ ਕੇ ਸਾਰਾ ਸਮਾਨ ਆਪਣੀ ਥਾਂ ਸਿਰ ਰੱਖ ਆਵੇ!

ਉਸ ਦਿਨ ਕਿਉਂਕੀ ਸ਼ਨੀਵਾਰ ਸੀ, ਇਸ ਲਈ ਉਹ ਆਮ ਨਾਲੋਂ ਜਲਦੀ ਵਾਪਿਸ ਆਏ। ਦਰਵਾਜ਼ਾ ਬੰਦ ਸੀ। ਬਾਬੂ ਜੀ ਆਉਂਦਿਆਂ ਈ ਪੁੱਛਿਆ - ਸਮਾਨ ਰਖਵਾ ਦਿੱਤਾ ?

ਜੀ ਰਖਵਾ ਦਿੱਤਾ।

ਕੀ ਕਿਹਾ ਉਹਨਾਂ ਨੇ?

ਕਿਹਾ- ਸ਼ੁਕਰੀਆ।

ਹੋਰ ਕੀ ਕਿਹਾ?

ਜੀ ਬਸ ਸ਼ੁਕਰੀਆ ਕਿਹਾ।

ਬਾਬੂ ਜੀ ਨੇ ਆਪਣੀ ਕਾਲੀ ਟਾਈ ਨੂੰ ਸਫੈਦ ਕਮੀਜ ਉੱਪਰੋਂ ਢਿੱਲਾ ਕੀਤਾ ਤੇ ਕਫਾਂ ਦੇ ਬਟਨ ਖੋਲਦਿਆਂ ਕਿਹਾ- ਦੁਪਹਿਰ ਦਾ ਖਾਣਾ ਮੈਂ ਨਹੀਂ ਖਾਵਾਂਗਾ! ਤੇ ਸ਼ਾਮ ਦਾ ਖਾਣਾ ਮੇਰੇ ਤੋਂ ਪੁੱਛ ਕੇ ਬਣਾਉਣਾਂ!

ਆਥਣ ਵੇਲੇ ਆਬੂ ਉਹਨਾਂ ਦੇ ਪੜ੍ਹਨ ਕਮਰੇ ਵਿੱਚ ਬਹੁਤ ਆਹਿਸਤੇ ਕਦਮ ਰੱਖਦਿਆਂ ਗਿਆ- ਤੇ ਧੀਮੀਂ ਅਵਾਜ ਵਿੱਚ ਪੁੱਛਿਆ- ਖਾਣੇ ਵਿੱਚ ਕੀ ਬਣਾਉਂਣਾ ਹੈ ?

ਹਾਂਅ? ਕਿਤਾਬ ਵਿੱਚੋਂ ਨਿਗਾਹ ਕੱਢਦਿਆਂ ਉਹਨਾਂ ਪਹਿਲਾਂ ਆਬੂ ਦੀ ਗੱਲ ਨੂੰ ਸਮਝਿਆ ਫਿਰ ਦੀਵਾਰ ਵੱਲ ਵੇਖਦਿਆਂ ਕਿਹਾ- ਅਮਮਮ ......... ਮੁਸਲਮਾਨੀ ਕਵਾਇਤ ਵਾਲੀ ਜ਼ਾਇਕੇਦਾਰ ਬਿਰਿਆਨੀ .... ਪਨੀਰ ਦੀ ਸਬਜੀ! ਤੇ ਮਿੱਠੇ ਵਿੱਚ ਰਸਗੁੱਲੇ ਬਾਹਰ ਤੋਂ ਲੈ ਆਉਣਾਂ! ਆਬੂ ਨੇ ਤੁਰੰਤ ਪੈਰ ਬਾਹਰ ਵੱਲ ਮੋੜੇ ਤਾਂ ਉਹਨਾਂ ਕਿਹਾ- ਕੁਛ ਪੈਸੇ ਲੈ ਜਾਉ!

ਜੀ ਹੈ ਨੇ- ਆਖਦਿਆਂ ਆਬੂ ਆਉਣ ਵਾਲੇ ਮਹਿਮਾਨਾਂ ਲਈ ਭੋਜਨ ਦੀ ਤਿਆਰੀ ਕਰਨ ਲੱਗਾ। ਸ਼ਾਮ ਤੱਕ ਉਹਨੇ ਸਭ ਕੁਛ ਤਿਆਰ ਕਰ ਲਿਆ ਤੇ ਚੰਗੇ ਸਾਫ ਕੱਪੜੇ ਪਹਿਨ ਕੇ ਤਿਆਰ ਹੋ ਗਿਆ। ਜਦ ਰਮੇਸ਼ ਬਾਬੂ ਕਮਰੇ ਵਿੱਚੋਂ ਨਿਕਲੇ ਤਾਂ ਉਹਨੇ ਪੁੱਛਿਆ ਸਭ ਕਿੰਨੇ ਵਜੇ ਆ ਜਾਣਗੇ?

ਕੌਣ ਸਭ?

ਕੀ ਕਿਸੇ ਨੇ ਆਉਣਾ ਨਹੀਂ ਹੈ?

ਨਹੀਂ! ਮੈਂ ਐਸਾ ਕਦੋਂ ਕਿਹਾ!

ਉਹਹ! ਆਬੂ ਸੋਚੀਂ ਪੈ ਗਿਆ!

ਫਿਰ ਪੁੱਛਿਆ ਖਾਣਾ ਕਦੋਂ ਖਾਉਗੇ ਤਾਂ ਬਾਬੂ ਰਮੇਸ਼ ਨੇ ਕੁਛ ਸੋਚ ਕੇ ਕਿਹਾ- ਪਹਿਲਾਂ ਇਹਦੇ ਵਿੱਚੋਂ ਅੱਧਾ ਭੋਜਨ ਗੁਆਂਢੀਆਂ ਦੇ ਘਰ ਦੇ ਆਉ। ਕਹਿਣਾ ਕਿ ਉਹਨਾਂ ਦੇ ਸਵਾਗਤ ਲਈ ਭੇਜਿਆ ਹੈ!

ਆਬੂ ਨੇ ਬਾਹੁਕਮ ਚੀਜਾਂ ਨੂੰ ਸਾਂਭਿਆਂ ਸਮੇਟਿਆ, ਢਕਿਆ ਤੇ ਗੁਆਂਢੀਆਂ ਦੇ ਘਰ ਜਾ ਕੇ ਉਸੇ ਤਰ੍ਹਾਂ ਆਖ ਦਿੱਤਾ!

ਕੁਛ ਹੀ ਮਿੰਟਾਂ ਬਾਅਦ ਵਾਪਿਸ ਆਇਆ

ਬਿਨਾਂ ਕੋਈ ਸਵਾਲ ਪੁੱਛੇ ਆਬੂ ਨੇ ਪਹਿਲਾਂ ਹੀ ਕਿਹਾ-

ਜੀ ਉਹਨਾ ਕਿਹਾ ਹੈ- ਸ਼ੁਕਰੀਆ!

ਸਿਰਫ ਸ਼ੁਕਰੀਆ?

ਜੀ ਨਹੀਂ ਇੱਕ ਫੁੱਲ ਵੀ ਦਿੱਤਾ ਏ! ਤੇ ਆਬੂ ਨੇ ਸਫੈਦ ਗੁਲਾਬ ਦਾ ਫੁੱਲ ਬਾਬੂ ਰਮੇਸ਼ ਦੇ ਅੱਗੇ ਰੱਖ ਦਿੱਤਾ! ਸਫੈਦ ਗੁਲਾਬ ਦੇ ਫੁੱਲ ਨਾਲ ਬਾਬੂ ਰਮੇਸ਼ ਦੇ ਮਨ ਅੰਦਰ ਲਾਲ ਗੁਲਾਬੀ ਪੀਲੇ ਤੇ ਪਤਾ ਨਹੀਂ ਕਿੰਨੇ ਰੰਗਾਂ ਦੇ ਫੁੱਲ ਖਿੜ ਗਏ। ਉਹਨਾਂ ਆਪਣੇ ਸਟੱਡੀ ਟੇਬਲ ਉੱਪਰ ਸਫੈਦ ਫੁੱਲ ਰੱਖਿਆ ਤੇ ਕਿੰਨੀਂ ਹੀ ਦੇਰ ਉਹਨੂੰ ਘੂਰਦੇ ਰਹੇ।

ਘਰ ਅੰਦਰ ਕੱਚੀ ਮਿੱਟੀ ਦੀ ਮਹਿਕ ਵਰਗੀ ਕੋਈ ਸੁਗੰਧ ਆ ਗਈ ਸੀ। ਕਿਤਾਬ ਪੜ੍ਹਨ ਵਿੱਚ ਮਨ ਕੁਛ ਘੱਟ ਲਗਦਾ ਸੀ ਤੇ ਧਿਆਨ ਵਾਰ ਵਾਰ ਕਿਸੇ ਹੋਰ ਪਾਸੇ ਚਲਾ ਜਾਦਾਂ। ਮਾਹੌਲ ਬਦਲ ਰਿਹਾ ਸੀ। ਕਾਲੀਆਂ ਤੇ ਲਾਲ ਕਿਤਾਬਾਂ ਵਿੱਚ ਹੁਣ ਇੱਕ ਸਫੈਦ ਫੁੱਲ ਪਿਆ ਸੀ।

ਦਿਨ ਤੇ ਪਤਾ ਨਹੀਂ ਕਿੰਨਵਾਂ ਸੀ, ਪਰ ਉਸ ਸ਼ਾਮ ਉਹ ਫਿਰ ਬਾਲਕਨੀ ਵੱਲ ਆਈ ! ਤੇ ਉਦੋਂ ਬਾਬੂ ਜੀ ਖਿੜਕੀ ਦੇ ਕੋਲ ਖੜੇ ਸਿਗਰਟ ਪੀ ਰਹੇ ਸਨ।ਉਹ ਵੇਖ ਸਕਦੇ ਸਨ ਪਰ ਔਰਤ ਦੀ ਤਰਫੋਂ ਉਹਲੇ ਵਿੱਚ ਸਨ। ਉਹਨਾਂ ਵੇਖਿਆ ਕਿ ਉਹਦੇ ਵਾਲ ਬਹੁਤ ਈ ਲੰਮੇਂ! ਸਾੜ੍ਹੀ ਦਾ ਰੰਗ ਮਹਿਰੂਨ ! ਇਸ ਕਿਸਮ ਦਾ ਇੱਕ ਫੁੱਲ ਵੀ ਹੁੰਦਾਂ ਏ ਜੀਹਦੀ ਡੰਡੀ ਮੱਧਮ ਪੀਲੀ ਹੁੰਦੀ ਏ ਪਰ ਉਹਨਾਂ ਨੂੰ ਉਸ ਵੇਲੇ ਫੁੱਲ ਦਾ ਨਾਮ ਨਹੀਂ ਯਾਦ ਆਇਆ। ਔਰਤ ਨੇ ਬੜੀ ਨਜ਼ਾਕਤ ਨਾਲ ਵਾਲ ਸੁਆਰੇ, ਉਹ ਲੰਮੇਂ ਵਾਲਾਂ ਨੂੰ ਮੋਢੇ ਉੱਤੇ ਸੁੱਟ ਕੇ ਬੜੀ ਕੋਮਲਤਾ ਨਾਲ ਕੰਘੀ ਕਰ ਰਹੀ ਸੀ। ਨਾਲੋ ਨਾਲ ਰਮੇਸ਼ ਬਾਬੂ ਦੇ ਘਰ ਵੱਲ ਬੜੀ ਗੌਰ ਨਾਲ ਵੇਖ ਰਹੀ ਸੀ।

ਉਸ ਸ਼ਾਮ ਉਹਨੇ ਬੇਹੱਦ ਖੂਬਸੂਰਤ ਗੀਤ ਛੇੜਿਆ–

ਆਉਗੇ ਜਬ ਤੁਮ ਉਅਅਅ ਸਾਜਨਾਂ...ਗਲੀ ਵਿੱਚੋਂ ਕੋਈ ਕਾਰ ਗੁਜ਼ਰੀ ਤੇ ਉਹਦੇ ਹਾਰਨ ਵਿੱਚ ਗੀਤ ਦੇ ਲਫਜ਼ ਧੁੰਦਲੇ ਹੋ ਗਏ... ਅਗਲਾ ਹਿੱਸਾ ਬਾਬੂ ਜੀ ਸੁਣ ਨਹੀਂ ਸਕੇ। ਪਰ ਉਹਨਾਂ ਦੇ ਹਿਰਦੇ ਅੰਦਰ ਅਵਾਜ਼ ਆਪਣਾ ਘਰ ਬਣਾ ਕੇ ਬੈਠ ਗਈ! ਆਉਗੇ ਜਬ ਤੁਮ ਉਅਅ ਸਾਜਨਾਂ...

ਉਸ ਸ਼ਾਮ ਬਾਬੂ ਰਮੇਸ਼ ਨੇ ਉਰਦੂ ਗਜ਼ਲ ਦੀ ਇੱਕ ਕਿਤਾਬ ਆਬੂ ਦੇ ਹੱਥ ਭਿਜਵਾ ਦਿੱਤੀ।

ਕੁਛ ਕਿਹਾ ਨਹੀਂ?

ਜੀ ਸ਼ੁਕਰੀਆ ਕਿਹਾ ! ਤੇ ਕਿਤਾਬ ਆਪਣੇ ਮੱਥੇ ਨੂੰ ਲਾ ਲਈ।

ਬਾਬੂ ਜੀ ਖਿੜ ਉੱਠੇ। ਉਸ ਸ਼ਾਮ ਉਹਨਾਂ ਰੇਡੀਉ ਤੇ ਗੀਤ ਸੁਣੇ! ਪੁਰਾਣੀ ਸ਼ਰਾਬ ਦਾ ਇੱਕ ਪੈੱਗ ਆਬੂ ਦੇ ਨਾਲ ਸਾਂਝਾ ਕੀਤਾ। ਆਬੂ ਉਹਨਾਂ ਦੀ ਇਸ ਖੁਸ਼ੀ ਤੇ ਬਹੁਤ ਹੈਰਾਨ ਸੀ।

ਸੋਮਵਾਰ ਦੀ ਦੁਪਹਿਰ ਜਦ ਉਹ ਵਾਪਸ ਆਏ ਤਾਂ ਆਬੂ ਉਹਨਾਂ ਦੇ ਕੋਲ ਆ ਕੇ ਖੜ ਗਿਆ! ਉਹਨਾਂ ਪੁੱਛਿਆ ਕੋਈ ਮਸਲਾ ਏ? ਤਾਂ ਕਹਿਣ ਲੱਗਾ ਗੁਆਂਢ 'ਚ ਰਹਿੰਦੀ ਔਰਤ ਤੁਹਾਡੇ ਜਾਣ ਤੋਂ ਬਾਅਦ ਘਰ ਆਈ ਸੀ। ਕਹਿਣ ਲੱਗੀ ਇਸ ਘਰ ਵਿੱਚ ਕਬੂਤਰ ਬਹੁਤ ਪਰੇਸ਼ਾਨ ਕਰਦੇ ਨੇ। ਰਸੋਈ ਵਿੱਚ ਜੋ ਖਿੜਕੀ ਹੈ, ਉਹਦੀ ਮੁਰੰਮਤ ਕਰਵਾਉਂਣ ਵਾਲੀ ਹੈ! ਨਾਲੇ ਕਹਿੰਦੇ ਸਨ, ਅੱਜ ਇੱਕ ਕਬੂਤਰ ਅੰਦਰ ਆ ਕੇ ਬਹੁਤ ਖਰਾਬੀ ਕਰ ਕੇ ਗਿਆ, ਤੇ ਉਹਨੂੰ ਵਾਪਸੀ ਦਾ ਰਾਹ ਨਹੀਂ ਮਿਲਿਆ। ਕਿੰਨੀਂ ਦੇਰ ਤੱਕ ਰਸੋਈ ਅੰਦਰ ਹੀ ਬੈਠਾ ਰਿਹਾ!

ਕੁਛ ਸੋਚ ਕੇ ਬਾਬੂ ਰਮੇਸ਼ ਨੇ ਕਿਹਾ– ਅੱਛਾ ਇਉਂ ਕਰ ! ਭੀੜੇ ਬਜਾਰ ਵਿੱਚ ਇੱਕ ਪਰਦਿਆਂ ਦੀ ਦੁਕਾਨ ਹੈ! ਉੱਥੋਂ ਕਬੂਤਰਾਂ ਲਈ ਇੱਕ ਜਾਲ ਮਿਲਦਾ ਏ! ਉਹ ਲੈ ਆ ਤੇ ਮੈਡਮ ਦੀ ਰਸੋਈ ਦੇ ਬਾਹਰ ਬੰਨ ਕੇ ਆ ਜਾਵੀਂ!

ਕੁਛ ਸੋਚ ਕੇ ਉਹਨਾਂ ਦੋ ਪੰਜਾਹ ਪੰਜਾਹ ਦੇ ਨੋਟ ਦਿੱਤੇ ਤੇ ਇੱਕ ਵੀਹ ਦਾ! ਤੇ ਤਾਕੀਦ ਕੀਤੀ ਕਿ ਜੇ ਉਹ ਜਾਲ ਦੇ ਪੈਸੇ ਦੇਣ ਦੀ ਕੋਸ਼ਿਸ਼ ਕਰਨ ਤਾਂ ਲੈਣੇ ਨਹੀਂ। ਫਿਰ ਆਬੂ ਦੀ ਸ਼ਕਲ ਸਿੱਧੀ ਸ਼ਾਮ ਨੂੰ ਦਿਖਾਈ ਦਿੱਤੀ। ਉਹ ਬਹੁਤ ਥੱਕ ਗਿਆ ਸੀ! ਪਰ ਉਹਨੇ ਕਿਹਾ ਮੈਡਮ ਨੇ ਉਹਨੂੰ ਚਾਹ ਪਿਆਈ! ਤੇ ਉਹ ਚਾਹ ਬਹੁਤ ਸੁਆਦ ਬਣਾਉਦੀ ਏ! ਬਾਬੂ ਰਮੇਸ਼ ਮੁਸਕੁਰਾ ਪਏ।

ਉਸ ਸ਼ਾਮ ਫਿਰ ਗੀਤ ਚੱਲਿਆ! ਆਉਗੇ ਜਬ ਤੁਮ ਉਅਅ ਸਾਜਨਾ... ...

ਅਗਲੀ ਸਤਰ ਭਾਵੇਂ ਧੁੰਦਲਾ ਗਈ ਪਰ ਬਾਬੂ ਜੀ ਨੂੰ ਲੱਗਿਆ ਉਹ ਸੱਚੇ ਦਿਲ ਤੋਂ ਮਿਲਣ ਦੇ ਲਈ ਵਿਆਕੁਲ ਹੈ ਜਿਵੇਂ ! ਕਿਤਾਬ ਪੜ੍ਹਦਿਆਂ ਤੇ ਗੀਤ ਸੁਣਦਿਆਂ ਉਹ ਮੰਦ ਮੰਦ ਮੁਸਕਰਾਉਂਦੇ ਰਹੇ।

ਫਿਰ ਹਾਲਾਤ ਕੁਛ ਬਦਲ ਗਏ ! ਆਬੂ ਚਾਰ ਦਿਨਾਂ ਲਈ ਘਰ ਚਲਾ ਗਿਆ ਤੇ ਬਾਬੂ ਰਮੇਸ਼ ਦਾ ਖਾਣ ਪੀਣ ਸਭ ਵਿਗੜ ਗਿਆ ! ਘਰ ਵਿੱਚ ਚੀਜ਼ਾਂ ਖਿੱਲਰ ਗਈਆਂ ! ਤੇ ਸੰਗੀਤ ਦੀ ਅਵਾਜ਼ ਵੀ ਸੁਨਣੋਂ ਹਟ ਗਈ। ਉਹਨਾਂ ਨੂੰ ਬੜੀ ਸ਼ਿੱਦਤ ਨਾਲ ਇਹ ਮਹਿਸੂਸ ਹੋਣ ਲੱਗਾ ਕਿ ਉਹਨਾਂ ਦੇ ਜੀਵਨ ਵਿੱਚ ਔਰਤ ਦੀ ਬਹੁਤ ਜ਼ਰੂਰਤ ਏ। ਉਹਨਾਂ ਬਾਲਕਨੀ ਵੱਲ ਵਾਰ ਵਾਰ ਵੇਖਿਆ ਪਰ ਉਹ ਨਾਂ ਦਿਸੀ। ਬਾਬੂ ਰਮੇਸ਼ ਨੂੰ ਲੱਗਿਆ ਉਸਦੀ ਸਿਹਤ ਠੀਕ ਨਹੀਂ ਹੋਵੇਗੀ। ਪਰ ਹਾਲ ਪੁੱਛਣ ਜਾਣ ਲਈ ਆਬੂ ਵੀ ਤਾਂ ਨਹੀਂ ਹੈ। ਪਹਿਲਾ ਉਹਨਾਂ ਸੋਚਿਆ ਆਪ ਹੀ ਚਲੇ ਜਾਣਗੇ, ਪਰ ਫਿਰ ਇਰਾਦਾ ਬਦਲ ਦਿੱਤਾ। ਚਾਰ ਦਿਨ ਬਾਅਦ ਆਬੂ ਵਾਪਿਸ ਆਇਆ ਤਾਂ ਘਰ ਦੀ ਹਾਲਤ ਵੇਖ ਕੇ ਹੈਰਾਨ ਰਹਿ ਗਿਆ। ਕਈ ਘੰਟਿਆਂ 'ਚ ਉਹਨੇ ਘਰ ਦੀ ਸਫਾਈ ਕੀਤੀ। ਤੇ ਸਿਗਰਟ ਦੇ ਟੋਟਿਆਂ ਦਾ ਇੱਕ ਢੇਰ ਸਟੱਡੀ ਰੂਮ 'ਚੋਂ ਕੱਢਿਆ।

ਸ਼ਾਮ ਨੂੰ ਵਾਪਿਸ ਆ ਕੇ ਬਾਬੂ ਜੀ ਨੇ ਘਰ ਨੂੰ ਪਹਿਲਾਂ ਵਰਗਾ ਵੇਖਿਆ ਤਾਂ ਜਾਨ ਵਿੱਚ ਜਾਨ ਆਈ। ਉਹਨਾਂ ਕਿਸੇ ਅਣਪੱਤ ਨਾਲ ਆਬੂ ਨੂੰ ਘੁੱਟ ਕੇ ਜੱਫੀ ਪਾਈ ! ਆਬੂ ਨੇ ਬਾਬੂ ਰਮੇਸ਼ ਦਾ ਚਿਹਰਾ ਗੌਰ ਨਾਲ ਵੇਖਿਆ ! ਉਹਨਾਂ ਦੀ ਦਾਹੜੀ ਵਧ ਗਈ ਸੀ, ਚਾਰ ਕੁ ਹੀ ਦਿਨਾਂ 'ਚ ਦੁਬਲੇ ਨਜਰ ਆਉਣ ਲੱਗੇ ਸੀ। ਇਉਂ ਲਗਦਾ ਸੀ ਜਿਵੇਂ ਚਾਰ ਦਿਨ ਤੋਂ ਉਹਨਾਂ ਨੇ ਕੁਛ ਖਾਧਾ ਈ ਨਹੀਂ ਹੁੰਦਾ। ਬਾਬੂ ਰਮੇਸ਼ ਦੀ ਇਸ ਪਿਆਰ ਭਰੀ ਜੱਫੀ ਨੇ ਆਬੂ ਦਾ ਰੁਤਬਾ ਨੌਕਰ ਤੋ ਕਿਤੇ ਵੱਡਾ ਕਰ ਦਿੱਤਾ ਸੀ। ਆਬੂ ਨੇ ਆਪਣੀ ਛਾਤੀ ਵਿੱਚ ਅਜੀਬ ਮਾਣ ਮਹਿਸੂਸ ਕੀਤਾ ਜਿਸ ਤਰਾਂ ਇਹ ਘਰ ਉਸੇ ਦਾ ਹੁੰਦਾ ਏ। ਉਹਦੀਆਂ ਅੱਖਾਂ 'ਚ ਕੁਛ ਜਗਣ ਲੱਗਾ !

ਬਾਬੂ ਰਮੇਸ਼ ਨੇ ਦਿਨ ਢਲਦਿਆਂ ਈ ਕਿਹਾ- ਮੈਡਮ ਦੀ ਤਬੀਅਤ ਸ਼ਾਇਦ ਠੀਕ ਨਹੀਂ ! ਉਹਨਾਂ ਲਈ ਕੁਛ ਬਣਾ ਕੇ ਲੈ ਜਾਹ..... ਔਰ ਕਹਿਣਾ ਕਿ ਕਿਸੇ ਚੀਜ਼ ਦੀ ਜ਼ਰੂਰਤ ਹੋਵੇ ਤਾਂ ਜ਼ਰੂਰ ਦੱਸਣ। ਜਦੋ ਵਾਪਸ ਆਵੇਂਗਾ ਤਾਂ ਆਪਾਂ ਜਾਮ ਸਾਝਾਂ ਕਰਾਂਗੇ ! ਆਬੂ ਮੁਸਕੁਰਾਉਂਦਾ ਹੋਇਆ ਦਰਵਾਜੇ ਤੋਂ ਬਾਹਰ ਹੋ ਗਿਆ।

ਸਟੱਡੀ ਰੂਮ ਦੀ ਨਵੀਂ ਨਵੀਂ ਸਫਾਈ ਵੇਖ ਕੇ ਉਹਨਾਂ ਨੂੰ ਲੱਗਿਆ ਆਬੂ ਬਿਨਾਂ ਉਹਨਾਂ ਦਾ ਜੀਵਨ ਕਿੰਨਾ ਅਧੂਰਾ ਹੈ।

ਆਬੂ ਤੋਂ ਬਿਨਾਂ ਤਾਂ ਉਹ ਪੜੋਸਨ ਦਾ ਹਾਲ ਤੱਕ ਨਹੀਂ ਜਾਣ ਸਕੇ। ਉਹਨਾਂ ਨੇ ਪੁਰਾਣੀ ਸ਼ਰਾਬ ਕੱਢੀ, ਤੇ ਮੇਜ ਸਜਾ ਲਿਆ ਪਰ ਆਬੂ ਪੂਰਾ ਇੱਕ ਘੰਟਾਂ ਉੱਥੋਂ ਮੁੜਿਆ ਹੀ ਨਹੀਂ।

ਜਦ ਦਰਵਾਜੇ ਤੇ ਉਹਦੇ ਅੰਦਰ ਆਉਣ ਦੀ ਖਟਖਟ ਹੋਈ ! ਤਾ ਬਾਬੂ ਰਮੇਸ਼ ਉਹਦੀ ਦੇਰੀ ਦਾ ਕਾਰਨ ਪੁੱਛਣ ਲਈ ਕਾਹਲੇ ਹੋ ਗਏ ਪਰ ਆਪਣੀਂ ਰਵਾਨੀ ਵਾਲੀ ਤੋਰ ਨਾਲ ਉਹ ਸਿੱਧਾ ਰਸੋਈ ਵਿੱਚ ਚਲਾ ਗਿਆ। ਬਾਬੂ ਜੀ ਚੁੱਪ ਰਹੇ। ਨਾਲ ਦੇ ਘਰ ਵਿੱਚੋ ਕਿੰਨੇ ਹੀ ਦਿਨਾਂ ਬਾਅਦ ਗੀਤ ਦੀ ਅਵਾਜ ਆਈ.... ਜਿਵੇਂ ਕੋਈ ਗੁਆਚੀ ਚੀਜ਼ ਲੱਭ ਗਈ ਹੋਵੇ ! ਆਉਗੇ ਜਬ ਤੁਮ ਉਅਅ ਸਾਜਨਾਂ........

ਰਸੋਈ ਵਿੱਚ ਪਿਆਜ਼ ਕੱਟਦਾ ਆਬੂ ਕਿਸੇ ਲੋਰ ਵਿੱਚ ਉੱਚੀ ਉੱਚੀ ਗੀਤ ਦਾ ਅਗਲਾ ਹਿੱਸਾ ਗਾਉਣ ਲੱਗਾ......

ਬਰਸੇਗਾ ਸਾਵਣ ਝੂਮ ਝੂਮ ਕੇ....... ਦੋ ਦਿਲ ਐਸੇ ਮਿਲੇਗੇਂ..... !

ਕਹਾਣੀ

# ਖ਼ੱਲਾਸੀ

- ਸਵਾਮੀ ਸਰਬਜੀਤ

ਅੱਜ ਜਦੋਂ ਪਤਾ ਲੱਗਾ ਕਿ 'ਕਨਸੀਵ' ਹੋ ਗਿਐ ਤੇ ਮੈਂ ਮਾਂ ਬਣਨ ਦੇ ਰਾਹ 'ਤੇ ਪਹਿਲਾ ਕਦਮ ਧਰ ਲਿਐ ਤਾਂ ਇਹ ਸੁਣ ਕੇ ਮੇਰੇ ਪੈਰ ਜ਼ਮੀਨ 'ਤੇ ਲੱਗਣੋਂ ਇਨਕਾਰੀ ਹੋ ਗਏ। ਇੰਨੀ ਖ਼ੁਸ਼ੀ.... ਨਾ ਬੋਲ ਕੇ ਦੱਸ ਸਕਦੀ ਆਂ, ਨਾ ਲਿਖ ਕੇ। ਬੱਸ ਖ਼ੁਸ਼ੀ 'ਚ ਚੀਕ ਮਾਰ ਕੇ ਦੱਸ ਸਕਦੀ ਆਂ ਮੈਂ ਕਿੰਨੀ ਖ਼ੁਸ਼ ਆਂ..!!

ਮੇਰੀ ਮਾਂ ਕਹਿੰਦੀ ਹੁੰਦੀ ਸੀ ਬਈ ਕੁੜੀ ਪੱਥਰ ਹੁੰਦੀ ਐ, ਉਹ ਹੀਰਾ ਉਦੋਂ ਈ ਬਣਦੀ ਐ ਜਦ ਮਾਂ ਬਣ ਜਾਵੇ। ਭਾਵੇਂ ਉਸ ਨੇ ਮੈਨੂੰ ਕਦੇ ਪੱਥਰ ਸਮਝਿਆ ਨਹੀਂ ਸੀ, ਹਾਂ ਉਹ ਲੋਕਾਚਾਰੀ ਵੱਸ ਇਹ ਗੱਲ ਕਰਦੀ ਸੀ।

ਮੈਂ ਮਾਂ ਬਣ ਕੇ ਸੰਪੂਰਨ ਹੋ ਜਾਵਾਂਗੀ, ਅਸਲ ਅਰਥਾਂ ਵਿੱਚ ਔਰਤ ਬਣਾਂਗੀ। ਵੈਸੇ ਬੰਦਾ ਕਿਵੇਂ ਸੰਪੂਰਨ ਹੁੰਦੈ? ਕੀ ਪਿਓ ਬਣ ਕੇ? ਪਰ ਬੰਦਾ ਤਾਂ ਜਿਵੇਂ ਜੰਮਿਆ ਈ ਸੰਪੂਰਨ ਹੁੰਦੈ, ਅਧੂਰੀ ਤਾਂ ਔਰਤ ਹੁੰਦੀ ਐ। ਵਾਹਿਯਾਤ ਗੱਲਾਂ..!!

ਅਜਿਹਾ ਬਹੁਤ ਕੁਝ 'ਵਾਹਿਯਾਤ' ਅਕਸਰ ਮੇਰੇ ਦਿਮਾਗ਼ 'ਚ ਚਲਦਾ ਰਹਿੰਦੈ, ਬਚਪਨ ਤੋਂ ਈ। ਮੈਂ ਪੜ੍ਹੀ-ਲਿਖੀ ਆਂ, ਅਕਲਮੰਦ ਵੀ ਪਰ ਮੈਨੂੰ ਸੰਸਕਾਰੀ ਜਾ ਹੋਣਾ ਪਸੰਦ ਐ। ਤਮੀਜ਼ਦਾਰ, ਸਲੀਕੇ ਭਰਿਆ (ਪਰ ਮੈਨੂੰ ਡੁੰਨ-ਵੱਟੀ ਜਿਹੀ ਬਣਨਾ ਵੀ ਪਸੰਦ ਨਹੀਂ।) ਇਸੇ ਕਰ ਕੇ ਮੈਨੂੰ ਜੀਨ ਪਾ ਕੇ ਵੀ ਐਂ ਲਗਦੈ ਜਿਵੇਂ ਮੇਰੀਆਂ ਲੱਤਾਂ ਦਾ ਨੰਗਾਪਣ ਸਭ ਨੂੰ ਦਿਸ ਰਿਹੈ। ਕਾਲਜ ਪੜ੍ਹਦਿਆਂ ਰੀਸੋ-ਰੀਸ ਮੈਂ ਵੀ ਜੀਨ ਖ਼ਰੀਦ ਲਿਆਈ ਸਾਂ, ਪਰ ਬਹੁਤਾ ਸਮਾਂ ਪਾ ਨਹੀਂ ਸਾਂ ਸਕੀ। ਸ਼ਰਮ ਜਿਹੀ ਆਈ ਜਾਂਦੀ। ਮੇਰੇ ਨਾਲ਼ ਦੀਆਂ ਕਹਿੰਦੀਆਂ ਹੁੰਦੀਆਂ ਸੀ, 'ਜੀਨ ਪਾ ਕੇ ਚੁੰਨੀ ਤੋਂ ਛੁਟਕਾਰਾ ਮਿਲ ਜਾਂਦੈ। ਜੀਨ ਨਾਲ਼ ਟੀ-ਸ਼ਰਟ ਪਾ ਲਓ ਜਾਂ ਟਾੱਪ... ਬੱਸ ਚੁੰਨੀ ਦੀ ਲੋੜ ਨ੍ਹੀਂ।' ਮੈਂ ਵੀ ਜੀਨ ਨਾਲ਼ ਟਾੱਪ ਪਾਇਆ ਸੀ। ਫੇਰ ਮੈਨੂੰ ਮੇਰੀ ਹਿੱਕ ਨੰਗੀ-ਨੰਗੀ ਜਾਪੀ ਜਾਵੇ। ਜਿਵੇਂ ਕੁਝ ਜ਼ਿਆਦਾ ਹੀ ਉਭਰ ਆਈ ਹੋਵੇ। ਜਿਵੇਂ ਸਾਰਿਆਂ ਦਾ ਧਿਆਨ ਮੇਰੀ ਹਿੱਕ 'ਤੇ ਹੋਵੇ। ਸਾਹ ਲੈਣਾ ਔਖਾ ਹੋ ਗਿਆ ਸੀ। ਸਾਹ ਲੈਂਦੀ ਤਾਂ ਹਿੱਕ ਦੇ ਉਭਾਰ ਹੋਰ ਉਭਰ ਜਾਂਦੇ। ਜਿਵੇਂ ਦੇਖਣ ਵਾਲ਼ਿਆਂ ਦੇ ਸਾਹ ਸੂਤੇ ਜਾਂਦੇ, ਉਵੇਂ ਹੀ ਮੇਰੇ ਵੀ ਸੂਤੇ ਜਾਂਦੇ। ਰੱਬ-ਰੱਬ ਕਰ ਕੇ ਘਰ ਪਹੁੰਚੀ ਸਾਂ। ਘਰਦਿਆਂ ਤੋਂ ਸੰਗ ਆਈ ਜਾਵੇ। ਫਟਾਫਟ ਜਾ ਕੇ ਜੀਨ ਲਾਹੀ। ਲਾਹੁਣ ਲੱਗਿਆਂ ਡਗਮਗਾ ਕੇ ਦੋ ਵਾਰ ਡਿੱਗੀ। ਸਹੇਲੀਆਂ ਦੀ ਨਸੀਹਤ ਯਾਦ ਆਈ। ਬੈੱਡ 'ਤੇ ਬਹਿ ਕੇ ਪੈਰ ਵਿੱਚ ਪਾਲੀਥੀਨ ਚੜ੍ਹਾ ਕੇ ਫੇਰ ਜੀਨ ਲਾਹੀ। ਜੀਨ ਕਾਹਦੀ ਲਾਹੀ, ਸ਼ੌਕ ਹੀ ਲਾਹ ਕੇ ਟੰਗਤਾ ਕਿੱਲੀ ਉੱਤੇ। ਮੁੜ ਅਲਮਾਰੀ ਵਿੱਚ ਨਾ-ਪਾਉਣਯੋਗ ਕੱਪੜਿਆਂ ਵਿੱਚ, ਜੀਨ ਤੇ ਟਾੱਪ ਦੋਹਾਂ ਨੂੰ ਈ ਸਾਂਭਤਾ। ਇੱਕ ਵਾਰ ਸੂਟ ਨਾਲ਼ ਪਜਾਮੀ ਪਾਈ ਸੀ, ਮੁੜ ਉਹ ਵੀ ਕਦੇ ਨਾ ਪਾਈ। ਉਹ ਵੀ ਮੈਨੂੰ ਜੀਨ ਦੀ ਹੀ ਭੈਣ ਜਾਪਦੀ। ਪਜਾਮੀ ਪਾ ਕੇ ਲੱਤਾਂ, ਬੈਲੇ ਡਾਂਸਰਾਂ ਦੀਆਂ ਲੱਤਾਂ ਵਾਂਗ ਨੁਮਾਇਆ ਹੁੰਦੀਆਂ। ਕਸੀ-ਕਸੀ ਪਜਾਮੀ ਲੱਤਾਂ ਦਾ ਸਾਹ ਘੁੱਟ ਦੇਂਦੀ। 'ਅੰਗ-ਪ੍ਰਦਰਸ਼ਨ!' ਮੈਂ ਸਹੇਲੀਆਂ ਨੂੰ ਆਖਦੀ। 'ਬੈਕਵਰਡ'.... ਉਹ ਮੈਨੂੰ ਆਖ ਦਿੰਦੀਆਂ। ਪਰ ਵਿਆਹ ਮਗਰੋਂ ਪਤੀਦੇਵ ਦੀ ਫ਼ਰਮਾਇਸ਼ 'ਤੇ ਮੁੜ ਜੀਨ ਪਾਉਣ ਲੱਗੀ ਤੇ ਸੂਟ ਨਾਲ਼ ਲੈਗੀ

ਵੀ, ਕਦੇ-ਕਦੇ; ਜਦੋਂ ਕਿਤੇ ਬਾਹਰ ਘੁੰਮਣ ਜਾਂਦੇ ਸੀ। ਉੱਥੇ ਜਿੱਥੇ ਕੋਈ ਜਾਣਕਾਰ ਟਾਈਪ ਨਾ ਹੁੰਦਾ। ਉੱਥੇ ਮੈਂ ਆਪਣੇ ਪਤੀਦੇਵ 'ਰਾਹੁਲ' ਦਾ ਹੱਥ ਵੀ ਫੜ ਲੈਂਦੀ ਸਾਂ। ਪਤਾ ਨਹੀਂ ਕਿਵੇਂ!! ਜਦੋਂ ਆਪਣੇ ਸ਼ਹਿਰੋਂ ਬਾਹਰ ਕਿਤੇ ਜਾਨੀ ਆਂ, ਐਨੀ ਹਿੰਮਤੀ ਕਿਵੇਂ ਬਣ ਜਾਨੀ ਆਂ। ਸਾਡੇ ਸ਼ਹਿਰਾਂ ਵਰਗੇ ਲੋਕ ਹੀ ਹੁੰਦੇ ਨੇ ਉੱਥੇ ਆਸੇ-ਪਾਸੇ ਪਰ ਉਨ੍ਹਾਂ ਤੋਂ ਸੰਗ ਨਹੀਂ ਲਗਦੀ। ਪਤਾ ਨਹੀਂ ਕਿਉਂ?

-----

ਮੈਂ ਗੱਲੀਂ-ਬਾਤੀਂ ਰਾਹੁਲ ਨੂੰ 'ਯਾਰ-ਯਾਰ' ਕਰੀ ਜਾਣਾ। ਇੱਕ ਦਿਨ ਉਨ੍ਹਾਂ ਟੋਕ ਦਿੱਤਾ, "ਇਹ ਕੀ ਐ, ਯਾਰ-ਯਾਰ ? ਚੰਗਾ ਨ ੀਂ ਲਗਦਾ।"

"ਕਿਹਨੂੰ ਚੰਗਾ ਨ ੀਂ ਲਗਦਾ?"

"ਓ ਯਰ, ਸਾਰਿਆਂ ਸਾਹਮਣੇ ਕਹੇਂਗੀ ਤਾਂ ਬੁਰਾ ਨਾ ਲੱਗੂ!!"

"ਪਰ ਮੈਂ ਤਾਂ ਕਦੇ ਕਿਸੇ ਸਾਹਮਣੇ ਕਿਹਾ ਈ ਨਹੀਂ।"

"ਕਦੇ ਨਾ ਕਦੇ ਮੂੰਹ 'ਚੋਂ ਨਿੱਕਲ਼ ਈ ਜਾਂਦਾ ਹੁੰਦੈ....। ਮੰਮੀ ਜੀ ਕਹਿੰਦੇ ਸੀ ਬਈ...।"

ਮੈਨੂੰ ਨਹੀਂ ਬੁਰਾ ਲਗਦਾ ਯਾਰ ਕਹਿਣਾ, ਆਪਣੇ ਪਤੀ ਨੂੰ। ਫੇਰ ਹੋਰਾਂ ਨੂੰ ਬੁਰਾ ਕਿਉਂ ਲੱਗੂ? ਲੱਗ ਵੀ ਸਕਦੈ, ਲੋਕ ਪਰਦਿਆਂ ਦੇ ਕੱਪੜੇ ਪਹਿਨਦੇ ਨੇ। ਕੱਪੜੇ ਪਾ ਕੇ ਵੀ ਅੰਦਰੋ ਨਿਰੇ ਨੰਗੇ, ਪਰ ਬਾਹਰੋਂ ਪੂਰੀ ਟੌਹਰ.... ਪਰ ਮੈਂ ਹੁਣ ਗੱਲ ਨਹੀਂ ਸੀ ਵਧਾਉਣਾ ਚਾਹੁੰਦੀ, ਫੇਰ ਮੈਂ ਰਾਹੁਲ ਦੇ ਪਾਲ਼ੇ ਵਿੱਚ ਗੇਂਦ ਸੁੱਟੀ।

"ਚਲੋ ਨਹੀਂ ਕਹਿੰਦੀ, ਫੇਰ ਕੀ ਕਿਹਾ ਕਰਾਂ?"

ਇਹ ਸੁਣ ਕੇ ਉਹ ਵੀ ਸੋਚਾਂ ਵਿੱਚ ਪੈ ਗਏ। ਸਵਾਲ ਛੋਟਾ ਨਹੀਂ ਇਹ। ਸਾਡੇ ਰਿਸ਼ਤੇ-ਨਾਤੇ ਫਿਕਸਡ ਨੇ। ਸਾਰਿਆਂ ਦਾ ਨਾਮਕਰਨ ਹੋਇਆ ਹੋਇਐ - ਮੰਮੀ, ਡੈਡੀ, ਭੈਣ, ਭਰਾ, ਫੁੱਫੜ, ਭੂਆ, ਮਾਮਾ, ਚਾਚਾ, ਤਾਈ.... ਸਭ ਨੂੰ ਇਨ ਾਂ ਸ਼ਬਦਾਂ ਨਾਲ਼ ਈ ਤਾਂ ਸੰਬੋਧਤ ਹੁੰਨੇ ਆਂ। ਪਰ ਆਹ ਸੁਹਰੇ ਘਰ ਆਲ਼ੇ ਪਾਸੇ ਪੰਗਾ ਜਾ ਪੈ ਜਾਂਦੈ, ਰਿਸ਼ਤਿਆਂ ਦੇ ਉਚਾਰਨ ਨੂੰ ਲੈ ਕੇ। ਪਤੀ ਨੂੰ 'ਪਤੀ' ਕਹਿ ਕੇ ਨਹੀਂ ਬੁਲਾ ਸਕਦੀ ਤੀਵੀਂ, ਨਾ ਪਤੀ ਆਪਣੀ ਘਰਆਲ਼ੀ ਨੂੰ ਪਤਨੀ ਕਹਿ ਕੇ ਵਾਜ ਮਾਰਦੈ। ਭਾਸ਼ਾ ਆਲ਼ਾ ਮਸਲਾ ਸੱਚੀਂ ਖਾਸਾ ਟੇਢਾ ਏ।

"ਆ... ਤੂੰ ਮੇਰਾ ਨਾਮ ਲੈ ਲਿਆ ਕਰ...।"

"ਠੀਕ ਐ ਰਾਹੁਲ ਜੀ...।"

ਅਜੇ 2 ਦਿਨ ਈ ਬੀਤੇ ਸੀ ਰਾਹੁਲ ਜੀ ਫੇਰ ਮੇਰੇ ਦੁਆਲ਼ੇ।

"ਯਰ, ਤੂੰ ਮੈਨੂੰ ਸਾਰਿਆਂ ਸਾਹਮਣੇ ਤਾਂ ਨਾ, ਨਾਂ ਲੈ ਕੇ ਬੁਲਾਇਆ ਕਰ...।"

"ਸਾਰਿਆਂ ਸਾਹਮਣੇ..?"

"ਮੰਮੀ ਜੀ ਕਹਿੰਦੇ... ਐਂ ਚੰਗਾ ਨ ੀਂ ਲਗਦਾ...।"

"ਮੰਮੀ ਜੀ ਤੋਂ ਪੁੱਛਾਂ, ਫੇਰ ਕੀ ਕਿਹਾ ਕਰਾਂ ਤੁਹਾਨੂੰ..!!"

ਰਾਹੁਲ ਰਤਾ ਕੁ ਖਿਝ ਜਿਹਾ ਗਿਆ ਸੀ ਪਰ ਉਹਨੇ ਖਿਝ ਜ਼ਾਹਰ ਨਾ ਹੋਣ ਦਿੱਤੀ।

"ਯਰ ਓਹ ਜਨਾਨੀਆਂ ਆਂਗੂੰ ਏ ਜੀ, ਓ ਜੀ ਕਹਿ ਲਿਆ ਕਰ...।"

ਮੈਂ ਉੱਚੀ-ਉੱਚੀ ਹੱਸੀ,

"ਏ ਜੀ, ਓ ਜੀ, ਲਓ ਜੀ ਸੁਨੋ ਜੀ, ਕਰਤਾ ਹੂੰ ਮੈਂ ਜੋ ਵੋ ਤੁਮ...।" ਮੈਂ ਗੀਤ ਗਾਉਣ

ਲੱਗ ਪਈ ਸੀ। ਰਾਹੁਲ ਹੁਣ ਸੱਚੀਂ ਖਿਝ ਪਿਆ।

"ਵੈਸੇ ਆਹ ਭਲਾਂ ਮਜ਼ਾਕ ਆਲ਼ੀ ਗੱਲ ਆ ਕੋਈ...!!"

"ਸਾੱਰੀ-ਸਾੱਰੀ... ਉਈਂ ਗੀਤ ਯਾਦ ਆ ਗਿਆ ਸੀ। ਠੀਕ ਐ ਮੇਰੇ ਏ ਜੀ, ਓ ਜੀ, ਹੁਣ ਐਵੇਂ ਈ ਬੁਲਾਇਆ ਕਰੂੰ... ਖ਼ੁਸ਼....।"

ਰਾਹੁਲ ਬਿਨਾਂ ਕੁਝ ਬੋਲਿਆਂ ਈ ਮੇਰੇ ਨੇੜੇ ਜਿਹੇ ਹੋ ਗਿਆ। ਮੈਨੂੰ ਪਤਾ ਸੀ ਹੁਣ ਪਿਆਰ ਜ਼ਾਹਰ ਕਰਨਗੇ, ਚੁੰਮ ਕੇ। ਪਿਆਰ ਪਾਉਣਾ ਕਿੱਡਾ ਸੌਖਾ ਏ, ਬੱਸ 'ਜੀ' ਤਾਂ ਕਹਿਣਾ ਹੁੰਦੈ। ਪਰ ਗੱਲ-ਗੱਲ 'ਤੇ 'ਜੀ' ਕਹਿਣਾ ਕਿਤੇ ਸੌਖੈ? ਤੇ ਹਾਂ ਸਾਰਾ 'ਜੀ-ਜੀ' ਕਹਿਣਾ, ਬੱਸ ਜਨਾਨੀ ਦੇ ਹਿੱਸੇ ਆਇਐ। ਮੈਂ ਵੀ ਪੜ੍ਹਿਆ ਏ, ਲਿਖਿਆ ਏ, ਗੁਣਿਆ ਏ, ਸਮਝਿਆ ਏ, ਮੇਰੇ ਵੀ ਕੋਈ ਵਿਚਾਰ ਨੇ, ਸ਼ਾਇਦ ਕੋਈ ਵਿਚਾਰਧਾਰਾ ਵੀ ਹੋਊ। ਨਜ਼ਰ ਹੈ, ਨਜ਼ਰੀਆ ਵੀ ਹੋਊ। ਪਰ ਆਹ 'ਜੀ' ਆਲ਼ੀ ਕਾਲ਼ੀ ਕੂਚੀ ਫਿਰ ਜਾਂਦੀ ਐ ਸਭ ਕਾਸੇ 'ਤੇ। ਕਮਾਲ ਐ, ਜ਼ੁਬਾਨ ਸਾਡੇ ਵੀ ਲੱਗੀ ਐ, ਪਰ ਕੀ ਕੱਲੀ 'ਜੀ' ਕਹਿਣ ਨੂੰ ਆ? ਦਿਮਾਗ਼ ਜਿਹਾ ਘਿਰਨ ਲਗਦੈ ਇਹ ਸੋਚ ਕੇ। ਮੈਂ ਸੋਚਣਾ ਛੱਡਣਾ ਚਾਹੁੰਨੀਂ ਆਂ, ਪਰ ਜਿੰਨਾ ਛੱਡਦੀ ਆਂ ਇਹ ਓਨਾ ਹੀ ਧੂੰਏ ਵਾਂਗ ਚੜ੍ਹਦੈ..!!

ਮੈਂ ਹੁਣ ਰਾਹੁਲ ਨੂੰ 'ਏ ਜੀ, ਓ ਜੀ' ਕਹਿ ਕੇ ਸੰਬੋਧਤ ਹੁੰਦੀ ਆਂ.... ਇਹ ਸਦਾ ਮੈਨੂੰ 'ਯਰ' ਈ ਕਹਿੰਦੇ ਨੇ। ਸਾਰੇ ਹੀ ਖ਼ੁਸ਼ ਨੇ ਹੁਣ, ਕੀ ਮੈਂ ਵੀ ਆਂ?

-----

'ਕਨਸੀਵ ਹੋ ਗਿਐ..!' ਤੇ ਹੁਣ ਇਹ ਖ਼ਬਰ, ਮੈਂ ਮਾਂ ਨੂੰ ਦੱਸਣੀ ਏ। ਮੈਂ ਫਟਾਫਟ ਮੋਬਾਇਲ ਚੁੱਕਦੀ ਹਾਂ, ਸਪੀਡ ਡਾਇਲ 'ਤੇ ਹੀ ਮਾਂ ਦਾ ਨੰਬਰ ਏ, ਰੋਜ਼ ਈ ਤਾਂ ਗੱਲ ਹੁੰਦੀ ਐ ਉਹਦੇ ਨਾਲ਼। ਰਾਹੁਲ ਅਕਸਰ ਤਲਖ਼ੀ ਮਹਿਸੂਸ ਕਰਦੈ,

"ਯਾਰ, ਰੋਜ਼-ਰੋਜ਼ ਫੋਨ ਕਰਨ ਦਾ ਕੀ ਲਾਜਿਕ! ਮੁੜ ਕੇ ਤੁਹਾਡੇ ਕੋਲ਼ ਗੱਲ ਵੀ ਨ ੀਂ ਹੁੰਦੀ ਕੋਈ ਕਰਨ ਨੂੰ। ਜਦੋਂ ਕੋਈ ਗੱਲ ਹੋਵੇ ਜਾਂ ਕੰਮ ਹੋਵੇ ਫੇਰ ਈ ਫੋਨ ਕਰਿਆ ਕਰ ਮੰਮੀ ਹੁਰਾਂ ਨੂੰ।"

"ਐਂ ਨਿਯਮ ਜੇ ਬਣਾ ਕੇ ਮੈਥੋਂ ਨਹੀਂ ਜ਼ਿੰਦਗੀ ਜਿਉਂਈ ਜਾਂਦੀ।" ਮੈਂ ਕਾਹਲ਼ੀ ਨਾਲ਼ ਆਖ ਦਿੱਤਾ। ਹਾਲਾਂਕਿ ਮੈਂ ਕੁਝ ਨਹੀਂ ਕਹਿਣਾ ਚਾਹੁੰਦੀ ਸੀ 'ਜੀ' ਦੇ ਸਿਵਾਇ।

'ਜੀ' ਬਹੁਤ ਸੌਖਾ ਜਿਹਾ ਸ਼ਬਦ ਐ, ਬੱਸ ਕਹਿ ਦੇਣਾ। ਅਨੇਕ ਤਰ ਾਂ ਦੇ ਕੁੱਤ-ਕਲੇਸ਼ ਤੋਂ ਬਚਾ ਲੈਂਦੈ। ਪਰ ਇਹ ਹਾਂ-ਨੁਮਾ 'ਜੀ' ਕਹਿਣ ਤੋਂ ਬਾਅਦ ਅੰਦਰੋ-ਅੰਦਰੀਂ ਕਿੰਨਾ ਕੁਝ ਰਿੱਝ ਦੈ, ਉਹ ਬੱਸ ਮੈਨੂੰ ਪਤੈ।

ਮਾਂ ਨੂੰ ਫੋਨ ਕਰਨ ਲੱਗੀ ਸੀ, ਹੋਰ ਈ ਕੁਝ ਸੋਚਣ ਲੱਗਪੀ। ਮਾਂ ਦਾ ਨੰਬਰ ਡਾਇਲ ਕੀਤਾ, ਰਿੰਗ ਗਈ। ਜਾਂਦੀ ਰਹੀ, ਮਾਂ ਨੇ 'ਹੈਲੋ' ਕਿਹਾ। ਮੈਂ ਝੱਟ ਫੋਨ ਕੱਟ ਦਿੱਤਾ।

'ਤੂੰ ਨਾਨੀ ਬਣਨ ਵਾਲ਼ੀ ਐਂ ਮਾਂ.....' ਮੈਂ ਇਹ ਆਖਣ ਲੱਗੀ ਸਾਂ। ਪਰ ਫੇਰ ਸੋਚਿਆ, 'ਨਹੀਂ! ਇੰਝ ਨਹੀਂ ਕਹਿਣਾ..... ਮੈਂ ਤਾਂ ਇੰਝ ਆਖਣਾ ਚਾਹੁੰਦਾ ਸਾਂ - ਮੈਂ ਮਾਂ ਬਣਨ ਵਾਲ਼ੀ ਹਾਂ, ਜਣਨੀ, ਕ੍ਰੀਏਟਰ.... ਇਹੋ ਕਹਿਣਾ ਚਾਹੀਦੈ, ਇਹ ਔਰਤ ਦੀ ਮਹਿਮਾ ਹੈ! ਬੱਚਾ ਹੋਵੇਗਾ ਤਾਂ ਹਰੇਕ ਕੋਈ, ਕੁਝ-ਨਾ-ਕੁਝ ਤਾਂ ਬਣ ਹੀ ਜਾਵੇਗਾ, ਕੋਈ ਚਾਚਾ, ਕੋਈ ਤਾਇਆ, ਕੋਈ ਮਾਮਾ, ਕੋਈ ਮਾਮੀ, ਕੋਈ.... ਹਾਂ, ਮੈਂ ਮਾਂ ਬਣਨ ਲੱਗੀ ਹਾਂ, ਇਹ ਵੱਡੀ ਗੱਲ ਐ.... ਪਰ

ਇਹਨੂੰ ਕਹਾਂ ਕਿਵੇਂ? ਬੱਸ ਇੰਝ ਹੀ ਕਿ – ਮੈਂ ਮਾਂ ਬਣਨ ਲੱਗੀ ਆਂ....! ਨਹੀਂ! ਇੰਝ ਨਹੀਂ! ਇੰਝ ਆਖਾਂ ਕਿ ਮੇਰਾ ਰੋਮ-ਰੋਮ ਨਸ਼ਿਆ ਜਾਵੇ! ਮੈਨੂੰ ਮੇਰੇ ਬੋਲਾਂ ਤੇ ਮਾਣ ਹੋਵੇ....!!' ਬੱਸ ਇਹ ਸੋਚ ਕੇ ਮੈਂ, ਊਈਂ ਜੇ, ਹੋ ਗਈ ਮੈਂ।

ਝੱਟ ਮਾਂ ਦਾ ਫੋਨ ਆ ਗਿਆ। ਮੈਂ ਨਹੀਂ ਚੁੱਕਿਆ। ਫੇਰ ਆ ਗਿਐ, ਨਹੀਂ ਚੁੱਕਿਆ। ਪਹਿਲਾਂ ਸੋਚ ਤਾਂ ਲਵਾਂ 'ਕੀ ਕਹਿਣੈ ਤੇ ਕਿਮੇਂ ਜੇ ਕਹਿਣੈ!!'

ਤੀਜੀ ਵਾਰ ਫੇਰ ਫੋਨ ਆ ਗਿਆ।

"ਮੰਮਾ, ਠਹਿਰ ਕੇ ਕਰਦੀ ਆਂ, ਮੈਂ ਬਿਜ਼ੀ ਆਂ...।"

"ਠੀਕ ਤਾਂ ਹੈਂ?" ਮਾਂ ਦਾ ਮਾਵਾਂ ਵਾਲ਼ਾ ਸਵਾਲ।

"ਘੈਂਟ..." ਸਦਾ ਵਾਲ਼ੀ ਟੋਨ ਵਿੱਚ ਕਹਿਤਾ।

ਫੇਰ ਤੁਰੰਤ ਆਪਣੀ ਸਹੇਲੀ ਰਮਨ ਨੂੰ ਫੋਨ ਲਾਇਆ, "ਰਮਨ, ਬਾਕੀ ਗੱਲ ਬਾਅਦ 'ਚ.... ਇੱਕ ਸਵਾਲ ਦਾ ਜਵਾਬ ਦੇ ਪਹਿਲਾਂ.... ਬਈ ਜੇ ਤੂੰ ਮਾਂ ਬਣਨ ਵਾਲ਼ੀ ਹੋਵੇਂ ਤਾਂ ਆਪਣੀ ਮੰਮੀ ਨੂੰ ਕਿਮੇਂ ਜੇ ਦੱਸੇਂਗੀ?"

"ਵਾਓ, ਮਤਲਬ ਹੋਗੀ ਪਾਰਟੀ ਪੱਕੀ..!!"

"ਯਰ, ਕਿਹੈ ਨਾ....ਸਭ ਕੁਝ ਬਾਅਦ 'ਚ.... ਪਹਿਲਾਂ ਮੇਰੇ ਸਵਾਲ ਦਾ ਜਵਾਬ...।"

"ਲੈ, ਆਂਟੀ ਨੂੰ ਕਹਿ ਦੇ, ਬਈ ਮੈਂ ਮਾਂ ਬਣਨ ਆਲ਼ੀ ਆਂ...।"

"ਸਿੱਧਾ..?"

"ਨਹੀਂ, ਪੁੱਠਾ.... ਕਹਿਦੇ ਬਈ ਥੋਡਾ ਜਵਾਈ ਪ੍ਰੈਗਨੈਂਟ ਐ।" ਉਹ ਸਦਾ ਵਾਂਗ ਹੀ ਚਹਿਕੀ।

ਲੈ ਜਵਾਬ ਮਿਲ ਗਿਆ। ਪ੍ਰੈਗਨੈਂਟ....। ਇਹ ਅੰਗਰੇਜ਼ੀ ਵੀ ਕਮਾਲ ਦੀ ਭਾਸ਼ਾ ਏ। ਜੇ ਪੰਜਾਬੀ ਵਿੱਚ ਕੁਝ ਕਹਿੰਦਿਆਂ ਸੰਗ ਜਿਹੀ ਲੱਗੇ ਤਾਂ ਅੰਗਰੇਜ਼ੀ 'ਚ ਕਹਿ ਦਿਓ। ਕਾਲਜ ਪੜ੍ਹ ਦੀਆਂ ਆਪਣੀਆਂ ਸਹੇਲੀਆਂ ਨੂੰ ਮੈਂ 'ਲੁੱਚੜਾਂ' ਕਹਿੰਦੀ ਸੀ ਤੇ ਉਹ ਮੈਨੂੰ 'ਸ਼ਰੀਫ਼ਜ਼ਾਦੀ। ਉਹ ਬਹੁਤੇ ਸ਼ਬਦ ਨੰਗੇ-ਚਿੱਟੇ ਹੀ ਉਚਾਰਦੀਆਂ। ਫੇਰ ਸਾਰੀਆਂ ਹੱਸ ਵੀ ਪੈਂਦੀਆਂ। ਮੈਂ ਚਾਹ ਕੇ ਵੀ ਕਦੇ ਬ੍ਰੈਸਟ, ਹਿੱਪ, ਥਾਈ, ਪੀਰੀਅਡਰਜ਼ ਸ਼ਬਦਾਂ ਨੂੰ ਪੰਜਾਬੀ ਵਿੱਚ ਨਾ ਉਚਾਰ ਸਕੀ। ਉਹ ਸਦਾ ਮੂਤਣ ਜਾਂਦੀਆਂ ਤੇ ਮੈਂ ਸਦਾ ਵਾਸ਼ਰੂਮ।

"ਹੈਲੋ, ਹੈਲੋ, ਸ਼ਰੀਫ਼ਜ਼ਾਦੀਏ, ਗੁੰਮ ਗੁਆਚਗੀ ਫੇਰ...? ਹੈਲੋ, ਮਰਗੀ ਕਿ ਹੈਗੀ ਐਂ..!!"

"ਇੰਨੀ ਛੇਤੀ ਨਹੀਓਂ ਮਰਦੀ, ਓ.ਕੇ..!"

"ਓਏ.... ਤੇਰੀ ਹੁਣ ਵੀ ਪੀਣਕ ਲੱਗ ਜਾਂਦੀ ਐ??"

ਮੈਂ ਅਕਸਰ ਹੀ ਸੋਚਦੀ-ਸੋਚਦੀ ਬਾਹਲ਼ਾ ਈ ਅੰਦਰ ਲਹਿ ਜਾਨੀ ਆਂ। ਸਾਰੇ ਜਾਣਦੇ ਨੇ ਮੇਰੇ ਇਸ ਰੋਗ ਬਾਰੇ। ਰਮਨ ਨੇ ਵੀ ਫੜ ਲਿਆ।

"ਓ.ਕੇ. ਮੈਂ ਤੇਰੇ ਨਾਲ਼ ਵਿਹਲੀ ਹੋ ਕੇ ਗੱਲ ਕਰਦੀ ਆਂ।" ਤੇ ਉਹਦੀ ਹੋਰ ਕੋਈ ਗੱਲ ਸੁਣੇ ਬਿਨਾਂ ਹੀ ਮੈਂ ਫੋਨ ਕੱਟ ਦਿੱਤਾ।

ਮੰਮੀ ਨੂੰ ਫੋਨ ਲਾ ਲਿਆ। ਦੋ ਕੁ ਰਿੰਗਾਂ ਗਈਆਂ, ਝੱਟ ਹੀ ਕੱਟਤਾ। ਨਹੀਂ ਯਾਰ, 'ਪ੍ਰੈਗਨੈਂਟ ਹੋ ਗਈ ਆਂ...।' ਕਹਿਣਾ ਸੁਆਦ ਜੇ ਆਲ਼ੀ ਗੱਲ ਨਹੀਂ। ਇਹ ਤਾਂ ਬਹੁਤ ਮਿੱਠਾ ਜਿਹਾ ਅਹਿਸਾਸ ਹੈ। ਮਿੱਠੇ ਜੇ ਢੰਗ ਨਾਲ਼ ਈ ਦੱਸਿਆ ਜਾਵੇ। ਮੰਮੀ ਦੀ ਰਿੰਗ ਆ ਗਈ, ਮੈਂ

ਕੱਟਤਾ। ਫੇਰ ਹੁਣ ਕਿਹਦੇ ਨਾਲ਼ ਗੱਲ ਕਰਾਂ? ਕਿਹਦੇ ਤੋਂ ਪੁੱਛਾਂ? ਕਮਲ, ਹਰਮਨ, ਜੋਤੀ, ਰਿੰਕਲ... ਨਹੀਂ ਦੁਬਾਰਾ ਰਮਨ ਨੂੰ ਈ ਕਰਦੀ ਆਂ। ਨਹੀਂ ਤਾਂ ਸਭ ਨੇ ਕੋਠੇ ਚੜ੍ਹਕੇ ਢੋਲ ਵਜਾ ਦੇਣੈ। ਇਹ ਅਜੇ ਨਿੱਜੀ ਜਾ ਮਾਮਲੈ।

"ਹਾਂ ਬੋਲ, ਯਾਰ ਤੂੰ ਮੇਰੀ ਗੱਲ ਸੁਣੇ ਬਿਨਾ ਈ ਫੋਨ ਕੱਟਤਾ..।"

"ਸਾੱਰੀ, ਕਾਹਲ਼ੀ ਜਿਹੀ ਹੋਈ ਪਈ ਐ। ਸਾੱਰੀ... ਹਾਂ ਦੱਸ, ਮੈਂ ਮੰਮੀ ਨੂੰ ਕੀ ਕਹਾਂ?"

"ਉਨ੍ਹਾਂ ਨੂੰ ਕਹਿ ਮੈਂ ਉਮੀਦ ਤੋਂ ਆਂ।"

"ਹੈਂਅ !! ਕੀ ਕੀ !!"

"ਉਮੀਦ.."

"ਨਹੀਂ-ਨਹੀਂ, ਪੂਰੀ ਗੱਲ ਫੇਰ ਕਹਿ...।"

"ਕਹਿ - ਮੈਂ ਉਮੀਦ ਤੋਂ ਹਾਂ।"

"ਵਾਹ-ਵਾਹ, ਜੇ ਤੂੰ ਮੇਰੀ ਕੋਲ਼ ਹੁੰਦੀ ਰਮਨ, ਮੈਂ ਤੈਨੂੰ ਚੁੰਮ ਲੈਣਾ ਸੀ। ਕਿੰਨੇ ਮਿੱਠੇ ਸ਼ਬਦ ਨੇ ਇਸ ਮਿੱਠੇ ਜਿਹੇ ਅਹਿਸਾਸ ਨੂੰ ਆਖਣ ਲਈ।.... ਸ਼ੁਕਰੀਆ।"

"ਕੋਈ ਗੱਲ ਨ ੀਂ.... ਮੇਰੀ ਫਾਰਮੈਲਿਟੀ...।"

ਮੈਂ ਸਿੱਧੀ-ਸਾਧੀ ਜਿਹੀ ਰਹਿਣਾ ਚਾਹੁੰਨੀਂ ਆਂ ਪਰ ਇਹ ਫ਼ਾਰਮਲ ਜਿਹੇ ਸ਼ਬਦ ਮੇਰਾ ਪਿੱਛਾ ਹੀ ਨਹੀਂ ਛੱਡਦੇ। 'ਸਾੱਰੀ' ਤੇ 'ਸ਼ੁਕਰੀਆ' ਦਿਨ ਵਿੱਚ 100 ਵਾਰੀ ਕਹਿੰਨੀ ਆਂ। ਮੈਨੂੰ ਇਹ ਬੋਲਣੇ ਚੰਗੇ ਲਗਦੇ ਨੇ, ਸੁਣਨ ਵਾਲ਼ੇ ਨੂੰ ਵੀ ਚੰਗੇ ਲਗਦੇ ਹੋਣਗੇ। ਗ਼ਲਤੀ ਮੰਨ ਲੈਣੀ ਤੇ ਅਹਿਸਾਨ ਮੰਨਣਾ.... ਸਾੱਰੀ ਤੇ ਸ਼ੁਕਰੀਆ।

ਮੈਂ ਇੱਕ ਲੰਮਾ ਜਿਹਾ ਸਾਹ ਖਿੱਚ ਕੇ, ਮੰਮੀ ਨੂੰ ਫੋਨ ਲਾਇਆ।

"ਹੈਲੋ, ਗੁੱਡੂ ਠੀਕ ਤਾਂ ਏਂ..!"

"ਮੰਮਾਂ.... ਮੈਂ ਉਮੀਦ ਹਾਂ।"

ਕਿੰਨੀ ਵਾਰੀ ਮਨੋ-ਮਨ ਪ੍ਰੈਕਟਿਸ ਕਰਨ ਤੋਂ ਬਾਅਦ ਵੀ.... 'ਮੈਂ ਉਮੀਦ ਤੋਂ ਹਾਂ' ਸਮਾਰ ਕੇ ਨਹੀਂ ਕਿਹਾ ਗਿਆ।

"ਮੈਂ ਉਮੀਦ ਤੋਂ ਹਾਂ।" ਮੈਂ ਬਹੁਤ ਸਹਿਜਤਾ ਨਾਲ਼ ਪੂਰਾ ਵਾਕ ਉਚਾਰਨ ਦੀ ਕੋਸ਼ਿਸ਼ ਕੀਤੀ।

"ਅੱਛਾ ਗੁੱਡੂ !! ਸੱਚੀਂ !!"

ਮੈਨੂੰ ਪਤੈ ਹੁਣ ਮੰਮਾਂ ਦੀਆਂ ਅੱਖਾਂ ਭਰ ਆਈਆਂ ਹੋਣਗੀਆਂ। ਉਨ ਾਂ ਦੇ ਬੁੱਲ ਕੰਬਣ ਜਿਹੇ ਲੱਗ ਪਏ ਹੋਣਗੇ।

"ਰੱਬ ਤੈਨੂੰ ਸੋਹਣਾ ਜਿਹਾ ਲਾਲ ਦੇਵੇ।" ਮੰਮਾਂ ਨੇ ਭਰੇ ਜਿਹੇ ਗਲ਼ੇ ਨਾਲ਼ ਕਿਹਾ।

"ਲਾਲ...!!!"

ਬਹੁਤ ਗਹਿਰਾ ਉਤਰ ਗਿਆ ਇਹ ਸ਼ਬਦ। 'ਲਾ..ਅ....ਲ..' ਮਤਲਬ ਮੁੰਡਾ। ਲਾਲ ਕਿਉਂ!! 'ਲਾਲੀ' ਕਿਉਂ ਨਹੀਂ!?!?! ਹਾਏ! ਮੰਮੀ ਨੇ ਇਹ ਕਿਉਂ ਕਿਹਾ!! ਮੇਰੀ ਖ਼ੁਸ਼ੀ ਕਾਫ਼ੂਰ ਹੋ ਗਈ। ਮੈਂ ਜਿਮੇਂ ਜੇ ਸੋਚਿਆ ਸੀ ਉਵੇਂ ਜੇ ਨਹੀਂ ਹੋਇਆ। ਮੰਮਾਂ ਦੇ ਇੱਕ ਸ਼ਬਦ ਨੇ ਮੈਨੂੰ ਧੁਰ ਅੰਦਰ ਤੱਕ ਹਿਲਾ ਦਿੱਤਾ।

"ਮੰਮਾਂ, ਤੁਸੀਂ ਲਾਲ ਕਿਉਂ ਕਿਹਾ ? ਲਾਲੀ ਕਿਉਂ ਨਹੀਂ ??"

"...... !! .... !! "

"ਮੰਮਾਂ...!!"

" ... ਉਹ ਅਸੀਸਾਂ 'ਚ ਇਵੇਂ ਈ ਕਹਿੰਦੇ ਨੇ।"

"ਮੀਨਜ਼, ਲਾਲੀ ਦੀ ਅਸੀਸ ਨਹੀਂ ਦੇਂਦਾ ਕੋਈ?"

" ... !!..."

"ਮੰਮਾਂ..!!"

"ਗੁੱਡੂ, ਪੁੱਤ ਤੂੰ ਹੁਣ ਆਪਣਾ ਧਿਆਨ ਰੱਖੀਂ। ਐਂ ਕਰ....।"

ਮੰਮੀ ਨੇ ਆਪਣੀ ਧੀ ਦੀ ਗੱਲ ਟਾਲ਼ਦਿਆਂ, ਆਪਣੇ ਦੋਹਤੇ ਦੀ ਮੰਮੀ ਨੂੰ ਹਦਾਇਤਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਉਹ ਲਗਾਤਾਰ ਬੋਲ ਰਹੇ ਨੇ। ਪਰ ਕੀ? ਕੁਝ ਸਮਝ ਨਹੀਂ ਆ ਰਿਹਾ, ਕੁਝ ਵੀ ਨਹੀਂ। ਉਨ੍ਹਾਂ ਦਾ ਕਿਹਾ 'ਲਾਲ' ਸ਼ਬਦ ਮੇਰੇ ਦੋਵੇਂ ਕੰਨਾਂ 'ਤੇ ਹੱਥ ਧਰੀਂ ਬੈਠਾ ਏ। ਮੰਮਾਂ ਦਾ ਕਿਹਾ, ਸੁਣੀ ਤਾਂ ਜਾ ਰਿਹੈ ਪਰ ਕੁਝ ਪੱਲੇ ਨਹੀਂ ਪੈ ਰਿਹਾ। 'ਲਾਲੀ' ਨੂੰ ਕੰਸ ਨੇ ਪਟਕਾ ਕੇ ਕੰਧ ਨਾਲ਼ ਮਾਰਿਆ। ਅਸਮਾਨੀ ਬਿਜਲੀ ਕੜਕੀ, ਅਕਾਸ਼ਬਾਣੀ ਦਾ ਸ਼ੋਰ..।

"ਓ ਕੇ ਮੰਮਾਂ, ਇਹ ਆ ਗਏ... ਮੈਂ ਫੇਰ ਕਰੂੰ ਗੱਲ..।" ਹਾਲਾਂਕਿ 'ਇਹ' ਨਹੀਂ ਸਨ ਆਏ ਪਰ...।

-----

ਅੱਜ ਘਰੇ ਖ਼ੁਸ਼ੀ ਭਰਿਆ ਮਾਹੌਲ ਹੈ। ਸਾਸੂ ਮਾਂ ਨੇ ਕੱਦੂ ਦਾ ਜ਼ਾਫ਼ਰਾਨੀ ਹਲਵਾ ਬਣਾਇਆ ਏ, ਮੇਰਾ ਫੇਵਰਟ। ਸਾਰਿਆਂ ਦੇ ਚਿਹਰੇ 'ਤੇ ਖ਼ੁਸ਼ੀ ਦਾ ਖੁਮਾਰ ਏ। ਮੇਰੀ ਨਨਾਣ ਕੋਮਲ ਕੱਚ ਦੀ ਕਟੋਰੀ ਵਿੱਚ ਹਲਵਾ ਪਾ ਲਿਆਈ।

"ਲਓ ਜੀ, ਪਹਿਲੀ ਵਧਾਈ ਮੇਰੇ ਵੱਲੋਂ...।"

ਉਹਨੇ ਮੇਰੇ ਮੂੰਹ ਵਿੱਚ ਖੀਰ ਦਾ ਚਮਚ ਬਾਅਦ ਵਿੱਚ ਪਾਇਆ, ਜੱਫੀ ਪਹਿਲਾਂ ਪਾ ਲਈ। ਸਾਸੂ ਮਾਂ ਵੀ ਆ ਗਏ।

"ਲੈ ਪੁੱਤ ਆਹ ਖੰਮਣੀ ਬੰਨ ..।"

ਸਾਸੂ ਮਾਂ ਵਹਿਮੀ ਜੇ ਨੇ, ਵਾਧੂ ਜੇ ਧਾਰਮਿਕ ਵੀ। ਉਂ ਵਧੀਆ ਨੇ, ਬੱਸ ਆਹ ਫੋਕੀ ਜੀ ਧਾਰਮਿਕਤਾ ਪਸੰਦ ਨ ੀਂ ਮੈਨੂੰ..। ਪਰ ਮੈਂ ਇਸ ਮਾਮਲੇ 'ਚ ਕਦੇ ਬਹਿਸ ਜੀ ਨ ੀਂ ਕੀਤੀ ਉਨ ਾਂ ਨਾਲ਼..। ਮੈਂ ਆਪਣੀ ਸੱਜੀ ਬਾਂਹ ਅੱਗੇ ਵਧਾ ਦਿੱਤੀ।

"ਨਹੀਂ ਖੱਬੀ 'ਤੇ ਬੰਨ੍ਹਣੀ ਐ, ਪੰਡਤ ਜੀ ਨੇ ਕਿਹਾ ਜਦ ਤੱਕ ਪੁੱਤਰ ਦਾਤ ਦੀ ਪ੍ਰਾਪਤੀ ਨਹੀਂ ਹੋ ਜਾਂਦੀ ਇਹ ਲਾਹੁਣੀ ਨਹੀਂ।"

"ਪੁੱਤਰ ਦਾਤ..!!" ਸਾਸੂ ਮਾਂ ਦੇ ਬਹੁਤ ਕੋਮਲ ਆਵਾਜ਼ ਵਿੱਚ ਕਹੇ ਇਹ ਸ਼ਬਦ ਮੇਰੇ ਅੰਦਰ ਹਥੌੜੇ ਵਾਂਗ ਵੱਜੇ।

'ਹਾਏ ਓ ਰੱਬਾ..! ਅਜੇ ਅੱਜ ਈ ਤਾਂ ਪਤਾ ਲੱਗਿਐ.... ਅੱਜ ਈ ਇਹ ਮੁੰਡਾ-ਮੁੰਡਾ ਕਰਨ ਲੱਗਪੇ।' ਮੈਨੂੰ ਸਮਝ ਨਹੀਂ ਸੀ ਆ ਰਿਹਾ ਕਿ ਮੈਂ ਕੀ ਜਵਾਬ ਦੇਵਾਂ? ਰਾਹੁਲ ਮੈਨੂੰ 'ਲਾੱਜਿਕੀ' ਕਹਿ ਕੇ ਬੁਲਾਉਂਦੈ, ਕਦੇ-ਕਦੇ। ਮੈਨੂੰ ਲਾੱਜਿਕ ਪਸੰਦ ਐ। ਜਿਹੜੇ ਪੰਡਤ ਜੀ ਕੋਲ਼ੋਂ ਇਹ ਧਾਗਾ ਆਇਐ, ਉਹਦੇ 3 ਕੁੜੀਆਂ ਨੇ, ਇੱਕ ਮੁੰਡਾ। ਮੁੰਡਾ ਸਭ ਤੋਂ ਛੋਟਾ। ਸਾਸੂ ਮਾਂ ਨੂੰ ਕਹਾਂ ਬਈ 'ਜੇ ਖੰਮਣੀ ਨਾਲ਼ ਮੁੰਡਾ ਹੁੰਦਾ ਤਾਂ ਪੰਡਤ ਜੀ ਦਾ ਮੁੰਡਾ ਸਭ ਤੋਂ ਛੋਟਾ ਨਾ ਹੁੰਦਾ..!'

ਕੋਈ ਕਲੇਸ਼ ਟਾਈਪ ਫ਼ੀਲਿੰਗ ਨਾ ਹੋਜੇ ਇਸ ਲਈ ਮੈਂ ਚੁੱਪ ਰਹੀ, ਖੰਮਣੀ ਬੰਨ੍ਹਵਾ ਲਈ। ਪਰ ਮੇਰੇ ਧੁਰ ਅੰਦਰ ਕੁਝ ਕਚੋਟਣ ਜਿਹਾ ਲੱਗ ਪਿਆ। ਕਿੰਨਾ ਚਾਅ ਸੀ ਮੈਨੂੰ ਮਾਂ ਬਣਨ ਦਾ, ਇਨ ਾਂ ਨੇ ਸਭ ਕਾਸੇ ਦਾ ਸੱਤਿਆਨਾਸ ਕਰ ਕੇ ਧਰਤਾ।

"ਕੋਮਲ ਭਾਈ... ਹੁਣ ਦੋਏ ਟੈਮ ਦੀ ਰੋਟੀ ਤੂੰ ਬਣਾਇਆ ਕਰੀਂ, ਇੱਕ ਟੈਮ ਦੀ ਮੈਂ... ਆਪਾਂ ਹੁਣ ਨੂੰਹ ਰਾਣੀ ਦਾ ਪੈਰ, ਥੱਲੇ ਨ ੀਂ ਲੱਗਣ ਦੇਣਾ।"

ਡਾਕਟਰਨੀਆਂ ਤਾਂ ਇਹ ਸਲਾਹ ਦਿੰਦੀਆਂ ਨੇ ਬਈ 'ਜੇ ਡਲਿਵਰੀ ਨਾਰਮਲ ਚਾਹੁੰਨੇ ਓਂ ਤਾਂ ਘਰ ਦੇ ਸਾਰੇ ਕੰਮਕਾਰ ਆਪ ਕਰੋ। ਪੋਚੇ ਲਾਓ, ਝਾੜੂ ਲਾਓ।' ...ਤੇ ਇਹ ਕਹਿੰਦੇ 'ਹੁਣ ਮੈਨੂੰ ਕੰਮ ਨਹੀਂ ਕਰਨ ਦੇਣਾ!'

"ਨਹੀਂ ਮੰਮੀ ਜੀ, ਕੰਮ ਸਾਰੇ ਮੈਂ ਈ ਕਰੂੰ..।"

"ਨਾ-ਨਾ ਪੁੱਤ, ਇਹ ਗੱਲ ਝੂਠੀ... ਤੂੰ ਬੱਸ ਆਰਾਮ ਕਰ, ਖਾ ਪੀ, ਖ਼ੁਸ਼ ਰਹਿ ਤੇ ਇੱਕ ਸੋਹਣਾ ਜਿਹਾ ਪੋਤਾ ਮੇਰੀ ਝੋਲ਼ੀ ਪਾ ਦੇ।"

ਫੇਰ ਉਹੀ ਗੱਲ.... ਵਾਰ-ਵਾਰ.... ਹਅਅਅ... ਰਾਹੁਲ ਨਾਲ਼ ਈ ਗੱਲ ਕਰੂੰ।

-----

ਮੈਨੂੰ ਸ਼ਬਦ ਨਹੀਂ ਸਨ ਲੱਭ ਰਹੇ ਰਾਹੁਲ ਨਾਲ਼ ਗੱਲ ਕਰਨ ਲਈ। ਉਹ ਵੀ ਬਹੁਤ ਖ਼ੁਸ਼ ਹੈ, ਕਿਤੇ ਮੇਰੀਆਂ ਗੱਲਾਂ ਉਸ ਦੀ ਖ਼ੁਸ਼ੀ ਨੂੰ ਨਰਾਜ਼ ਨਾ ਕਰ ਦੇਣ। ਕਿਤੇ ਗੱਲਾਂ ਦੇ ਹੱਥ, ਚਿਹਰਿਆਂ ਦੇ ਨਕਾਬ ਨਾ ਲਾਹ ਦੇਣ। ਪਰ ਗੱਲ ਤਾਂ ਕਰਨੀ ਈ ਏ... ਨਹੀਂ ਤਾਂ ਮੇਰੇ ਅੰਦਰ ਦੀ ਅੱਚਵੀ ਨੇ, ਮੈਨੂੰ ਖਾ ਜਾਣੈ।

"ਤੁਸੀਂ ਖ਼ੁਸ਼ ਤਾਂ ਹੋ..!"

"ਮੇਰੇ ਜਿੰਨਾ ਖ਼ੁਸ਼ ਤਾਂ ਅੱਜ ਦੁਨੀਆ 'ਤੇ ਕੋਈ ਵੀ ਨਹੀਂ ਹੋਣਾ। ਡੈਡੀ ਬਣਨ ਦਾ ਸੋਚ ਕੇ ਈ, ਮੇਰੇ ਤਾਂ ਲੂੰ-ਕੰਡੇ ਜੇ ਖੜ੍ਹੇ ਹੋਈ ਜਾ ਰਹੇ ਨੇ।"

ਉਸਨੇ ਮੈਨੂੰ ਕਲਾਵੇ ਵਿੱਚ ਭਰ ਲਿਆ। ਅੱਜ ਪਹਿਲੀ ਵਾਰ ਕਲਾਵੇ ਵਿੱਚ ਜਾ ਕੇ ਮੇਰਾ ਦਮ ਜਿਹਾ ਘੁਟਿਆ ਪਰ ਮੈਂ ਫੇਰ ਵੀ ਓਥੇ ਹੀ ਡਟੀ ਰਹੀ, ਓਹਦੇ ਦਿਲ ਦੇ ਨੇੜੇ ਜਿਹੇ।

ਇਸ ਤੋਂ ਪਹਿਲਾਂ ਕਿ ਦਿਲ ਤੋਂ ਦੂਰ ਹੋ ਜਾਂਦੀ, ਮੈਂ ਬੋਲ ਪਈ, "ਮੈਨੂੰ ਤਾਂ ਇੱਕ ਬੇਬੀ ਚਾਹੀਦੀ ਏ।"

"ਮੈਨੂੰ ਵੀ ਤਾਂ ਇੱਕ ਬੇਬੀ ਚਾਹੀਦਾ ਏ।" ਉਸਨੇ ਵੀ ਝੱਟ ਆਖ ਸੁਣਾਇਆ।

ਓ ਫੋ, ਮੈਂ ਕੁਝ ਹੋਰ ਕਹਿ ਰਹੀ ਆਂ, ਇਹ ਕੁਝ ਹੋਰ ਸਮਝ ਰਹੇ ਨੇ। ਚਾਹੀਦੀ ਤੇ ਚਾਹੀਦਾ... ਮਹੀਨ ਜਾ ਫ਼ਰਕ ਹੈ। ਪਤਾ ਨਹੀਂ ਰਾਹੁਲ ਨਹੀਂ ਸਮਝ ਰਿਹਾ ਜਾਂ ਮੈਂ...। ਸੱਚੀਂ ਬਹੁਤ ਔਖਾ ਹੈ ਭਾਵਾਂ ਨੂੰ ਭਾਸ਼ਾ ਰਾਹੀਂ ਵਿਅਕਤ ਕਰਨਾ। ਜਦ ਸਾਡੇ ਲਿੰਗਇਉਸਟਿਕ ਵਾਲ਼ੇ ਟੀਚਰ ਇਹ ਗੱਲ ਕਹਿੰਦੇ ਸੀ ਤਾਂ ਇਹ ਗੱਲ ਮੇਰੇ ਪੱਲੇ ਨਹੀਂ ਸੀ ਪੈਂਦੀ। ਉਦੋਂ ਮੈਂ ਸੋਚਦੀ.....ਸਿੱਧਾ ਜਾ ਤਾਂ ਫੰਡੈ, ਜੋ ਦਿਲ 'ਚ ਐ ਬੋਲ ਦੋ, ਔਖ ਕਾਹਦੀ। ਅੱਜ ਪਤਾ ਲੱਗਾ ਉਹ ਕੀ ਕਹਿਣਾ ਚਾਹੁੰਦੇ ਸੀ। ਮੈਂ ਇਸ ਗੱਲ ਨੂੰ ਲਮਕਾਉਣਾ ਨਹੀਂ ਸੀ ਚਾਹੁੰਦੀ, ਮੈਂ ਸਮਝ ਗਈ ਸਾਂ ਉਹ ਕੀ ਚਾਹੁੰਦੇ ਨੇ, ਪਰ ਜੇ...??

"ਤੇ ਜੇ ਕੁੜੀ ਹੋਗੀ?" ਮੈਂ ਕਾਹਲ਼ੀ ਕਾਹਲ਼ੀ ਪੁੱਛਿਆ ਸੀ, ਮੈਂ ਜਾਣਨਾ ਚਾਹੁੰਦੀ ਸੀ ਰਾਹੁਲ ਦਾ ਜਵਾਬ। ਮੈਂ ਜਾਣਨਾ ਚਾਹੁੰਦੀ ਸੀ ਕਿ 'ਮੇਰੀ ਧਿਰ ਕੋਈ ਹੈ ਵੀ ਜਾਂ ਨਹੀਂ!'

ਰਾਹੁਲ ਹੋਰੂੰ ਜਿਹੇ ਮੇਰੇ ਵੱਲ  ਝਾਕਿਆ ਪਰ ਛੇਤੀ ਹੀ ਉਸ ਝਾਕਣੀ ਨੂੰ ਕਵਰ ਕਰਦਿਆਂ, ਮੈਨੂੰ ਘੁਟਦਿਆਂ ਕਹਿੰਦਾ, "ਮੁੰਡਾ ਈ ਹੋਊ…।"

ਹਾਹਾਹਾਹਾ…. ਕਿੱਡੇ ਸ਼ਿਓਰ ਹੋ ਜਾਂਦੇ ਨੇ ਸਾਰੇ। ਨਹੀਂ ਸ਼ਿਓਰ ਨਹੀਂ ਹੁੰਦੇ…. ਅਸਲ ਵਿੱਚ ਇਸ ਤੋਂ ਇਲਾਵਾ ਹੋਰ ਕੁਝ ਨਾ ਸੋਚਣਾ ਚਾਹੁੰਦੇ ਨੇ ਤਾਂ ਨਾ ਈ ਮੰਨਣਾ ਚਾਹੁੰਦੇ ਨੇ। ਪਹਿਲੋਂ ਈ ਰੱਦ ਕਰ ਦਿੰਦੇ ਨੇ, ਦਿਮਾਗ਼ੀ ਤਰਕਾਂ ਨੂੰ…. ਬੱਸ ਦਿਲ ਦੀ ਸੁਣਦੇ ਨੇ। ਸੁਣਦੇ ਨਹੀਂ, ਵਾਰ-ਵਾਰ ਦਿਲ ਨੂੰ ਮਨਾਉਂਦੇ ਨੇ ਬਈ 'ਮੁੰਡਾ ਈ ਹੋਊ।' ਰਾਹੁਲ ਨੇ ਮੇਰੀ ਗੱਲ ਦਾ ਉਹ ਜਵਾਬ ਨਾ ਦਿੱਤਾ ਜੋ ਮੈਨੂੰ ਚਾਹੀਦਾ ਸੀ, ਮਤਲਬ ਮੇਰੀ ਕੋਈ ਧਿਰ ਨਹੀਂ।

-----

ਮੇਰੇ ਰੂਮ ਵਿੱਚ ਇੱਕ ਸੋਹਣੇ ਜਿਹੇ ਜੁਆਕ ਦੀ ਫ਼ੋਟੋ ਲਿਆ ਕੇ ਲਾ ਦਿੱਤੀ। ਘਰੇ ਸੇਬਾਂ ਦਾ ਢੇਰ ਲਾਤਾ, ਸਾਰੀ ਚੀਜਾਂ ਵਿੱਚੋਂ ਸੇਬਾਂ ਦੀ ਓ ਸਮੈੱਲ ਆਈ ਜਾਣੀ। ਅਖੇ, 'ਸੇਬ ਅਰਗਾ ਲਾਲ ਪੋਤਾ ਚਾਹੀਦੈ।' ਸਾਸੂ ਮਾਂ 3-4 ਵਾਰੀ ਹੋਰ ਪੰਡਤ ਕੋਲ਼ ਜਾ ਆਈ ਏ। ਜਦੋਂ ਵੀ ਅਸੀਂ ਰੁਟੀਨ ਚੈਕਅੱਪ ਲਈ ਹਾਸਪਿਟਲ ਜਾਣਾ ਤਾਂ ਰਾਹ ਵਿੱਚ ਸਾਸੂ ਮਾਂ ਇਹ ਕਹਿ ਕੇ ਗੱਡੀ 'ਚੋਂ ਉਤਰ ਜਾਂਦੇ, 'ਬਈ ਤੁਸੀਂ ਚਲੋ, ਮੈਂ ਬੱਸ ਗਈ ਤੇ ਆਈ।'

ਮੈਂ ਰਾਹੁਲ ਨੂੰ ਕਿਹਾ ਸੀ, "ਤੁਸੀਂ ਮੰਮੀ ਨੂੰ ਕਹੋ, ਕਾਹਨੂੰ ਪੰਡਤ ਕੋਲ਼ ਗੇੜੇ ਮਾਰ ਕੇ ਪੈਸਾ ਤੇ ਟਾਈਮ ਵੇਸਟ ਕਰਦੇ ਨੇ, ਹੁਣ ਜੋ ਵੀ ਹੋਣਾ ਹੋਇਆ ਉਹ ਤਾਂ ਨਿਰਧਾਰਤ ਹੋ ਗਿਆ ਏ। ਆਹ ਪੰਡਤ ਦੇ ਟਰਿੱਕਾਂ ਨਾਲ਼ ਬੱਚੇ ਦਾ ਸੈਕਸ ਤਾਂ ਚੇਂਜ ਹੋਣੋ ਰਿਹਾ।"

"ਛੱਡ ਯਾਰ, ਮੰਮੀ ਨੂੰ ਆਹ ਸਭ ਕਰ ਕੇ ਖ਼ੁਸ਼ੀ ਮਿਲਦੀ ਹੈ, ਕਰੀ ਜਾਣਦੇ। ਆਪਣਾ ਕੀ ਲੈਂਦੇ ਨੇ..!!"

ਮੈਂ ਆਪਣੇ ਬੈਡਰੂਮ ਵਿੱਚ ਪਈ ਸਾਹਮਣੇ ਕੰਧ 'ਤੇ ਲੱਗੀ ਗੋਭਲੂ ਜਿਹੇ ਜੁਆਕ ਦੀ ਤਸਵੀਰ ਗਹੁ ਨਾਲ਼ ਵੇਖ ਰਹੀ ਸਾਂ। ਕਹਿੰਦੇ ਨੇ ਬਈ, 'ਜਿਹੋ ਜਿਹਾ ਬੱਚਾ ਅਮੈਜਨ ਕਰੋਂਗੇ ਓਹੋ ਜਿਹਾ ਹੀ ਹੋਊ… ਹਾਹਾਹਾ… ਫੇਰ ਅਫ਼ਰੀਕਾ ਆਲ਼ਿਆਂ ਦੇ ਗੋਰੀਆਂ ਓਲਾਦਾਂ ਕਿਉਂ ਨਹੀਂ ਹੁੰਦੀਆਂ !!'

ਮੈਂ ਉੱਠੀ, ਫ਼ੋਟੋ ਦੇ ਨੇੜੇ ਆਈ। ਗਹੁ ਨਾਲ਼ ਵੇਖਿਆ, ਹੋਰ ਗਹੁ ਨਾਲ਼। ਪੱਲੇ ਜੇ ਨਹੀਂ ਪਿਆ ਕੁਛ… ਬਈ ਇਹ ਫ਼ੋਟੋ ਮੁੰਡੇ ਦੀ ਐ ਜਾਂ ਕੁੜੀ ਦੀ। ਜੁਆਕਾਂ 'ਚ ਫ਼ਰਕ ਕਰਨਾ ਮੁਸ਼ਕਿਲ ਹੋ ਜਾਂਦੈ। ਸੈਕਸ ਆਰਗਨ ਚੈੱਕ ਕਰ ਕੇ ਪਤਾ ਲਗਦੈ ਬਹੁਤੀ ਵਾਰੀ। ਮੈਂ ਸੁਣਿਐ, ਜਨਮ ਤੋਂ ਲੈ ਕੇ ਖਾਸੇ ਸਾਲਾਂ ਤੱਕ ਮੁੰਡਾ ਤੇ ਕੁੜੀ 'ਚ ਕੋਈ ਬਹੁਤਾ ਫ਼ਰਕ ਨਹੀਂ ਹੁੰਦਾ। ਕੁੜੀ, ਆਪਣੇ ਆਪ ਨੂੰ ਕੁੜੀ ਹੀ ਫ਼ੀਲ ਨਹੀਂ ਕਰਦੀ। ਇਹ ਤਾਂ ਸਮਾਜ ਤੇ ਪਰਿਵਾਰ ਹੈ ਜਿਹੜਾ ਕੁੜੀ ਨੂੰ, ਕੁੜੀ ਵਰਗਾ ਬਣਾ ਦਿੰਦੈ, ਬੋਲ-ਬੋਲ ਕੇ, ਟੋਕ-ਟੋਕ ਕੇ।

"ਰਾਹੁਲ ਜੀ, ਇਹ ਫ਼ੋਟੋ ਮੇਲ ਬੇਬੀ ਦੀ ਹੈ ਜਾਂ ਫ਼ੀਮੇਲ ਬੇਬੀ ਦੀ?"

ਰਾਹੁਲ ਹੁਣੇ ਘਰ ਆਇਆ ਸੀ ਤੇ ਉਹਦੇ ਬੈੱਡਰੂਮ ਵੜਦਿਆਂ ਈ ਮੈਂ ਇਹ ਸਵਾਲ ਦਾਗ ਦਿੱਤਾ। ਉਹ ਗਹੁ ਨਾਲ਼ ਫ਼ੋਟੋ ਵੱਲ  ਵੇਖਣ ਲੱਗ ਪਿਆ। ਦੇਖਦਾ ਰਿਹਾ। ਮੈਂ ਸੋਚਿਆ 'ਹੁਣ ਬੋਲਣਗੇ ਤੇ ਕਹਿਣਗੇ, ਮੁੰਡਾ ਏ।'

ਪਰ ਨਹੀਂ ਉਨ ਾਂ ਮੈਨੂੰ ਸਵਾਲ ਕੀਤਾ, "ਤੈਨੂੰ ਕੀ ਲਗਦੈ?"

"ਮੈ….ਨੂੰ…. ਤਾਂ ਇਹ…. ਪਤਾ ਜਾ ਈ ਨ ੀਂ ਲੱਗਿਆ, ਤਾਂ ਹੀ ਤਾਂ ਤੁਹਾਡੇ ਤੋਂ

ਪੁੱਛਿਆ ਏ।"

"ਅੱਛਾ.... ਅਮਮ... ਅੱਛਾ ਇਹ ਦੱਸ ਬਈ ਇਹ ਫ਼ੋਟੋ ਲੈ ਕੇ ਕੌਣ ਆਇਐ..?"

"ਅਜੀਬ ਸਵਾਲ ਐ...।"

"ਜੇ ਤਾਂ ਕੋਮਲ ਲੈ ਕੇ ਆਈ ਐ ਫੇਰ ਤਾਂ ਇਹ..।"

"ਨਹੀਂ ਮੰਮੀ ਜੀ ਲੈ ਕੇ ਆਏ ਨੇ।" ਮੈਂ ਤੁਰੰਤ ਕਿਹਾ ਸੀ।

"ਫੇਰ ਤਾਂ ਪੱਕਾ ਮੁੰਡਾ ਈ ਹੋਊ।"

"ਮਤਲਬ ਮੰਮੀ ਜੀ ਤੋਂ ਪੁੱਛਾਂ?"

"ਓ ਯਾਰ, ਮੰਮੀ ਜੀ ਨੂੰ ਵੀ ਕੀ ਪਤਾ ਹੋਊ ਬਈ ਮੁੰਡਾ ਕਿ ਕੁੜੀ! ਉਨ ਾਂ ਦੁਕਾਨ ਵਾਲ਼ੇ ਨੂੰ ਕਿਹਾ ਹੋਣਾ ਬਈ ਸੋਹਣੇ ਜਿਹੇ ਜੁਆਕ ਦੀ ਫੋਟੋ ਦੇ ਦਿਓ, ਨੂੰਹ ਦੇ ਬੈੱਡਰੂਮ ਵਿੱਚ ਲਾਉਣੀ ਏ.... ਤੇ ਉਨ ਾਂ ਦੇਤੀ ਹੋਣੀ ਐ।"

"ਮਤਲਬ ਫੇਰ ਦੁਕਾਨਦਾਰ ਨੂੰ ਪਤਾ ਹੋਣਾ ਈ ਐ.!!"

"ਉਹਨੇ ਪਤਾ ਕਰ ਕੇ ਕੀ ਲੈਣੈ..!!" ਰਾਹੁਲ ਦੇ ਬੋਲਾਂ ਦੀ ਸਪੀਡ ਵਧ ਗਈ ਤੇ ਟੋਨ ਵੀ ਰਤਾ ਕੁ ਉੱਚੀ ਹੋ ਗਈ ਸੀ ਮਤਲਬ ਗੱਲ ਨੂੰ ਇੱਥੇ ਹੀ ਰੋਕ ਦਿਆਂ, ਨਹੀਂ ਤਾਂ..!!

"ਛੱਡੋ ਪਰ੍ਹਾਂ, ਆਪਾਂ ਵੀ ਕਿਹੜੀਆਂ ਗੱਲਾਂ ਲੈ ਕੇ ਬਹਿ ਗਏ... ਹਾਂ ਸੱਚ ਓਧਰੋਂ ਮੰਮੀ ਦਾ ਫ਼ੋਨ ਆਇਆ ਸੀ। ਉਹ ਕਹਿੰਦੇ ਸੀ ਬਈ ਮੈਨੂੰ ਲੈ ਕੇ ਜਾਣੈ।"

"ਕਿਉਂ?"

"ਕਿਉਂ ਕੀ!! ਪਹਿਲਾ ਬੱਚਾ ਤਾਂ ਪੇਕੇ ਘਰ ਈ ਹੁੰਦੈ।"

"ਓ ਸੋਹਣਿਓ, ਕਿਹੜੇ ਵਹਿਮਾਂ-ਭਰਮਾਂ 'ਚ ਪਏ ਓਂ...! ਹੁਣ ਵੀ ਬਾਬਾ ਆਦਮ ਵੇਲ਼ੇ ਦੀਆਂ ਰਵਾਇਤਾਂ ਸਿਰ 'ਤੇ ਚੁੱਕੀ ਫਿਰਦੇ ਓਂ.... ਨਾ ਜੇ ਪਹਿਲਾਂ ਬੱਚਾ ਸਹੁਰਿਆਂ ਦੇ ਘਰ ਹੋ ਗਿਆ ਤਾਂ ਕੀ ਹੋਜੂ...?"

"ਮੈਨੂੰ ਇਹਦੇ ਬਾਰੇ ਕੁਝ ਨਈਂ ਪਤਾ... ਓਧਰੋਂ ਮੰਮੀ ਨੇ ਕਿਹਾ...।"

ਅੱਜ ਰਾਹੁਲ ਮੇਰੀ ਧਿਰ ਬਣ ਕੇ ਖੜ੍ਹਾ ਸੀ, ਇਸ ਲਈ ਮੈਂ ਕੁਝ ਨਹੀਂ ਕਿਹਾ।

"ਨਾਲ਼ੇ ਇੱਥੇ ਬਹੁਤ ਕਾਬਿਲ ਡਾ. ਨੇ... ਤੁਹਾਡੇ ਓਥੇ ਤਾਂ...।"

"ਹਾਂ ਪੁੱਤ, ਕਦੋਂ ਜਾਣੈ ਫੇਰ ਆਪਣੇ ਪੇਕੇ... ਮੇਰੀ ਕੁੜਮਣੀ ਦਾ ਅੱਜ ਚਾਰ ਵਾਰ ਫੋਨ ਆ ਗਿਆ।"

ਸਾਸੂ ਮਾਂ ਦਾ ਸਵਾਲ ਸੁਣ ਕੇ ਮੈਂ ਰਾਹੁਲ ਵੱਲ ਵੇਖਣ ਲੱਗ ਪਈ। ਉਹਨੇ ਹੀ ਮੇਰੇ ਵੱਲੋਂ ਬੋਲਣਾ ਸੀ। ਉਹ ਕੁਝ ਕਹਿਣ ਤਾਂ ਲੱਗਾ ਸੀ, ਪਰ...। ਲੈ, ਹੁਣੇ ਤਾਂ ਮੈਨੂੰ ਮੱਤਾਂ ਦਿੰਦੇ ਸੀ ਤੇ ਹੁਣ ਮਾਂ ਸਾਹਵੇਂ ਜਮ੍ਹਾਂ ਈ ਸੁੰਨ ਹੋਗੇ, 'ਕਹੋ ਇਨ੍ਹਾਂ ਨੂੰ ਬਈ ਪਹਿਲਾ ਬੱਚਾ ਇੱਥੇ ਹੀ ਹੋਊ, ਮੇਰੇ ਸੁਹਰੇ ਘਰ..!'

"ਰਾਹੁਲ ਭਾਈ, ਕੱਲ -ਪਰਸੋਂ ਤੱਕ ਟੈਮ ਕੱਢ ਕੇ, ਛੱਡ ਕੇ ਆ ਬਹੂ ਨੂੰ...।"

"ਜੀ ਮੰਮੀ ਜੀ..।"

ਮੈਨੂੰ ਮਿੱਟੀ ਖਾਣਾ ਸੱਪ ਬਹੁਤ ਬੁਰਾ ਲਗਦੈ। ਜ਼ਹਿਰ ਤਾਂ ਉਹਦੇ ਵਿੱਚ ਹੁੰਦੀ ਨ ੀਂ, ਉਈਂ ਫੁੰਕਾਰੇ ਜਿਹੇ ਮਾਰ ਕੇ ਲੋਕਾਂ ਹੱਥੋਂ ਰਗੜਿਆ ਜਾਂਦੈ। ਸੱਪ ਹੋਵੇ ਤਾਂ ਜ਼ਹਿਰੀ, ਨਹੀਂ ਤਾਂ ਗੰਡੋਆ ਕੀ ਮਾੜੈ..!!

ਮੈਂ ਆਪਣੇ ਪੇਕੀਂ ਆ ਗਈ ਸੀ। ਡਲਿਵਰੀ ਲਈ ਬੱਸ ਹਫ਼ਤਾ ਕੁ ਰਹਿ ਗਿਆ। ਆਹ ਪਿਛਲੇ 6-7 ਮਹੀਨੇ ਮੈਂ ਕਿਵੇਂ ਕੱਢੇ ਨੇ, ਮੈਂ ਈ ਜਾਣਦੀ ਆਂ ਜਾਂ ਮੇਰਾ ਰੱਬ। ਨਹੀਂ ਰੱਬ ਵੀ ਨਹੀਂ ਜਾਣਦਾ ਹੋਣਾ.... ਮੈਂ ਈ ਜਾਣਦੀ ਆਂ... ਜੇ ਰੱਬ ਜਾਣਦਾ ਹੁੰਦਾ ਤਾਂ ਕੋਈ ਹੱਲ ਪੇਸ਼ ਕਰਦਾ। ਰਾਹੁਲ ਹੁਰਾਂ ਨੇ ਜੁਆਕ ਦੇ ਆਉਣ ਤੋਂ ਪਹਿਲਾਂ ਈ ਫੁੱਲ ਖ਼ਰੀਦਦਾਰੀ ਕਰ ਲਈ। ਘਰ ਭਰਤਾ ਹੋਣਾ ਚੀਜਾਂ ਨਾਲ਼, ਉਹ ਰੋਜ਼ ਤਾਂ ਜਾਂਦੇ ਨੇ ਸ਼ਾਪਿੰਗ ਕਰਨ। ਸਾਸੂ ਮਾਂ ਮੇਰੇ ਕੋਲ਼ 4-5 ਵਾਰੀ ਗੇੜਾ ਮਾਰ ਗਏ। ਕਹਿੰਦੇ, 'ਤੇਰੇ ਬਿਨਾਂ ਦਿਲ ਜਾ ਨਈਂ ਲਗਦਾ।' ਹਰੇਕ ਵਾਰ ਸੇਬ ਚੁੱਕੀਂ ਲਿਆਉਂਦੇ ਨੇ ਤੇ ਨਾਲ਼ ਪੰਡਤ ਜੀ ਦਾ ਕੋਈ ਟਰਿੱਕ। ਅਖੇ - 'ਇਹ ਨ੍ਹੀਂ ਕਰਨਾ, ਉਹ ਕਰਨਾ ਹੈ, ਐਂ ਨਹੀਂ ਬੈਠਣਾ, ਐਂ ਨ੍ਹੀਂ ਪੈਣਾ... ਐਂ ਜੇ ਉਠਣਾ ਏ, ਐਂ ਜੇ..! ਪੰਡਤ ਜੀ..!!

ਕੋਈ ਪੁੱਛਣ ਆਲ਼ਾ ਹੋਵੇ ਬਈ 'ਓ ਪੰਡਤ ਕਦੇ ਪ੍ਰੈਗਨੈਂਟ ਹੋਇਐ?' ਉਹਨੂੰ ਕੀ ਪਤਾ ਇੱਕ ਪ੍ਰੈਗਨੈਂਟ ਲੇਡੀ ਨੂੰ ਕਿਹੜੀਆਂ-ਕਿਹੜੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦੈ। ਤੁਸੀਂ ਉੱਠਣ ਲੱਗਿਆਂ ਵੀਹ ਆਰੀਂ ਸੋਚਦੇ ਓਂ.... ਫੇਰ ਸਹਾਰਾ ਲੈ ਕੇ ਖੜ੍ਹਾ ਹੋਈਦੈ। ਪੈਣ ਲੱਗਿਆਂ ਸੌ ਬੰਧੇਜ.... ਪੇਟ ਅੰਦਰ ਹਿਲਜੁਲ ਜਿਹੀ ਮਹਿਸੂਸ ਹੋਈ ਜਾਣੀ। ਕੋਈ ਪਲ ਨਹੀਂ ਗੁਜ਼ਰਦਾ ਜਦੋਂ ਚੇਤਾ ਨਾ ਰਹੇ ਬਈ 'ਤੁਸੀਂ ਪ੍ਰੈਗਨੈਂਟ ਓਂ!' ਖਾਣ-ਪੀਣ ਦਾ ਸੌ ਪਰਹੇਜ਼, ਆਪਣੀ ਮਰਜ਼ੀ ਨਾਲ਼ ਤੁਸੀਂ ਕੁਝ ਵੀ ਨਹੀਂ ਕਰ ਸਕਦੇ। ਪੰਡਤ ਨੂੰ ਕੀ ਪਤਾ ਹੋਊ..! ਖੇਹ ਤੇ ਸਵਾਹ..!! ਉਹਨੂੰ ਕਹੋ ਜਨਾਨੀ ਬਣ ਕੇ ਦੇਖੇ ਤਾਂ ਇੱਕ ਵਾਰੀ। ਸਭ ਚਤਰਾਈਆਂ ਭੁੱਲ ਜੂ....। ਦਫ਼ਾ ਕਰੋ ਪੰਡਤ ਨੂੰ, ਹੋਰ ਸੌ ਟੈਨਸ਼ਨਾਂ ਨੇ, ਉਹਦੇ ਬਾਰੇ ਸੋਚ-ਸੋਚ ਕੇ ਕਾਹਨੂੰ ਦਿਮਾਗ਼ ਜਾ ਭਾਰੀ ਕਰਨੈ...!

ਹਾਂ ਸੱਚ ਉਨ੍ਹਾਂ ਨੇ ਤਾਂ ਨਾਂ ਵੀ ਸੋਚ ਲਿਐ, ਆਉਣ ਵਾਲ਼ੇ ਬੱਚੇ ਦਾ...। ਕਹਿੰਦੇ ਯੁਵਰਾਜ ਰੱਖਣਾ ਏ ਨਾਂ, ਨਿੱਕ ਨੇਮ ਯੁਵੀ। ਯਾਰ, ਵਾਹਿਯਾਤ ਗੱਲਾਂ ਕਿਉਂ ਕਰਦੇ ਨੇ ਸਾਰੇ!! ਨਾਮ ਵੀ ਮੁੰਡੇ ਵਾਲ਼ਾ! ਆਪਸ਼ਨ ਤਾਂ ਰੱਖ ਲੋ, ਬਈ ਜੇ ਕੁੜੀ ਹੋਈ ਤਾਂ...!! ਮਾੜੀ-ਮੋਟੀ ਗੁੰਜਾਇਸ਼ ਤਾਂ ਰੱਖ ਲਵੋ.... ਓ ਗਾੱਡ... ਕਿਤੇ ਤਾਂ ਰਤਾ ਸਾਹ ਆਉਣ ਦਿਓ...!

ਇੱਕ ਦਿਨ ਗੁੱਸੇ 'ਚ ਆਈ ਨੇ ਮੰਮੀ ਨੂੰ ਤਾਂ ਦੇਤਾ ਸੀ ਦੱਖੂ-ਦਾਣਾ।

ਕਹਿੰਦੇ, "ਗੁੱਡੂ, ਆਹ ਯੁਵਰਾਜ ਦੀ ਕੋਟੀ ਲਈ ਉੱਨ ਲਿਆਂਦੀ ਐ, ਹੱਥ ਲਾ ਕੇ ਵੇਖ ਕਿੰਨੀ ਕੂਲ਼ੀ-ਕੂਲ਼ੀ ਐ।"

"ਕੀ ਯੁਵਰਾਜ-ਯੁਵਰਾਜ ਲਾਈ ਰਖਦੇ ਓਂ ਮੰਮਾਂ ਸਾਰੀ ਦਿਹਾੜੀ, ਜੇ ਭਲਾਂ ਕੁੜੀ ਹੋਈ..!!"

"ਸ਼ੁਭ-ਸ਼ੁਭ ਬੋਲ ਗੁੱਡੂ....!" ਮੰਮੀ ਨੇ ਮੇਰੇ ਮੂੰਹ 'ਤੇ ਹੱਥ ਰੱਖਦਿਆਂ ਕਿਹਾ।

"ਫੇਰ ਉਹੀ ਗੱਲਾਂ.... ਤੁਸੀਂ ਸਾਰੇ ਲੋਕ ਸੱਚਾਈ ਤੋਂ ਐਨਾ ਭੱਜਦੇ ਕਿਉਂ ਓਂ?"

"ਜਨਾਨੀ ਦੀ ਸੋਭਾ ਤਾਂ ਪੁੱਤ ਜੰਮਣ ਨਾਲ਼ ਈ ਹੁੰਦੀ ਐ..।"

ਕਿੱਡਾ ਵੱਡਾ ਲੈਕਚਰ ਦੇਣਾ ਪੈਣਾ ਸੀ ਮੰਮੀ ਨੂੰ। ਮੈਂ ਕਾਲਜ ਪੜ੍ਹਦਿਆਂ ਇੱਕ ਵਾਰ ਭਾਸ਼ਣ ਪ੍ਰਤੀਯੋਗਤਾ ਵਿੱਚੋਂ ਫ਼ਸਟ ਆਈ ਸਾਂ। ਭਾਸ਼ਣ ਦਾ ਵਿਸ਼ਾ ਸੀ, ਨਾਰੀ : ਦਸ਼ਾ ਤੇ ਦਿਸ਼ਾ। ਐਸੇ-ਐਸੇ ਲਾੱਜਿਕ ਮਾਰੇ ਮੈਂ, ਬਾਕੀ ਪ੍ਰਤੀਯੋਗੀਆਂ ਦੀ ਤਾਂ ਜਾਨ ਈ ਸੁਕਾਤੀ ਸੀ। ਜੱਜਾਂ ਨੇ ਵੀ ਤਾੜੀਆਂ ਮਾਰੀਆਂ ਸੀ।

ਇੱਕ ਜੱਜ ਮੈਡਮ ਮੈਨੂੰ ਬਾਅਦ 'ਚ ਮਿਲ ਕੇ ਵੀ ਗਈ ਸੀ। ਕਹਿੰਦੀ, "ਤੂੰ ਬਹੁਤ

ਸੋਹਣਾ ਬੋਲੀ, ਭਾਸ਼ਣ ਕਮਾਲ ਦਾ ਲਿਖਿਐ... ਤੂੰ ਆਪ ਲਿਖਿਐ?"

"ਹਾਂ ਜੀ..।"

"ਵੈਰੀ ਗੁੱਡ... ਬੱਸ ਯਾਦ ਰੱਖੀਂ, ਕਹਿਣਾ ਸੌਖਾ ਹੁੰਦੈ ਤੇ ਪਹਿਰਾ ਦੇਣਾ ਬਹੁਤ ਔਖਾ।"

"ਮੈਂ ਕਹੇ 'ਤੇ ਪਹਿਰਾ ਵੀ ਦੇਊਂ ਮੈਡਮ।"

ਜੱਜ ਮੈਡਮ ਕੁਝ ਨਾ ਬੋਲੇ, ਬੱਸ ਫਿੱਕਾ ਜਿਹਾ ਮੁਸਕਰਾ ਪਏ।

"ਮੰਮੀ ਤੁਹਾਡੀ ਗੱਲ ਵੱਡੀ, ਪਰ ਫ਼ਿਫ਼ਟੀ-ਫ਼ਿਫ਼ਟੀ ਚਾਂਸ ਤਾਂ ਹੁੰਦੈ ਈ ਐ... ਮੁੰਡਾ ਵੀ ਹੋ ਸਕਦੈ ਤੇ ਕੁੜੀ ਵੀ.... ਤੁਸੀਂ ਕੁੜੀ ਵਾਲ਼ਾ ਫ਼ਿਫ਼ਟੀ ਕਿਉਂ ਵਿਸਾਰ ਦਿੰਨੇ ਓਂ..।"

"ਚੰਗਾ-ਚੰਗਾ ਈ ਸੋਚੀਦਾ ਹੁੰਦੈ ਗੁੱਡੂ...।"

"ਮਤਲਬ ਕੁੜੀ ਦਾ ਜੰਮਣਾ ਬੁਰਾ ਐ...!!" ਮੈਂ ਤਮਕ ਪਈ।

"ਮੇਰੇ ਤੋਂ ਨਹੀਂ ਤੇਰੇ ਨਾਲ਼ ਬਹਿਸੀਦਾ। ਨਾ ਤੇਰੇ ਵਰਗੀਆਂ ਬੇ-ਸਿਰੀਆਂ ਗੱਲਾਂ ਆਉਂਦੀਆਂ ਨੇ।"

"ਕੌਣ..! ਮੈਂ ਕਰ ਰਹੀਂ ਆਂ ਬੇਸਿਰੀਆਂ ਗੱਲਾਂ? ਮੈਂ ਤਾਂ ਤੁਹਾਨੂੰ ਸ਼ੀਸ਼ਾ ਦਿਖਾਉਣ ਦੀ ਕੋਸ਼ਿਸ਼ ਕਰ ਰਹੀ ਆਂ, ਜਿਹਦੇ ਮੂਹਰੇ ਤੁਸੀਂ ਸਾਰੇ ਅੱਖਾਂ ਮੀਚ ਕੇ ਖੜ੍ਹ ਜਾਨੇ ਓਂ..।" ਮੇਰਾ ਸਾਹ ਤੇਜ਼-ਤੇਜ਼ ਚੱਲਣ ਲੱਗ ਪਿਆ ਸੀ।

"ਮੈਂ ਬਥੇਰੇ ਸ਼ੀਸ਼ੇ ਦੇਖੇ ਨੇ.... ਰੱਬ ਕਰਕੇ ਤੈਨੂੰ ਨਾ ਦੇਖਣਾ ਪਵੇ..!!"

-----

ਅਖ਼ੀਰ ਸੁਲੱਖਣੀ ਘੜੀ ਆ ਗਈ। ਸਾਸੂ ਮਾਂ ਫੁੱਲੀ ਨਹੀਂ ਸੀ ਸਮਾ ਰਹੀ। ਵਾਰ-ਵਾਰ ਮੇਰਾ ਮੂੰਹ ਚੁੰਮ ਰਹੀ ਸੀ। ਸਾਰੇ ਹੀ ਉੱਚੀ-ਉੱਚੀ ਹੱਸ ਰਹੇ, ਮੰਮੀ ਅੱਖਾਂ ਭਰੀਂ ਹੱਸ ਰਹੀ ਸੀ। ਮੇਰਾ ਬੇਟਾ ਸਾਸੂ ਮਾਂ ਨੇ ਗੋਦੀਂ ਚੁੱਕਿਆ ਹੋਇਆ ਸੀ ਤੇ ਉਹਦੇ ਸਿਰ ਤੋਂ ਪੈਸੇ ਵਾਰ-ਵਾਰ ਹਸਪਤਾਲ ਦੀਆਂ ਨਰਸਾਂ ਤੇ ਜਮਾਂਦਾਰਨੀਆਂ ਨੂੰ ਦੇ ਰਹੇ ਸੀ। ਰਾਹੁਲ ਮੇਰਾ ਹੱਥ ਘੁੱਟੀਂ ਬੈਠਾ, ਮੇਰੇ ਵਾਲ਼ਾਂ ਵਿੱਚ ਹੱਥ ਫੇਰ ਰਿਹਾ ਸੀ। ਕੋਮਲ ਕਿਤੇ ਦਿਖਾਈ ਨਹੀਂ ਸੀ ਦੇ ਰਹੀ। ਮੈਂ ਬੈੱਡ ਤੋਂ ਉੱਠ ਕੇ ਉਸ ਨੂੰ ਭਾਲ਼ਣ ਤੁਰ ਪਈ। ਉਹ ਬਾਹਰ ਬੈਠੀ ਹਟਕੋਰੇ ਭਰ ਰਹੀ ਸੀ। ਮੇਰਾ ਮਨ ਦਹਿਲ ਗਿਆ। ਮੈਂ ਪੋਲੇ-ਕਦਮੀਂ ਉਸ ਵੱਲ ਵਧੀ। ਮੇਰਾ ਬੇਟਾ ਉਸ ਦੀ ਗੋਦ ਵਿੱਚ ਸੀ ਪਰ ਇਹ ਤਾਂ ਅੰਦਰ ਸਾਸੂ ਮਾਂ ਕੋਲ਼ ਸੀ... ਫੇਰ? ਮੈਂ ਕੋਮਲ ਕੋਲ਼ ਜਾ ਪਹੁੰਚੀ ਤੇ ਵੇਖਿਆ ਉਸ ਦੀ ਗੋਦ ਵਿੱਚ ਤਾਂ ਇੱਕ ਗੁੜੀਆ ਸੀ, ਉਹ ਉਸ ਨੂੰ ਥਾਪੜ ਰਹੀ ਸੀ। ਮੇਰਾ ਬੇਟਾ ਕਿੱਥੇ ਐ? ਸਾਸੂ ਮਾਂ ਪਿਛਲੇ ਦਰਵਾਜ਼ਿਓਂ ਓਹਲੇ ਨਾਲ਼ ਮੇਰੇ ਬੇਟੇ ਨੂੰ ਲੈ ਕੇ ਬਾਹਰਲੇ ਗੇਟ ਵੱਲ ਭੱਜੇ। ਗੇਟ ਕੋਲ਼ ਖੜ ਕੇ ਉਨ ਾਂ ਗੁੱਝੇ ਜਿਹੇ ਇਸ਼ਾਰੇ ਨਾਲ਼ ਰਾਹੁਲ ਨੂੰ ਆਵਾਜ਼ ਮਾਰੀ। ਰਾਹੁਲ ਬਾਹਰਲੇ ਗੇਟ ਵੱਲ ਭੱਜਿਆ। ਮੈਂ ਵੀ ਉਸ ਦੇ ਪਿੱਛੇ ਭੱਜਣ ਹੀ ਲੱਗੀ ਸੀ ਕਿ ਕੋਮਲ ਦੀ ਗੁੜੀਆ ਨੇ ਆ ਕੇ ਮੇਰੇ ਪੈਰਾਂ ਨੂੰ ਜੱਫਾ ਮਾਰ ਲਿਆ। ਮੈਂ ਬਥੇਰਾ ਛਡਾਉਣ ਦੀ ਕੋਸ਼ਿਸ਼ ਕੀਤੀ। ਕੋਮਲ ਅਜੇ ਵੀ ਹਟਕੋਰੇ ਭਰ ਰਹੀ ਸੀ। ਮੈਂ ਸਾਹੋ-ਸਾਹੀ ਭੱਜਣ ਦੀ ਕੋਸ਼ਿਸ਼ ਕਰ ਰਹੀ ਸੀ। ਸਾਸੂ ਮਾਂ ਤੇ ਰਾਹੁਲ ਅੱਖੋਂ ਓਝਲ ਹੋ ਗਏ। ਮੈਂ ਗੁੜੀਆ ਨੂੰ ਚੁੱਕ ਕੇ ਵਗਾਹ ਮਾਰਨਾ ਚਾਹਿਆ। ਕੋਮਲ ਭੱਜ ਕੇ ਮੇਰੇ ਕੋਲ਼ ਆਈ, "ਆਪਣੀ ਧੀ ਨਾਲ਼ ਇੰਝ ਨਾ ਕਰ ਭਾਬੋ...!!"

"ਪਰ ਮੇਰਾ ਪੁੱਤ..!!"

"ਉਹ ਤਾਂ, ਉਹ ਲੈ ਗਏ.... ਕੋਈ ਨਾ, ਤੂੰ ਮੇਰੇ ਨਾਲ਼ ਆਜਾ, ਆ ਜਾ ਆਪਾਂ ਘਰ ਚੱਲੀਏ..!"

ਮੈਂ ਘਰ ਵੱਲ ਤੁਰੀ ਤਾਂ ਰਾਹ ਵਿੱਚ ਕੁੱਤਿਆਂ ਘੇਰਾ ਪਾ ਲਿਆ। ਇੱਲਾਂ ਇਕਦਮ ਥੱਲੇ ਆ ਗਈਆਂ। ਸਾਰੇ ਮੇਰੀ ਗੁੜੀਆ ਖੋਹਣ ਲੱਗੇ। ਮੈਂ ਘਬਰਾ ਕੇ ਚੀਕ ਮਾਰੀ। ਇੰਞ ਲੱਗਿਆ ਜਿਵੇਂ ਪਤਾਲਾਂ ਵਿੱਚ ਗੁੰਮ ਹੋ ਗਈ ਹੋਵਾਂ। ਚਹੁੰ ਪਾਸੇ ਹਨੇਰਾ ਹੀ ਹਨੇਰਾ।

-----

ਫੁੱਲ ਐਂਡ ਫ਼ਾਈਨਲ ਡੇਅ...

ਜਿਹਦਾ ਸਭ ਨੂੰ ਡਰ ਸੀ, ਜਿਹਦੇ ਬਾਰੇ ਕੋਈ ਸੋਚਣਾ ਨਹੀਂ ਸੀ ਚਾਹੁੰਦਾ। ਉਹੀ ਹੋਇਆ..।

ਮੈਂ ਮਾਂ ਬਣ ਗਈ ਸਾਂ, ਮੈਂ ਅਨੰਤ ਖ਼ੁਸ਼ ਸਾਂ ਪਰ ਹੋਰ ਕੋਈ ਵੀ ਨਹੀਂ ਸੀ।

ਨਾਰਮਲ ਡਲਿਵਰੀ ਹੋਈ ਸੀ, ਜੱਚਾ-ਬੱਚਾ ਦੋਵੇਂ ਤੰਦਰੁਸਤ।

ਮੇਰੀ ਮਾਂ ਤੋਂ ਸਿਵਾ ਕੋਈ ਮੈਨੂੰ ਮਿਲਣ ਲਈ ਰੂਮ ਅੰਦਰ ਨਹੀਂ ਸੀ ਆਇਆ।

ਸਵੇਰ ਤੋਂ ਸ਼ਾਮ ਹੋ ਗਈ। ਰਾਹੁਲ ਆਇਆ। ਮੈਂ ਉਹਦੇ ਚਿਹਰੇ ਨੂੰ ਪੜ੍ਹਨ ਦੀ ਕੋਸ਼ਿਸ਼ ਕੀਤੀ, ਪਰ ਕੀ ਪੜ੍ਹਦੀ, ਐਕਸਪ੍ਰੈਸ਼ਨ-ਲੈੱਸ ਚਿਹਰਾ। ਉਹ ਆ ਕੇ ਮੇਰੇ ਸਿਰਹਾਣੇ ਬਹਿ ਗਿਆ, ਮੈਨੂੰ ਲੱਗਿਆ ਸੀ ਉਹ ਮੈਨੂੰ ਕਲ਼ਾਵੇ ਵਿੱਚ ਲਵੇਗਾ ਪਰ ਨਹੀਂ.... ਉਹ ਸ਼ਾਇਦ ਅਜੇ ਸਦਮੇ 'ਚੋਂ ਬਾਹਰ ਨਹੀਂ ਸੀ ਆਇਆ। ਕੁਝ ਨਾ ਬੋਲਿਆ। ਕਮਰੇ ਦੀ ਚੁੱਪ ਮੈਨੂੰ ਵੱਢ-ਵੱਢ ਖਾਣ ਲੱਗੀ। ਮੈਂ ਚਾਹੁੰਦੀ ਸਾਂ ਬੋਲਣ ਵਾਲ਼ੀ ਪਹਿਲ ਰਾਹੁਲ ਕਰੇ...। ਕਾਫ਼ੀ ਸਮਾਂ ਬੈਠਣ ਤੋਂ ਬਾਅਦ ਉਹ ਉੱਠਿਆ, ਇੱਕ ਲੰਮਾ ਜਿਹਾ ਸਾਹ ਲਿਆ, ਹਉਕੇ ਵਰਗਾ। ਉਸ ਨੇ ਬੁੱਲ੍ਹਾਂ ਨੂੰ ਰਤਾ ਕੁ ਘੁੱਟਿਆ, ਜਦ ਕਿਸੇ ਗੱਲ ਨੂੰ ਕਹਿਣ ਦੀ ਦੋਚਿੱਤੀ ਜਿਹੀ ਹੋਵੇ, ਤਾਂ ਇੰਞ ਹੀ ਕਰਦਾ ਏ।

"ਆਪਣੀ ਬੇਟੀ ਦਾ ਚਿਹਰਾ ਨ ੀਂ ਵੇਖੋਗੇ..!!" ਮੈਂ ਇਕਦਮ ਬੋਲ ਪਈ। ਮੈਂ ਉਹਦੇ ਮੂੰਹੋਂ ਉਹ ਨਹੀਂ ਸਾਂ ਸੁਣਨਾ ਚਾਹੁੰਦੀ, ਜਿਹੜਾ ਦੱਬੇ-ਮੀਟੇ ਬੁੱਲ ਾਂ ਪਿੱਛੇ ਦੋਚਿੱਤੀ ਨੇ ਮਧੋਲ਼ਿਆ ਪਿਐ। ਮੈਂ ਅੱਜ ਮਾਂ ਬਣੀ ਆਂ, ਕਾਦਰ ਦੇ ਬਰਾਬਰ ਜਾ ਖਲੋਤੀ ਆਂ, ਕੁਦਰਤ ਸਿਰਜਣਾ ਦੀ ਪੀੜ ਦੋ ਕੁ ਦਿਲਾਸੇ ਭਰੇ ਬੋਲਾਂ ਨੂੰ ਉਡੀਕ ਰਹੀ ਸੀ ਪਰ ਉਹ ਸੁਲੱਖਣੇ ਬੋਲ ਨਸੀਬ ਨਾ ਹੋਏ।

ਰਾਹੁਲ ਮੇਰੇ ਕੋਲ਼ ਪਰਤ ਆਇਆ, ਮੈਂ ਬੇਟੀ ਦੇ ਚਿਹਰੇ ਤੋਂ ਕੱਪੜਾ ਹਟਾਇਆ, "ਦੇਖ ਗਲੋਰੀ, ਪਾਪਾ ਮਿਲਣ ਆਏ ਨੇ... ਮੈਂ ਇਹਦਾ ਨਾਂ ਗਲੋਰੀ ਰੱਖਿਆ ਏ ਫ਼ਿਲਹਾਲ.... ਬਾਅਦ 'ਚ ਜੋ ਤੁਸੀਂ ਕਹੋਂ..।"

ਰਾਹੁਲ ਗਲੋਰੀ ਨੂੰ ਦੇਖ ਕੇ ਪਿਘਲ ਜਿਹਾ ਗਿਆ। ਹਲਕਾ ਜਿਹਾ ਮੁਸਕਰਾਇਆ। ਉਹਦੇ ਹੱਥ ਦੋ-ਤਿੰਨ ਵਾਰ ਅੱਗੇ ਵਧੇ, ਗਲੋਰੀ ਨੂੰ ਛੂਹਣ ਲਈ, "ਇਨਫੈਕਸ਼ਨ ਤਾਂ ਨਹੀਂ ਹੁੰਦੀ... ਮੇਰੇ ਛੂਹਣ ਨਾਲ਼ ਇਹਨੂੰ..!!"

ਮੇਰੀਆਂ ਅੱਖਾਂ 'ਚੋਂ ਪਾਣੀ ਦੀ ਗਰਮ ਜਿਹੀ ਧਾਰ ਵਗੀ ਤੇ ਕੰਨ ਕੋਲ਼ ਆ ਕੇ ਠੰਢੀ ਜਿਹੀ ਲੱਗੀ।

-----

ਗਲੋਰੀ ਨੂੰ ਗੁੜ੍ਹਤੀ ਮੇਰੇ ਭਰਾ ਨੇ ਦਿੱਤੀ। ਸਾਰੇ ਕਹਿੰਦੇ 'ਉਹ ਬਹੁਤ ਜ਼ਹੀਨ ਐ..।' ਕਹਿੰਦੇ, 'ਕੁੜੀ ਮਾਮੇ ਵਰਗੀ ਬਣੂ।'

ਸਾਸੂ ਮਾਂ, ਕੋਮਲ ਮਿਲਣ ਲਈ ਆਏ, ਤਾਂ ਬਹੁਤ ਉਦਾਸ ਜਿਹੇ। ਉਂਝ ਹੱਸ-ਹੱਸ ਕੇ ਗੱਲਾਂ ਕਰਨ ਦੀ ਕੋਸ਼ਿਸ਼ ਕਰਨ ਪਰ ਉਹ ਕਿਹੜਾ ਰੋਜ਼ ਚੋਰੀਆਂ ਕਰਦੇ ਨੇ !! ਯੁਵਰਾਜ, ਗਲੋਰੀ ਬਣ ਗਿਆ ਸੀ।

ਕੋਮਲ ਨੇ ਗਲੋਰੀ ਨੂੰ ਗੋਦ 'ਚ ਬਿਠਾ ਲਿਆ, "ਹੈਲੋ, ਪੁੱਤਰੂ, ਮੈਂ ਤੇਰੀ ਭੂਈ... ਬੋਲ ਭੂਈ..।"

'ਇੰਨੀ ਛੋਟੀ ਜਿਹੀ ਬੱਚੀ ਭਲਾਂ ਕਿਵੇਂ ਬੋਲੂ..?!' ਇਸੇ ਕਰਕੇ ਸਭ ਹੱਸੇ ਸਨ। ਜਾਣਬੁੱਝ ਕੇ, ਬੱਸ ਉਈਂ ਮਾਹੌਲ ਨੂੰ ਸਾਜ਼ਗਾਰ ਜਿਹਾ ਬਣਾਉਣ ਲਈ। ਮੈਂ ਵੀ ਹੱਸਣ ਦੀ ਕੋਸ਼ਿਸ਼ ਕੀਤੀ। ਫੇਰ ਕੋਮਲ ਬਾਰੇ ਸੋਚਿਆ, ਇਹ ਤਾਂ ਬੀਬੀ ਕੁੜੀ ਐ, ਢੇਰ ਸਾਰਾ ਪਿਆਰ ਕਰਨ ਵਾਲ਼ੀ, ਢੇਰ ਸਾਰਾ ਪਿਆਰ ਲੈਣ ਵਾਲ਼ੀ। ਇਹਦੀ ਉਦਾਸੀ ਸਾਸੂ ਮਾਂ ਤੋਂ ਉਧਾਰੀ ਲਈ ਹੋਈ ਐ।

"ਦੇਖੀਂ ਕੋਮਲ, ਗਲੋਰੀ ਬਿਲਕੁਲ ਤੇਰੇ 'ਤੇ ਗਈ ਐ..।"

ਸਾਸੂ ਮਾਂ ਤਲਖ਼ੀ ਜਿਹੀ ਮਹਿਸੂਸ ਕਰ ਰਹੇ ਸਨ। ਕੁਝ ਕਹਿਣਾ ਚਾਹੁੰਦੇ ਸਨ ਪਰ ਕਹਿ ਨਹੀਂ ਸਨ ਰਹੇ। ਮੈਂ ਜਾਣਨਾ ਚਾਹੁੰਦੀ ਸੀ ਕੀ?

"ਕੋਮਲ, ਗਲੋਰੀ ਨੂੰ ਦਾਦੀ ਦੀ ਗੋਦੀ 'ਚ ਪਾ.... ਇਨ ਾਂ ਨੂੰ ਵੀ ਪਿਆਰ ਦੇ ਲੈਣ ਦੇ ਕਿ ਸਾਰਾ ਤੂੰ ਹੀ ਦੇਣੈ.. !"

ਹੁਣ ਗਲੋਰੀ ਦਾਦੀ ਦੀ ਗੋਦ ਵਿੱਚ ਸੀ। ਚਾਹੁੰਦਿਆਂ, ਨਾ-ਚਾਹੁੰਦਿਆਂ। ਸਾਸੂ ਮਾਂ ਉਹਨੂੰ 'ਓ-ਓ' ਕਰ ਕੇ ਹਸਾਉਣ ਲੱਗ ਪਏ। ਗੱਲ ਅਜੇ ਵੀ ਬਾਹਰ ਨਹੀਂ ਸੀ ਆਈ। ਅਖ਼ੀਰ ਫੁੱਟ ਹੀ ਪਏ, "ਲੈ ਪੁੱਤ, ਜਿਵੇਂ ਇਸ ਵਾਰੀ ਧੀ-ਧਿਆਣੀ ਪਾਈ ਹੈ ਮੇਰੀ ਝੋਲ਼ੀ ਵਿੱਚ, ਅਗਲੇ ਸਾਲ ਤੱਕ ਪੋਤਾ ਵੀ ਪਾ ਦੇਈਂ..।"

ਸਾਸੂ ਮਾਂ ਦੇ ਇਸ ਡਾਇਲਾਗ ਨਾਲ਼ ਲਗਭਗ ਸਾਰਿਆਂ ਨੇ ਸੌਖਾ ਜਿਹਾ ਸਾਹ ਲਿਆ। ਸਭ ਨੂੰ ਲੱਗਾ ਜਿਵੇਂ ਸਾਸੂ ਮਾਂ ਨੇ ਮੈਨੂੰ ਮੇਰੇ ਇਸ ਗੁਨਾਹ ਤੋਂ ਬਰੀ ਕਰ ਦਿੱਤਾ ਹੋਵੇ। ਗੁਨਾਹ?

ਪਰਸੋਂ ਦਾ ਕੋਈ ਨਹੀਂ ਸੀ ਬੋਲ ਰਿਹਾ। ਸਾਸੂ-ਮਾਂ ਸਣੇ ਸਾਰੇ ਡੁੰਨ-ਵੱਟੇ ਜੇ ਬਣੇ ਘੁੰਮ ਰਹੇ ਸਨ। ਜਿਵੇਂ ਕੋਈ ਬੁਰਾ ਵਰਤਾਰਾ ਵਾਪਰ ਗਿਆ ਹੋਵੇ। ਐਨੇ ਦੁਖੀ, ਜਿਵੇਂ ਮਰਗਤ 'ਤੇ ਆਏ ਹੋਣ। ਸਾਰੇ ਉੱਪਰੋਂ-ਉੱਪਰੋਂ ਖ਼ੁਸ਼ ਜਿਹਾ ਹੋਣ ਦੀ ਨਾਕਾਮ ਕੋਸ਼ਿਸ਼ ਕਰ ਰਹੇ ਸਨ ਪਰ ਇਹ ਕਿਹੜਾ ਡਰਾਮਿਆਂ 'ਚ ਐਕਟਿੰਗ ਕਰਦੇ ਰਹੇ ਨੇ !!

ਸਾਸੂ ਮਾਂ ਦੇ ਬੋਲਾਂ ਨੇ ਸਭ ਨੂੰ ਸੌਖਾ ਸਾਹ ਆਉਣ ਲਾ ਦਿੱਤਾ ਸੀ। ਹੁਣ ਸਾਰੇ ਹੀ, ਦਾਦੀ ਦੀ ਗੋਦ 'ਚ ਪਈ ਗਲੋਰੀ ਨੂੰ ਹਸਾਉਣ ਦੀ ਕੋਸ਼ਿਸ਼ ਕਰ ਰਹੇ ਸਨ ਪਰ ਮੇਰਾ ਸਾਹ ਘੁਟਦਾ ਜਾ ਰਿਹਾ ਸੀ।

-----

ਗਲੋਰੀ 6 ਮਹੀਨਿਆਂ ਦੀ ਹੋ ਗਈ। ਮੇਰੇ ਤੇ ਰਾਹੁਲ ਦੇ ਚਾਹੁੰਦਿਆਂ, ਨਾ-ਚਾਹੁੰਦਿਆਂ ਮੈਂ ਇੱਕ ਵਾਰ ਫੇਰ ਪ੍ਰੈਗਨੈਂਟ ਹੋ ਗਈ। ਮੈਂ ਰਾਹੁਲ ਨੂੰ ਕਿਹਾ ਸੀ 'ਗਲੋਰੀ ਨੂੰ 4 ਕੁ ਸਾਲ ਦੀ ਹੋ ਲੈਣ ਦਈਏ !' ਉਹ ਉੱਪਰਲੇ ਮਨੋਂ ਤਾਂ ਰਾਜ਼ੀ ਸੀ ਪਰ ਚਾਹੁੰਦਾ ਸੀ, ਮੈਂ ਛੇਤੀ ਹੀ ਮੁੰਡਾ ਜੰਮ ਕੇ ਅਗਲੇ-ਪਿਛਲੇ ਸਾਰੇ ਉਲ਼ਾਂਭੇ ਲਾਹ ਦੇਵਾਂ। ਸਾਸੂ ਮਾਂ ਨੂੰ ਪਤਾ ਲੱਗਾ ਤਾਂ ਅਗਲੇ ਦਿਨ ਹੀ ਪੰਡਤ ਕੋਲ਼ ਗੇੜਾ ਮਾਰ ਆਏ। ਲਿਆ ਕੇ ਖੰਮਣੀ ਫੇਰ ਮੇਰੇ ਗੁੱਟ 'ਤੇ ਸਜਾਤੀ।

'ਲੈ ਪੁੱਤ, ਇਸ ਵਾਰ ਸਾਰੇ ਬੰਧੇਜ ਚੰਗੀ ਤਰ ਾਂ ਪੂਰੇ ਕਰਨੇ ਆ..!"

"ਮਤਲਬ..!!"

"ਓ ਪਿਛਲੀ ਵਾਰੀ ਫੇਰ...! ਚੱਲ ਕੋਈ ਨਾ.... ਪੰਡਤ ਜੀ ਨੇ ਤਾਂ ਨਹੀਂ ਕਿਹਾ ਪਰ ਮੈਨੂੰ ਲਗਦੈ ਕੋਈ ਆਪਣੇ ਤੋਂ ਈ ਉਚ-ਨੀਚ ਰਹਿਗੀ ਹੋਣੀ ਐਂ... ਤਾਂ ਹੀ ਤਾਂ...!!"

"ਮੰਮੀ ਜੀ, ਜੋ ਕੁਛ ਪੰਡਤ ਨੇ ਕਿਹਾ ਸੀ, ਸਾਰੇ ਬੰਧੇਜ ਪੂਰੇ ਸੀ। ਕੋਈ ਕੱਚ ਨਹੀਂ ਸੀ ਛੱਡੀ।"

"ਓ ਹੋ, ਕਈ ਵਾਰ ਜਾਣੇ-ਅਣਜਾਣੇ ਵਿੱਚ ਰਹਿ ਜਾਂਦੀ ਐ ਉਚ-ਨੀਚ...!"

"ਨਹੀਂ ਰਹੀ !!" ਮੈਂ ਬਹੁਤ ਠੋਸ ਸ਼ਬਦਾਂ ਵਿੱਚ ਕਿਹਾ।

ਮੇਰੇ ਅਜਿਹੇ ਠੋਸ, ਸ਼ਬਦ ਪਹਿਲੀ ਵਾਰ ਸੁਣੇ ਸਨ ਸਾਸੂ ਮਾਂ ਨੇ। ਉਹ ਕਿੰਨੀ ਦੇਰ ਮੇਰੇ ਮੂੰਹ ਵੱਲ ਝਾਕਦੇ ਰਹੇ ਜਿਵੇਂ ਮੈਨੂੰ 'ਸਾੱਰੀ ਫ਼ੀਲ' ਕਰਨ ਲਈ ਕਹਿ ਰਹੇ ਹੋਣ। ਕੋਈ ਅਸਰ ਨਾ ਹੁੰਦਾ ਵੇਖ ਕੇ ਉਹ ਵੀ ਰਤਾ ਕਠੋਰ ਹੋ ਗਏ, "ਫੇਰ ਕੁੜੀ ਕਿਮੇਂ ਹੋ ਗਈ?"

"ਕਿਉਂਕਿ ਪੰਡਤ ਦਾ ਫਾਰਮੂਲਾ ਫੁੱਸ ਹੋ ਗਿਆ !!"

"ਪੰਡਤ ਜੀ ਨੂੰ ਅਵਾ-ਤਵਾ ਨਾ ਬੋਲ..!"

"ਚਲੋ, ਮੈਂ ਦਸਦੀ ਆਂ ਫੇਰ ਕੁੜੀ ਕਿਵੇਂ ਹੋਈ !"

ਮੇਰੀ ਸੱਸ ਮੇਰੇ ਮੂੰਹ ਵੱਲ ਇੰਝ ਝਾਕਣ ਲੱਗ ਪਈ ਜਿਵੇਂ ਕੋਈ ਭਗਤ ਚਮਤਕਾਰ ਦੀ ਆਸ ਵਿੱਚ ਬਾਬਾ ਜੀ ਵੱਲ ਝਾਕਦੈ ਹੁੰਦੈ...। ਉਨ ਾਂ ਨੂੰ ਲੱਗਿਆ ਬਈ ਮੈਂ ਕਿਸੇ ਜਾਦੂਗਰ ਵਾਂਗੂੰ ਖਾਲੀ ਟੋਪੀ 'ਚੋਂ ਖਰਗੋਸ਼ ਕੱਢ ਕੇ ਦਿਖਾਊਂ..!!

"ਮੰਮੀ ਜੀ ! ਇਹਦੇ ਪਿੱਛੇ ਵਿਗਿਆਨਕ ਥਿਊਰੀ ਕੰਮ ਕਰਦੀ ਐ..।"

'ਵਿਗਿਆਨ' ਦਾ ਨਾਂ ਸੁਣਦਿਆਂ ਈ ਸਾਸੂ ਮਾਂ 'ਤੇ ਪਿਆ ਤਲਿੱਸਮ ਇਕਦਮ ਟੁੱਟ ਗਿਆ। ਉਨ ਾਂ ਦੇ ਭਾਵ ਅਜਿਹੇ ਹੋ ਗਏ ਕਿ 'ਬੱਸ ਰਹਿਣ ਦੇ ਹੋਰ ਬੋਲਣ ਨੂੰ... ਮੈਨੂੰ ਪਤੈ ਸੈਂਸ ਦਾ..!

ਪਰ ਮੈਂ ਰੁਕੀ ਨਹੀਂ ਨਿਰੰਤਰ ਬੋਲਦੀ ਰਹੀ, "ਜੰਮਣ ਵਾਲ਼ਾ ਬੱਚਾ ਮੁੰਡਾ ਹੋਊ ਕਿ ਕੁੜੀ ! ਇਹ ਬਹੁਤ ਪਹਿਲਾਂ ਈ ਨਿਰਧਾਰਤ ਹੋ ਜਾਂਦਾ ਤੇ ਇਹ ਨਿਰਧਾਰਤ ਕਰਨ ਦੀ ਸ਼ਕਤੀ ਕੇਵਲ ਤੇ ਕੇਵਲ ਮਰਦ ਕੋਲ਼ ਹੁੰਦੀ ਐ। ਉਹ ਕਿਵੇਂ ! ਮੈਂ ਤੁਹਾਨੂੰ ਦਸਦੀ ਆਂ...। ਵਿਗਿਆਨੀ ਦਸਦੇ ਨੇ ਬਈ ਔਰਤ ਕੋਲ਼ ਕੇਵਲ ਐਕਸ ਗੁਣਸੂਤਰ ਹੁੰਦਾ ਏ ਤੇ ਮਰਦ ਕੋਲ਼ ਐਕਸ ਤੇ ਵਾਈ ਦੋਵੇਂ। ਹੁਣ ਔਰਤ ਦੇ ਐਕਸ ਗੁਣਸੂਤਰ ਨਾਲ਼, ਜੇ ਮਰਦ ਦਾ ਵੀ ਐਕਸ ਗੁਣਸੂਤਰ ਰਲ਼ ਜਾਵੇ ਤਾਂ ਕੁੜੀ ਪੈਦਾ ਹੋਊ ਤੇ ਜੇ ਮਰਦ ਦਾ ਵਾਈ ਰਲ਼ੇ ਤਾਂ ਮੁੰਡਾ ਪੈਦਾ ਹੋਊ। ਔਰਤ ਕੋਲ਼ ਕੱਲਾ ਇੱਕੋ ਐਕਸ ਗੁਣਸੂਤਰ ਹੁੰਦਾ ਏ, ਉਹ ਚਾਹ ਕੇ ਵੀ ਮੁੰਡਾ ਜਾਂ ਕੁੜੀ ਦਾ ਲਿੰਗ ਨਿਰਧਾਰਨ ਕਰਨ ਵਿੱਚ ਯੋਗਦਾਨ ਨਹੀਂ ਪਾ ਸਕਦੀ।"

ਸਾਸੂ ਮਾਂ ਨੇ ਬੇ-ਮਨੇ ਜਿਹੇ ਮੇਰੀ 'ਮੁੰਡਾ ਤੇ ਕੁੜੀ ਜੰਮਣ ਵਾਲ਼ੀ ਥਿਊਰੀ' ਸੁਣੀ। ਉਨ ਾਂ ਦੇ ਮੱਥੇ ਦੀ ਹਲਕੀ ਜਿਹੀ ਤਿਊੜੀ ਦੱਸ ਰਹੀ ਸੀ ਕਿ ਉਨ ਾਂ ਦਾ ਧਿਆਨ ਮੇਰੀ ਗੱਲ ਸੁਣਨ ਵਿੱਚ ਘੱਟ ਸੀ ਤੇ ਮੇਰੀ ਗੱਲ ਨੂੰ ਕੱਟਣ ਲਈ ਦਲੀਲ ਲੱਭਣ ਵੱਲ ਜ਼ਿਆਦਾ ਸੀ।

ਉਨ ਾਂ ਬਹੁਤ ਠਰੰ ਮੇ ਨਾਲ਼ ਲਾੱਜਿਕ ਵਰਗਾ ਕੁਝ ਦੇਣ ਦੀ ਕੋਸ਼ਿਸ਼ ਕਰਦਿਆਂ ਕਿਹਾ,

"ਜਮੀਨ ਤਕੜੀ ਹੋਵੇ ਤਾਂ ਛੋਲੇ ਵੀ ਬੀਜਦੋ, ਬਦਾਮ ਬਣ ਜਾਂਦੇ ਨੇ...।"

"ਵਟ ਏ ਫੁੱਦੂ ਲਾੱਜਿਕ...!!"

ਓ ਮਾਈ ਗਾੱਡ, ਇਹ ਮੈਂ ਕੀ ਕਹਿ ਦਿੱਤਾ। ਮੈਂ ਸੱਚੀਂ ਇਹ 'ਫੁੱ...' ਸ਼ਬਦ ਨਹੀਂ ਸੀ ਉਚਾਰਨਾ ਚਾਹੁੰਦੀ। ਕਾਲਜ ਪੜ੍ਹਦਿਆਂ ਮੇਰੀਆਂ ਸਹੇਲੀਆਂ ਅਕਸਰ ਇਸ ਸ਼ਬਦ ਦੀ ਵਰਤੋਂ ਕਰਦੀਆਂ। ਬਹੁਤ ਰੇਅਰ ਮੈਂ ਇਹ ਸ਼ਬਦ ਵਰਤਦੀ, ਜਦੋਂ ਕਿਤੇ ਅੱਤ ਹੀ ਹੋ ਜਾਂਦੀ। ਇੱਕ ਵਾਰ ਮੈਂ ਇਹ ਸ਼ਬਦ ਬੋਲਿਆ ਤਾਂ ਸਾਡੀ ਇੱਕ ਸੀਨੀਅਰ ਦੀ ਨੇ ਮੈਨੂੰ ਕੱਲਿਆਂ ਇਸ ਸ਼ਬਦ ਬਾਰੇ ਦੱਸਿਆ ਕਿ ਇਹ ਸ਼ਬਦ ਅਸਲ ਵਿੱਚ ਬਣਿਆ ਕਿੱਥੋਂ ਹੈ! ਔਰਤ ਦੇ ਜਣਨ-ਅੰਗ ਦੇ ਨਾਮ ਤੋਂ ਬਣੇ ਇਸ ਗਾਲ੍ਹਨੁਮਾ ਸ਼ਬਦ ਦੀ ਵਿਆਖਿਆ ਸੁਣ ਕੇ ਮੈਂ ਪਾਣੀ-ਪਾਣੀ ਹੋ ਗਈ। ਦੀ.. ਨਾਲ਼ ਵਾਅਦਾ ਕੀਤਾ ਮੁੜ ਇਹ ਸ਼ਬਦ ਨਹੀਂ ਵਰਤਾਂਗੀ। ਅੱਜ ਪਤਾ ਨਹੀਂ ਕਿਉਂ ਤੇ ਕਿਵੇਂ ਇਹ ਸ਼ਬਦ ਮੇਰੀ ਜ਼ੁਬਾਨੋਂ ਨਿਕਲ਼ ਗਿਆ। ਸ਼ਾਇਦ ਮੇਰੀ ਸਾਸੂ ਮਾਂ ਨੇ ਗੱਲ ਹੀ ਅਜਿਹੀ ਕੀਤੀ ਸੀ। ਪਰ ਫੇਰ ਵੀ ਮੈਨੂੰ ਲੱਗਿਆ ਕਿ ਇੰਝ ਨਹੀਂ ਸੀ ਕਹਿਣਾ ਚਾਹੀਦਾ।

"ਸਾਰੀ ਮੰਮੀ ਜੀ, ਮੇਰੇ ਮੂੰਹੋਂ ਨਿਕਲ ਗਿਆ...।"

ਮੇਰੀ ਸਾਸੂ ਮਾਂ ਕਾਫ਼ੀ ਔਖੀ-ਭਾਰੀ ਤੇ ਖਿੱਝੀ ਜਿਹੀ ਜਾਪ ਰਹੀ ਸੀ ਪਰ ਤੀਰ ਤਾਂ ਕਮਾਨੋਂ ਨਿਕਲ਼ ਗਿਆ ਸੀ। ਮੈਂ ਮੁਆਫ਼ੀ ਹੀ ਮੰਗ ਸਕਦੀ ਸੀ ਉਹ ਮੈਂ ਮੰਗ ਲਈ ਸੀ।

"ਚੱਲ ਕੋਈ ਨਾ..!" ਇੰਨਾ ਆਖ ਕੇ ਸਾਸੂ ਮਾਂ ਰਸੋਈ ਵੱਲ ਚਲੇ ਗਏ ਪਰ ਮੈਨੂੰ ਪਤਾ ਲੱਗ ਗਿਆ ਕਿ ਗੜਬੜ ਤਾਂ ਹੋ ਗਈ ਏ। ਇਨ ਾਂ ਨੇ ਉੱਪਰੋਂ-ਉੱਪਰੋਂ ਤਾਂ 'ਚੱਲ ਕੋਈ ਨਾ' ਆਖ ਦਿੱਤਾ ਏ... ਪਰ ਰਾਹੁਲ ਆਵੇਗਾ, ਉਸਨੂੰ ਨੂੰ ਦੱਸਿਆ ਜਾਵੇਗਾ ਤੇ ਗੱਲ ਵਧੇਗੀ। ਮੈਂ ਸੋਚ ਰਹੀ ਸਾਂ ਕਿ ਹੁਣ ਇਸ ਨੂੰ ਕਿਵੇਂ ਹੈਂਡਲ ਕਰਾਂਗੀ!!

------

ਉਸ ਸ਼ਾਮ ਕੁਝ ਵੀ ਉਹੋ ਜਿਹਾ ਨਾ ਵਾਪਰਿਆ, ਜਿਸ ਬਾਰੇ ਮੈਂ ਢੇਰ ਅੰਦਾਜ਼ੇ ਲਾਏ ਸੀ। ਸਾਰਾ ਕੁਝ ਸ਼ਾਂਤ-ਸ਼ਾਂਤ ਰਿਹਾ। ਲਗਭਗ 3-4 ਦਿਨ ਇੰਝ ਹੀ ਬੀਤ ਗਏ। ਘਰ ਵਿਚਲਾ ਸ਼ਾਂਤ-ਸ਼ਾਂਤ ਮਾਹੌਲ ਮੈਨੂੰ ਤੰਗ ਕਰਨ ਲੱਗ ਪਿਆ। ਕੁਝ ਬੁਰਾ ਵਾਪਰਨ ਦੀ ਇੰਟਿਊਸ਼ਨ ਜਿਹੀ ਹੋ ਰਹੀ ਸੀ। ਕੀ ਬੁਰਾ ਵਾਪਰ ਸਕਦਾ ਏ? ਮੈਂ ਕਿੰਨਾ ਕੁਝ ਸੋਚ-ਸੋਚ ਕੇ ਢਾਹ ਰਹੀ ਸਾਂ। ਗਲੋਰੀ ਨੂੰ ਦੁੱਧ ਪਿਆਉਂਦਿਆਂ ਮੈਂ ਕਿੰਨੀ ਵਾਰ ਆਪਣੇ ਨਾਂਹ-ਪੱਖੀ ਖ਼ਿਆਲਾਂ ਨੂੰ ਛੰਡਣ ਦੀ ਕੋਸ਼ਿਸ਼ ਕੀਤੀ ਪਰ ਨਾਕਾਮ ਰਹੀ। ਮੈਂ ਕੋਮਲ ਤੋਂ ਕਣਸੋਅ ਜਿਹੀ ਲੈਣ ਦੀ ਵੀ ਕੋਸ਼ਿਸ਼ ਕੀਤੀ ਕਿ 'ਅੰਦਰਖ਼ਾਤੇ ਕੁਝ ਰਿੱਝ ਤਾਂ ਨਹੀਂ ਰਿਹਾ!' ਪਰ ਮੈਂ ਉਹਦੀ ਅਣਭੋਲ਼ਤਾ ਵਿੱਚੋਂ ਕੋਈ ਖੋਟ ਨਾ ਫੜ ਸਕੀ। ਫੇਰ ਰਾਤੀਂ ਪੈਣ ਲੱਗਿਆਂ ਰਾਹੁਲ ਨੇ ਮੇਰੀ ਚਿਤਮਣੀ ਨੂੰ ਸੱਚਾ ਸਿੱਧ ਕਰ ਦਿੱਤਾ।

"ਕੱਲ ਆਪਾਂ ਡਾਕਟਰ ਪੱਬੀ ਕੋਲ਼ ਜਾ ਕੇ ਆਉਣੈ..!"

ਅਸੀਂ ਤਾਂ ਡਾਕਟਰ ਬੱਤਰਾ ਕੋਲ਼ ਜਾਨੇ ਆਂ। ਸਾਰੇ ਚੈਕਅੱਪ ਵਗੈਰਾ ਉਹੀ ਕਰਦੇ ਨੇ, ਡਾਕਟਰ ਵੀ ਠੀਕ ਨੇ... ਫੇਰ ਹੋਰ ਡਾਕਟਰ ਕੋਲ਼ ਜਾਣ ਦਾ ਲਾਜਿਕ?

"ਡਾਕਟਰ ਬੱਤਰਾ ਵੀ ਤਾਂ ਠੀਕ ਨੇ..।"

"ਮੈਂ ਕਦੋਂ ਕਿਹਾ ਬਈ ਡਾਕਟਰ ਬੱਤਰਾ ਮਾੜੀ ਏ..!"

"ਫੇਰ?"

"ਓ ਕੁਛ ਨ੍ਹੀਂ, ਮੰਮੀ ਜੀ ਕਹਿੰਦੇ ਸੀ ਇੱਕ ਵਾਰ ਚੈਕਅੱਪ ਜਾ ਕਰਾਲੋ, ਥੋੜ੍ਹਾ ਸਾਹ ਸੌਖਾ ਹੋਜੂ..!"

"ਮਤਲਬ...!! ਮੈਂ ਸਮਝ ੀ ਨਹੀਂ..!" ਇੱਕ ਅਜੀਬ ਜਿਹਾ ਧੁੜਕੂ ਲੱਗ ਗਿਆ ਸੀ ਚਿੱਤ ਨੂੰ। ਰਾਹੁਲ ਦੀਆਂ ਗੱਲਾਂ ਦੀ ਅਸਪੱਸ਼ਟਤਾ ਦਾ ਫੰਦਾ ਮੇਰੀ ਧੌਣ ਦੁਆਲ਼ੇ ਕਸਿਆ ਜਾ ਰਿਹਾ ਸੀ ਤੇ ਮੇਰਾ ਸਾਹ ਔਖਾ ਹੋਈ ਜਾ ਸੀ।

"ਓ ਹੋ, ਕੁਛ ਨ ੀਂ... ਤੂੰ ਤਾਂ ਛੋਟੀ ਜੀ ਗੱਲ 'ਤੇ ਈ ਘਬਰਾ ਜਾਨੀ ਏਂ। ਕੁਛ ਨ ੀਂ, ਰੁਟੀਨ ਚੈਕਅੱਪ ਐ...।"

"ਮਤਲਬ ਅਲਟਰਾ-ਸਾਊਂਡ ਕਰਵਾਉਣਾ ਏ, ਇਹ ਜਾਣਨ ਲਈ ਮੁੰਡਾ ਹੋਊ ਕਿ ਕੁੜੀ..!!" ਮੈਂ ਪਲ-ਛਿਣ ਵਿੱਚ ਹੀ ਸਭ ਕੁਝ ਬੁੱਝ ਲਿਆ ਸੀ ਜਿਹੜਾ ਕਿ ਅਜੇ ਹੋਰ ਕਈ ਅੜੌਣੀਆਂ ਜਿਹੀਆਂ ਪਾ ਕੇ ਰਾਹੁਲ ਨੇ ਕਹਿਣਾ ਸੀ।

"ਹਾਂ-ਹਾਂ..!" ਰਾਹੁਲ ਕਾਹਲ਼ੀ ਨਾਲ਼ ਬੋਲਿਆ ਸੀ।

"ਵਜ੍ਹਾ?" ਮੇਰਾ ਸੁਰ ਇੱਕੋ ਦਮ ਉੱਚਾ ਹੋ ਗਿਆ। ਮੈਨੂੰ ਜਦੋਂ ਡਰ ਲਗਦਾ, ਘਬਰਾਹਟ ਹੁੰਦੀ, ਗੁੱਸਾ ਆਉਂਦਾ, ਝੁੰਜਲਾਹਟ ਹੁੰਦੀ ਤਾਂ ਲਕੋਇਆਂ ਨਹੀਂ ਲੁਕਦੀ। ਮੇਰੀਆਂ ਗੱਲ ਾਂ ਤੇ ਕੰਨ ਲਾਲ ਹੋ ਜਾਂਦੇ ਨੇ ਤੇ ਉਨ ਾਂ ਵਿੱਚੋਂ ਸੇਕ ਜਿਹਾ ਨਿਕਲਣ ਲੱਗ ਪੈਂਦਾ। ਹੁਣ ਵੀ ਮੇਰਾ ਇਹੋ ਹਾਲ ਸੀ, ਵਜ੍ਹਾ ਕੀ ਸੀ ਡਰ ਜਾਂ ਗੁੱਸਾ? ਪਤਾ ਨਹੀਂ।

"ਓ ਯਰ ਕੁਛ ਨੀਂ.... ਊਈਂ ਬੱਸ.... ਮੰਮੀ ਜੀ ਦੇ ਦਿਲ ਨੂੰ ਤਸੱਲੀ ਜੀ ਹੋਜੂ.... ਤੂੰ ਤਾਂ ਊਈਂ ਘਬਰਾ ਗਈ!" ਘਬਰਾ ਤਾਂ ਅਸਲ ਵਿੱਚ ਰਾਹੁਲ ਰਿਹਾ ਸੀ। ਆਹ ਗੱਲ ਰਾਹੁਲ ਨੇ ਬਹੁਤ ਸਹਿਜਤਾ ਦਾ ਦਿਖਾਵਾ ਕਰਦਿਆਂ ਕਹੀ।

ਕਿੰਨੇ ਹੀ ਸਵਾਲ ਮੇਰੇ ਦਿਮਾਗ਼ ਵਿੱਚ ਕਤਾਰ ਬਣਾ ਕੇ ਖੜ ਗਏ। ਕੀ ਕਹਾਂ? ਕਿਹੜੀ ਗੱਲ ਪਹਿਲੋਂ ਕਹਾਂ? ਕਿਹੋ ਜਿਹਾ ਰਿਐਕਸ਼ਨ ਦੇਵਾਂ? ਸਭ ਕੁਝ ਰਲ਼ਗੱਡ ਜਿਹਾ ਹੋ ਗਿਆ ਸੀ। ਮੇਰਾ ਗਲ਼ਾ ਖ਼ੁਸ਼ਕ ਜਿਹਾ ਹੋ ਗਿਆ। ਅੱਖਾਂ ਵਿੱਚ ਨਮੀ ਜਿਹੀ ਤੈਰਨ ਲੱਗ ਪਈ।

"ਪਾਣੀ...।" ਰਾਹੁਲ ਨੇ ਝੱਟ ਪਾਣੀ ਪਿਆ ਦਿੱਤਾ। ਮੈਂ ਇੱਕ ਵਾਰ ਹੋਰ ਪਾਣੀ ਮੰਗਿਆ।

"ਰਤਾ ਅਟਕ ਕੇ ਪੀ ਲਵੀਂ।"

"ਨਹੀਂ ਹੁਣੇ..!!" ਮੇਰਾ ਸੁਰ ਪਹਿਲਾਂ ਨਾਲ਼ੋਂ ਵੀ ਚੜ੍ਹ ਗਿਆ। ਮੈਂ ਦੂਜਾ ਗਿਲਾਸ ਪਾਣੀ ਦਾ ਪੀ ਕੇ ਆਪਣੇ ਆਪ ਨੂੰ ਥਾਂ-ਸਿਰ ਕਰਨ ਦੀ ਕੋਸ਼ਿਸ਼ ਕੀਤੀ।

ਰਤਾ ਕੁ ਰਾਹਤ ਹੋਈ ਤਾਂ, "ਜੇ ਕੁੜੀ ਹੋਈ..?" ਮੈਂ ਪਹਿਲੋਂ ਹੋਰ ਬਹੁਤ ਕੁਝ ਕਹਿਣਾ ਸੀ ਪਰ ਮੈਨੂੰ ਪਤਾ ਸੀ ਕਿ ਆਖ਼ਰੀ ਸਵਾਲ ਇਹੋ ਹੋਵੇਗਾ, ਇਸ ਲਈ ਮੈਂ ਇਹੋ ਸਭ ਤੋਂ ਪਹਿਲੋਂ ਕਰ ਦਿੱਤਾ।

"ਮੁੰਡਾ ਵੀ ਤਾਂ ਹੋ ਸਕਦੈ..!" ਰਾਹੁਲ ਨੇ ਕਾਹਲ਼ੀ ਨਾਲ਼ ਜਵਾਬ ਦਿੱਤਾ ਸੀ।

"ਫ਼ਿਫ਼ਟੀ-ਫ਼ਿਫ਼ਟੀ, ਪਿਛਲੀ ਵਾਰ ਵਾਂਗ ਹੀ..! ਮੈਂ ਬੱਸ ਇਹ ਜਾਣਨਾ ਹੈ ਕਿ ਜੇ ਫੇਰ ਕੁੜੀ ਹੋਈ ਤਾਂ..!!" ਮੈਂ ਬਹੁਤ ਠੋਸ ਸ਼ਬਦਾਂ ਵਿੱਚ ਆਪਣੀ ਗੱਲ ਕਹੀ। ਮੈਨੂੰ ਪਤਾ ਸੀ ਹੁਣ ਰਾਹੁਲ ਦਾ ਪਾਰਾ ਨਾਰਮਲ ਨਹੀਂ ਰਹਿਣਾ, ਸੋ ਮੈਂ ਹੌਲ਼ੀ-ਹੌਲ਼ੀ ਆਪਣੇ ਆਪ ਨੂੰ ਤਿਆਰ ਕਰ ਰਹੀ ਸਾਂ।

"ਤੂੰ ਤਾਂ ਯਰ ਹਰ ਵਾਰ ਪੁੱਠਾ ਈ ਸੋਚਿਆ ਕਰ... ਤੂੰ ਪਾਜ਼ਿਟਿਵ ਕਿਉਂ ਨਹੀਂ ਸੋਚਦੀ!!"

...ਪਾਜ਼ਿਟਿਵ ਮਤਲਬ ਮੁੰਡਾ, ਨੈਗੇਟਿਵ ਮਤਲਬ ਕੁੜੀ। ਇਹ ਕਿਹੋ ਜਿਹਾ ਪੈਰਾਮੀਟਰ ਹੈ? ਪਰ ਮੈਂ ਵਿਸ਼ੇ 'ਤੇ ਬਹਿਸ ਨਹੀਂ ਕਰਨੀ। ਗੱਲ ਕੁਛ ਹੋਰ ਦੀ ਕੁਛ ਹੋਰ ਬਣ ਜਾਣੀ ਐ।

"ਮੈਨੂੰ ਨਹੀਂ ਪਤਾ ਪਾਜ਼ਿਟੀਵਿਟੀ ਜਾਂ ਨੈਗੇਟੀਵਿਟੀ ਦਾ... ਮੈਂ ਹਵਾ 'ਚੋਂ ਅੱਖਰ ਨਹੀਂ ਫੜ ਸਕਦੀ!"

"ਮੰਮੀ ਜੀ ਕਹਿੰਦੇ ਇਸ ਵਾਰ ਤਾਂ ਪੱਕਾ ਮੁੰਡਾ ਹੋਊ... ਪੰਡਤ ਜੀ ਨੇ ਇਸ ਵਾਰ..!"

"ਫੇਰ ਪੰਡਤ...! ਚਲੋ ਸਾਰੀਆਂ ਗੱਲਾਂ ਛੱਡੋ... ਮੈਨੂੰ ਤੁਸੀਂ ਬੱਸ ਇਹ ਦੱਸੋ ਕਿ ਜੇ ਇਸ ਵਾਰ ਵੀ ਕੁੜੀ ਹੋ ਗਈ ਫੇਰ..?"

"ਫੇਰ ਕੀ? ਫੇਰ ਕੁਝ ਵੀ ਨਹੀਂ।" ਰਾਹੁਲ ਦੇ ਉਡੇ ਰੰਗ ਦਾ ਇੱਕ ਅਸਧਾਰਨ ਜਿਹਾ ਡਾਇਲਾੱਗ।

"ਫੇਰ ਚੈਕਅੱਪ ਕਿਉਂ ਕਰਵਾਉਣੈ? ਜੇ ਇਸ ਗੱਲ ਨਾਲ਼ ਕੋਈ ਫ਼ਰਕ ਨਹੀਂ ਪੈਂਦਾ ਕਿ ਮੁੰਡਾ ਹੋਣਾ ਏ ਕਿ ਕੁੜੀ!!"

" .....!!......"

ਜਦੋਂ ਤੁਸੀਂ ਓਹਲਾ ਰੱਖ ਰਹੇ ਹੋਵੋਂ ਤਾਂ ਗੱਲ ਬਹੁਤ ਔਖੀ ਔੜਦੀ ਏ। ਲੱਭ-ਲੱਭ ਕੇ ਸ਼ਬਦ ਲਿਆਉਣੇ ਪੈਂਦੇ ਨੇ, ਫੇਰ ਵੀ ਘੱਟ ਪੈਂਦੇ ਨੇ। ਰਾਹੁਲ ਚੁੱਪ ਸੀ, ਸ਼ਾਇਦ ਅਜਿਹੇ ਸ਼ਬਦ ਲੱਭ ਰਿਹਾ ਸੀ ਜਿਸ ਨਾਲ਼ ਮੈਨੂੰ ਗੂੰਗੀ ਕਰ ਸਕੇ। ਮੈਂ ਉਨ ਾਂ ਦੀ ਗੁੰਝ ਲ ਸੁਲਝਾਉਣ ਦੀ ਕੋਸ਼ਿਸ਼ ਕੀਤੀ, "ਚਲੋ ਠੀਕ ਐ, ਕੱਲ ਚਲਦੇ ਆਂ ਪੱਬੀ ਡਾਕਟਰ ਕੋਲ਼..।" ਰਾਹੁਲ ਦੇ ਚਿਹਰੇ 'ਤੇ ਹਲਕੀ ਜਿਹੀ ਹੈਰਾਨੀ ਵਾਲ਼ੀ ਮੁਸਕੁਰਾਹਟ ਫ਼ੈਲ ਗਈ।

"ਪਰ ਇੱਕ ਸ਼ਰਤ ਹੈ ਮੇਰੀ..! ਚੈਕਅੱਪ ਤੋਂ ਬਾਅਦ ਰਿਜ਼ਲਟ ਜੋ ਵੀ ਆਵੇ, ਆਪਾਂ ਅਬਾਰਸ਼ਨ ਨਹੀਂ ਕਰਵਾਉਣਾ..!!"

"ਲੈ-ਲੈ ਅਬਾਰਸ਼ਨ ਵਾਲ਼ੀ ਗੱਲ ਕਿੱਥੋਂ ਆਗੀ ਵਿੱਚ..!!" ਰਾਹੁਲ ਇੰਝ ਕਾਹਲ਼ੀ-ਕਾਹਲ਼ੀ ਬੋਲਿਆ ਜਿਵੇਂ ਉਹਦੀ ਕੋਈ ਚੋਰੀ ਫੜੀ ਗਈ ਹੋਵੇ।

-----

ਸਾਰਾ ਪਰਿਵਾਰ ਹੀ ਪੱਬੀ ਡਾਕਟਰ ਕੋਲ਼ ਪਹੁੰਚ ਚੁੱਕਿਆ ਸੀ। ਚੈਕਅੱਪ ਹੋਇਆ। ਸਭ ਦੇ ਚਿਹਰੇ ਉਤਰ ਗਏ, ਸਿਵਾਇ ਮੈਥੋਂ। ਮੈਨੂੰ ਪਤਾ ਸੀ ਜੰਗ ਦਾ ਆਗਾਜ਼ ਹੋ ਗਿਆ ਹੈ। ਸਾਸੂ ਮਾਂ ਤੇ ਰਾਹੁਲ ਅੰਦਰਖ਼ਾਤੇ ਜਿਹੇ ਪੱਬੀ ਡਾਕਟਰ ਨਾਲ਼ ਗੱਲਾਂ ਕਰ ਰਹੇ ਸਨ। ਗੁੱਝ ੀਆ, ਖ਼ਤਰਨਾਕ ਗੱਲਾਂ। ਮੈਨੂੰ ਇੰਟਿਊਸ਼ਨ ਹੋ ਗਈ ਸੀ ਕਿ ਹੁਣ ਕੀ ਵਾਪਰੇਗਾ! ਮੈਂ ਆਪਣੇ ਆਪ ਨੂੰ ਇਸ ਲਈ ਤਿਆਰ ਕਰ ਰਹੀ ਹਾਂ। ਆਪਣੇ ਇਰਾਦੇ ਨੂੰ ਮਜ਼ਬੂਤ ਕਰਨ ਲਈ ਮੈਂ ਕੋਮਲ ਦੀ ਗੋਦੀ ਵਿੱਚ ਖੇਡ ਰਹੀ ਗਲੋਰੀ ਦਾ ਹੱਥ ਫੜ ਲਿਆ। ਨਰਮ, ਕੂਲਾ ਜਿਹਾ ਹੱਥ... ਮੇਰੇ ਇਰਾਦਿਆਂ ਨੂੰ ਕਠੋਰਤਾ ਬਖ਼ਸ਼ ਰਿਹੈ। ਮੈਂ ਹੁਣ ਪੂਰੀ ਕਠੋਰ ਹੋ ਕੇ ਉਨ ਾਂ ਨਾਲ਼ ਟੱਕਰਨਾ ਸੀ। ਭਾਸ਼ਣ ਪ੍ਰਤੀਯੋਗਤਾ ਖ਼ਤਮ ਹੋ ਗਈ ਸੀ, ਫ਼ਸਟ ਇਨਾਮ ਵੀ ਜਿੱਤ ਲਿਆ ਸੀ, ਹੁਣ ਵੇਲ਼ਾ ਸੀ ਆਪਣੇ ਕਹੇ ਬੋਲਾਂ 'ਤੇ ਪਹਿਰਾ ਦੇਣ ਦਾ। ਮੈਂ ਗਲੋਰੀ ਦਾ ਹੱਥ ਹੋਰ ਘੁੱਟ ਕੇ ਫੜ ਲਿਆ ਤੇ ਜੰਗ ਦੇ ਬਿਗੁਲ, ਨਗਾਰੇ ਵੱਜਣ ਦੀ ਵੇਟ ਕਰਨ ਲੱਗ ਪਈ।

ਕਹਾਣੀ

# ਕਬੂਲ ਹੈ !

-ਜਸਪਾਲ ਕੌਰ

ਮਨ ਮੇਰੇ ਵਿੱਚ ਨਾਕਾਮੀਆਂ ਖਰੂਦ ਕਰਦੀਆਂ ਤੇ ਇਸ ਖਰੂਦ ਦੀ ਥਕਾਨ ਮੇਰੇ ਮੂੰਹ ਤੇ ਵੀ ਦਿਸਦੀ। ਨਾਕਾਮੀ ਇਕ ਹੋਵੇ ਤਾਂ ਦੱਸਾਂ ! ਸੁਭਾਅ ਦੀ ਆਪਹੁਦਰਾਸ਼ਾਹੀ, ਨਕਾਰੇਪਨ ਦੀ ਖਾਮੀ ਤੇ ਇਸੇ ਚੋਂ ਉਪਜੀਆਂ ਡਿਪਰੈਸ਼ਨ ਤੇ ਨਾਖੁਸ਼ੀ ਵਰਗੀਆਂ ਅਲਾਮਤਾਂ ।

ਇਹਨਾਂ ਸਭ ਦਾ ਜ਼ਿੰਮੇਵਾਰ ਮੈਂ ਆਪ ਹੀ

ਹਾਂ। ਹੰਡਰਡ ਪਰਸੈਂਟ ਆਪ।

ਨਵੇਂ ਸਿਰਿਓਂ ਕਮਾਈ ਕਰਨ ਲਈ ਕਦੇ ਕਿਸੇ ਕੰਮ ਬਾਰੇ ਸੋਚਦਾ, ਕਦੇ ਕਿਸੇ। ਜ਼ਮੀਨ ਤੋਂ ਆਉਂਦੇ ਠੇਕੇ ਨਾਲ ਗੁਜ਼ਾਰਾ ਚਲਦਾ। ਉਂਝ ਨਾਜ਼ਨਾ ਭਾਵੇਂ ਨੌਕਰੀ ਵੀ ਕਰਨ ਲੱਗ ਪਈ ।ਪਰ ਮੈਂ ਤਾਂ ਬੇਰੁਜ਼ਗਾਰ ਹੀ ਸਮਝਦਾ ਆਪਣੇ ਆਪ ਨੂੰ ਜ਼ਮੀਨ ਹੋਣ ਦੇ ਬਾਵਜੂਦ ਵੀ। ਭਾਵੇਂ ਘਰ ਬਾਰ ਵੱਲੋਂ ਤਾਂ ਕੋਈ ਤੰਗੀ ਨਹੀਂ ਸੀ। ਗੁਜ਼ਾਰੇ ਜੋਗੀ ਹਿੱਸੇ ਆਉਂਦੀ ਸੱਤ ਕਿੱਲੇ ਜ਼ਮੀਨ। ਸਗੋਂ ਪਿਓ ਤੇ ਮੇਰਾ ਚੌਦਾਂ ਕਿੱਲਿਆਂ ਦਾ ਮਾਲਕ ਸੀ ਤੇ ਦਾਦਾ ਮੁਰੱਬੇ ਦਾ।

ਮੁਰੱਬੇ ਜਾਣਾ ਰੋਟੀ ਲੈ ਕੇ, ਜਾ, ਮੁਰੱਬੇ ਫੇਰਾ ਮਾਰਿਆ, ਇਹ ਵਾਰਤਾ ਲਾਪ ਘਰ ਵਿੱਚ ਚਲਦਾ ਈ ਰਹਿੰਦਾ।

ਚੰਗੇ ਖਾਂਦੇ ਪੀਂਦੇ, ਪੜ੍ਹੇ ਲਿਖੇ ਤੇ ਵਧੀਆ ਰਹਿਣ ਸਹਿਣ ਦੇ ਸ਼ੌਕੀਨ ਜ਼ਿਮੀਂਦਾਰ ਸਾਂ।

ਮਮੀ ਡੈਡੀ ਨੇ ਪੜ੍ਹਨ ਤੇ ਪਾਲਣ ਪੋਸ਼ਣ ਵਿੱਚ ਕੋਈ ਕਮੀ ਨਹੀਂ ਰੱਖੀ ਸੀ। ਫੇਰ ਅੱਜ ਖਾਲੀ ਜੇਬ,ਖਾਲੀ ਮਨ ਤੇ ਅਧੂਰਾ ਅਧੂਰਾ ਕਿਉਂ ਸਭ? ਕਿਉਂਕਿ...

ਕਿਉਂਕਿ ਮੈਂ ਖਾਲੀ ਸੋਚ ਲੈ ਕੇ ਘਰੋਂ ਤੁਰਦਾ ਰਿਹਾ।

ਉਦੋਂ... ਜਦੋਂ ਮੈਂ ਫ਼ੈਸਲਾ ਕਰਨਾ ਸੀ ਆਪਣੇ ਕਾਰੋਬਾਰ ਦਾ। ਪਰੋਫੈਸ਼ਨਲ ਕੋਰਸ ਦੀ ਇਨਟਰਨ ਸ਼ਿਪ ਕਰਨ ਈ ਨਹੀਂ ਗਿਆ। ਕਰਨ ਕਿਵੇਂ ਜਾਂਦਾ, ਇਨਟਰਨ ਸ਼ਿਪ ਦੂਰ ਮਿਲੀ ਸੀ। ਤਾਂ ਕੀ ਸੀ !ਜੇ ਦੂਰ ਸੀ ਤਾਂ। ਪਰ ਦੂਰ ਦੀ ਸੋਚ ਨਹੀਂ ਸੀ ਨਾ।

ਜੇ ਦੂਰ ਦੀ ਸੋਚੀ ਹੁੰਦੀ ਤਾਂ ...ਇਹ ਅਮਰੂਦ ਦਾ ਬੂਟਾ ਅੱਜ ਭਰਵਾਂ ਫਲਦਾਰ ਰੁੱਖ ਹੁੰਦਾ। ਸੋਚਾਂ ਸੋਚਦੇ ਦਾ ਧਿਆਨ ਕੰਧ ਤੋਂ ਥੋੜ੍ਹਾ ਹਟਵਾਂ ਕਰਕੇ ਲੱਗੇ ਅਮਰੂਦ ਦੇ ਬੂਟੇ ਵੱਲ ਚਲਾ ਗਿਆ ਤੇ ਨਾਲ ਹੀ ਉਹਦੇ ਉੱਤੇ ਤੇ ਲਾਗੇ ਬੰਨੇ ਫੈਲੀ ਬੋਗਨਵਿਲੀਆ ਦੀ ਵੇਲ ਤੇ। ਮੈਨੂੰ ਚੇਤੇ ਆ ਜਦੋਂ ਬੂਟੇ ਵੇਚਣ ਆਏ ਭਾਈ ਤੋਂ ਮੈਂ ਵੇਲ ਖ਼ਰੀਦ ਕੇ ਲਾਈ ਸੀ। ਮਮੀ ਨੇ ਰੋਕਿਆ ਸੀ, "ਸਿਆਣੇ ਆਂਹਦੇ ਆ ਕੰਡੇਦਾਰ ਰੁੱਖ ਘਰ ਨਹੀਂ ਲਾਈਦਾ। ਜਾਹ ' ਵੇਲੀ ਵੱਲ ਬਾਹਰਲੇ ਪਾਸਿਓਂ ਚੜ੍ਹਾਦੇ ਬਹੁਤੀ ਚੰਗੀ ਲਗਦੀ ਤੇ।"

"ਨਹੀਂ, ਬੜੇ ਸੁਹਣੇ ਫੁੱਲ ਹੁੰਦੇ ਗੁਲਾਬੀ, ਸਦਾ ਖਿੜੀ ਰਹਿੰਦੀ। ਐਥੇ ਈ ਲਾਉਣੀ ਅੰਦਰਲੀ ਕੰਧ ਤੇ"। ਮੈਂ ਵੀ ਖੁਸ਼ੀ ਭਰੀ ਜ਼ਿਦ ਨਾਲ ਬੋਲਿਆ।

ਵੇਖਣ ਨੂੰ ਈ ਦੂਰੋਂ ਸੁਹਣੇ ਲਗਦੇ, ਨਾ ਇਨ੍ਹਾਂ 'ਚ ਰਤਾ ਬਾਸ਼ਨਾ ਹੁੰਦੀ। ਉੱਤੋਂ ਕੰਡੇ ਵੱਖ।

"ਅਮਰੂਦ ਤੋਂ ਹਟਵੀਂ ਰੱਖੀਂ, ਨਹੀਂ ਤੇ ਦੱਬ ਲਊ ਹੌਲ਼ੀ ਹੌਲ਼ੀ।"

ਮਾਂ ਦੇ ਕਹਿਣ ਤੇ ਥੋੜੀ ਜਿਹੀ ਹਟਵੀਂ ਕਰ ਲਈ। ਪਰ ਮਹੀਨਿਆਂ ਵਿੱਚ ਈ ਉਸਨੇ

ਅਮਰੂਦ ਨਾਲ ਕਰਿੰਗੜੀ ਪਾ ਲਈ।

ਮਮੀ ਉਸ ਵੇਲ ਨੂੰ ਪੁੱਟ ਦੇਣਾ ਚਾਹੁੰਦੀ ਸੀ। ਪਰ ਮੈਂ ਪੁੱਟਣ ਨਾ ਦਿੰਦਾ।

ਤੇ ਹੁਣ ਅਮਰੂਦ ਦਾ ਇਕ ਪਾਸਾ ਮਾਰਿਆ ਈ ਗਿਆ ਸੀ। ਕਮਜ਼ੋਰ, ਦੱਬਿਆ, ਕੋਈ ਕੋਈ ਪੱਥਰ ਵਰਗਾ ਨਿਕਾ ਜਿਹਾ ਸਖ਼ਤ ਫਲ। ਪਤਾ ਨਹੀਂ ਅਮਰੂਦ ਦੀ ਨਸਲ ਮਾੜੀ ਸੀ ਜਾਂ ਮਹੌਲ ਮਾੜਾ ਹੋ ਗਿਆ।

ਬੋਗਨਵਿਲੀਆ ਨੇ ਕਿੰਨੀ ਥਾਂ ਤੇ ਕਬਜ਼ਾ ਕਰ ਰੱਖਿਆ ਸੀ।

ਮੈਨੂੰ ਆਪਣਾ ਆਪ ਅਮਰੂਦ ਵਰਗਾ ਲੱਗਿਆ। ਜੇ ਦੂਰ ਦੀ ਸੋਚੀ ਹੁੰਦੀ ਤਾਂ...ਮੈਂ ਵੀ ਘੋੜੀ ਚੜ੍ਹਦਾ ਵਿਆਹ ਵੇਲੇ। ਮੇਰੀਆਂ ਵੀ ਘੋੜੀਆਂ ਗਾਈਆਂ ਜਾਂਦੀਆਂ। ਘੋੜੀਆਂ ਤੇ ਤਾਂ ਹੀ ਗਾਈਆਂ ਜਾਂਦੀਆਂ ਜੇ ਲਾਵਾਂ ਫੇਰੇ ਵਾਲਾ ਵਿਆਹ ਹੁੰਦਾ ਤਾਂ। ਮੇਰਾ ਤੇ ਨਿਕਾਹ ਹੋਇਆ। ਅੱਜ ਸੋਚ ਕੇ ਮੈਨੂੰ ਸ਼ਰਮ ਜਿਹੀ ਆਉਂਦੀ ਕਿ ਮੇਰਾ ਨਿਕਾਹ ਹੋਇਆ। ਓਦਣ ਖੌਰੇ ਮੈਨੂੰ ਕਬੂਲ ਹੈ, ਕਬੂਲ ਹੈ ਕਹਿੰਦਿਆਂ ਸੰਗ ਕਿਉਂ ਨਾ ਆਈ!

ਮਾਂ ਮੇਰੀ ਕਿੰਨੀ ਸੰਗਦਿਲ ਹੋ ਗਈ। ਸਭ ਤੋਂ ਵੱਧ ਖਰੂਦ ਈ ਇਸੇ ਗੱਲ ਦਾ ਮਨ 'ਚ। ਉਹਦੇ ਕਹੇ ਦੀ ਲਾਜ ਨਾ ਰੱਖੀ ਮੈਂ।

ਮਾਂ ਤੋਂ ਵੱਡੀ ਕਿਹੜੀ ਨੇਹਮਤ ਆ ਦੁਨੀਆ 'ਚ ਤੇ ਮੈਂ ਓਸੇ ਨੂੰ ਨਰਾਜ਼ ਕਰ ਲਿਆ। ਨਰਾਜ਼ ਨਹੀਂ ਨਜ਼ਰ ਅੰਦਾਜ਼ ਕਰ ਲਿਆ ਤੇ ਫੇਰ ਉਹ ਚੁੱਪ ਹੋ ਗਈ।

ਬੋਲਦੀ ਉਦੋਂ, ਜਦੋਂ ਹੌਲ ਉੱਠਦਾ, ਮਨ ਖੌਲ ਉੱਠਦਾ,"ਕਿੰਨੀ ਵਾਰ ਕਿਹਾ ਤੈਨੂੰ ਕਿ ਆਪਣਾ ਨਾਂ ਬਦਲ ਲਵੇ ਇਹ,ਖਾਨ ਹਟਾ ਦੇ ਨਾਂ ਨਾਲੋਂ।" ਮਾਂ ਡਾਹਢੀ ਔਖੀ ਸੀ ਉਹਦੇ ਨਾਂ ਨਾਲ ਖਾਨ ਲੱਗਾ ਹੋਣ ਕਰਕੇ।

"ਮਮੀ ਕਿੱਦਾਂ ਹਟ ਸਕਦਾ ਖਾਨ ਉਹਦੇ ਨਾਂ ਨਾਲੋਂ, ਹਰ ਡੌਕੂਮੈਂਟ ਤੇ ਲਿਖਿਆ।" ਮੈਂ ਪਰੇਸ਼ਾਨੀ ਜਿਹੀ ਵਿੱਚ ਦਲੀਲ ਦਿੰਦਾ।

"ਤੇਰੀ ਭੈਣ ਦੇ ਸਹੁਰਿਆਂ ਲਵਾਇਆ ਕਿ ਨਹੀਂ, ਆਪਣਾ ਗੋਤਰ ਉਹਦੇ ਨਾਂ ਨਾਲ।" ਮਾਂ ਦੁੱਖ ਤੇ ਰੋਹ ਵਿੱਚ ਬੋਲ ਰਹੀ ਸੀ।

"ਖ਼ਬਾਰ 'ਚ ਕਢਾਓ, ਜਿੱਦਾਂ ਉਹਨਾਂ ਕਢਾਇਆ ਸੀ।"

"ਤੇ ਤੁਸੀਂ ਕੀ ਸਮਝਦੇ ਪਈ ਉਹ ਨਾਜ਼ਨਾ ਕੌਰ ਲਿਖਾ ਲਊਗੀ।"

"ਨਾ ਲਖਾਵੇ ਸੜੇ ਕੌਰ, ਪਰ ਖਾਨ ਹਟਾ ਲੇ,'ਕੱਲਾ ਨਾਜ਼ਨਾ ਲਿਖ ਦੇ। ਕੱਲ੍ਹ ਨੂੰ ਸੌ ਭੈਣ ਭਰਾ ਨੇ ਰਿਸ਼ਤੇ ਕਰਨੇ ਕਰਵਾਉਣੇ, ਇਹਦੇ ਨਾਲ ਕੀਹਨੇ ਕਰਨਾ ਅਰੇ ਅਰੇ ਵਾਲੀ ਨਾਲ।"

ਮੈਂ ਦੁਖੀ ਹੋ ਗਿਆ ਸਾਂ ਰੋਜ਼ ਦਿਹਾੜੇ ਇਕੋ ਗੱਲ। ਲਵ ਮੈਰਿਜ ਫਾਹ ਮੈਰਿਜ ਬਣ ਗਈ ਮੇਰੇ ਲਈ। ਉਦੋਂ ਸਭ ਕਿੰਨਾ ਮਿੱਠਾ ਮਿੱਠਾ ਤੇ ਹੁਣ ਕੁਸੈਲਾ, ਕੌੜਾ, ਬਕਬਕਾ ਸਾਰੇ ਸਵਾਦ ਨੇ ਪਰ ਮਿਠਾਸ ਨਹੀਂ। ਮਿਠਾਸ ਹੋਣੀ ਵੀ ਕਿਵੇਂ ਸੀ ਜਦੋਂ ਵੱਡਿਆਂ ਦੀ ਰੂਹ ਦੀ ਖੁਸ਼ੀ ਤੇ ਮਰਜ਼ੀ ਸ਼ਾਮਲ ਨਹੀਂ ਸੀ। ਕਿੰਨੇ ਇਤਰਾਜ਼ ਕੀਤੇ ਸਭ ਨੇ ਪਰ ਅਸੀਂ ਦੋਵੇਂ ਮੰਨੇ ਨਾ। ਨਾਜ਼ਨਾ ਦੇ ਪਿਓ ਨੇ ਤਾਂ ਪੜ੍ਹਨੋਂ ਵੀ ਹਟਾ ਲਿਆ ਸੀ, ਕੁੱਟਿਆ ਮਾਰਿਆ ਵੀ ਪਰ ਪਿਛਾਂਹ ਨਾ ਹਟੀ ਉਹ।

ਤੇ ਮੈਂ... ਮੈਨੂੰ ਤਾਂ ਸਿਰਫ਼ ਤਾਹਨੇ ਈ ਮਾਰੇ ਸਨ ਵੱਡੇ ਭਰਾ ਨੇ, "ਲਵ ਮੈਰਿਜ ਆ ਬਈ, ਲਵ ਮੈਰਿਜ" ਵੱਡਾ ਭਰਾ ਤਨਜ਼ ਕੱਸਦਾ, ਨਾਲੇ ਕਹਿੰਦਾ, "ਗੁਰੂ ਸਾਹਿਬ ਨੇ ਤਾਂ ਕਿਹਾ ਸੀ ਕਿ ਰੋਟੀ ਬੇਟੀ ਦੀ ਸਾਂਝ ਨਹੀਂ ਰੱਖਣੀ ਇਸ ਕੌਮ ਨਾਲ।"

“ਆਪਣੇ ਕੋਲੋਂ ਹੀ ਗੱਲ ਬਣਾ ਲਈ? ਕਿਸੇ ਗੁਰੂ ਨੇ ਨਹੀਂ ਕਿਹਾ, ਗੁਰੂ ਸਾਹਿਬਾਨ ਮੁਸਲਮਾਨਾਂ ਨਾਲ ਵੀ ਓਨਾ ਹੀ ਪਿਆਰ ਕਰਦੇ ਸੀ।” ਮੈਂ ਵੀ ਆਪਣੇ ਰਾਇ ਰੱਖਦਾ।

ਭਰਾ ਅੱਗੋਂ ਫੇਰ ਪਾਸੇ ਹਟ ਜਾਂਦਾ, “ਸਾਨੂੰ ਕੀ ਜੋ ਮਰਜੀ ਕਰੋ। ਮੇਰੀ ਕਿਹੜਾ ਕਿਸੇ ਨੇ ਮੰਨਣੀ।”

ਮਾਂ ਦੇ ਅੱਥਰੂ ਤੇ ਤਰਲਿਆਂ ਨਾਲੋਂ ਮੈਨੂੰ ਨਾਜ਼ਨਾ ਦੀ ਕੁਰਬਾਨੀ ਵੱਡੀ ਲਗਦੀ,ਆਖਰ ਝਿੜਕਾਂ ਤੇ ਕੁੱਟ ਮਾਰ ਸਹੀ ਸੀ ਉਹਨੇ ਮੇਰੇ ਕਰਕੇ। ਹਾਂ ! ਸਿਰਫ਼ ਮੇਰੇ ਕਰਕੇ। ਮਮੀ.. ਮਮੀ ਦੀ ਕਿਹੜੀ ਗੱਲ ਉਹਨੇ ਤਾਂ ਚੁੱਪ ਕਰ ਹੀ ਜਾਣਾ, ਨਾਲੇ ਉਹ ਤੇ ਡੈਡੀ ਜੀ ਨੂੰ ਯਾਦ ਕਰ ਉਂਝ ਵੀ ਰੋਜ਼ ਈ ਰੋਂਦੀ ਰਹਿੰਦੀ। ਉਂਝ ਤਾਂ ਇਹ ਵੇਲਾ ਮਾਂ ਨੂੰ ਵਰ੍ਹਾਉਣ ਦਾ ਸੀ ਬਾਪ ਮਗਰੋਂ। ਪਰ ਮੈਂ ਆਪ ਹੀ ਵਰ੍ਹ ਗਿਆ ਸਾਂ ਭੈੜੀ ਜ਼ਿਦ ਲੈ ਕੇ। ਮਾਂ ਵਾਸਤੇ ਕੋਈ ਆਪਸ਼ਨ ਤਾਂ ਛੱਡੀ ਨਹੀਂ ਸੀ। ਬੱਸ ਹਾਂ ਹੀ ਕਰਾਉਣੀ ਸੀ ਤੇ ਉਹ ਬੋਲਦੀ ਨਹੀਂ ਸੀ। ਬੋਲਦੀਆਂ ਸਨ ਉਹਦੀਆਂ ਗਿੱਲੀਆਂ ਅੱਖਾਂ,ਮੇਰੀ ਜ਼ਿਦ ਨੂੰ ਹਾਂ ਕਹਿਣ ਲਈ ਜ਼ੁਬਾਨ ਖੋਲਣਾ ਸ਼ਾਇਦ ਮਾਂ ਦੇ ਵੱਸ ’ਚ ਨਹੀਂ ਸੀ ਤੇ ਅੱਖਾਂ ਦੀ ਭਾਸ਼ਾ ਮੈਂ ਸਮਝਾਂ ਨਾ। ਮੈਂ ਤਾਂ ਉਸ ਵੇਲੇ ਸਿਰਫ਼ ਨਾਜ਼ਨਾ ਦੇ ਨੈਣਾਂ ਦੇ ਇਸ਼ਾਰੇ ਹੀ ਸਮਝਦਾ ਸਾਂ।

‘ਖੌਰੇ ਮਾਂ ਕਿੰਨੀ ਵਾਰ ਅਰਦਾਸ ਕਰਦੀ ਹੋਊ,’ ਜਾਂ ਰੱਬਾ ਝੂਠ ਈ ਹੋਜੇ, ਸੁਮੱਤ ਬਖਸ਼ ਇਹਨੂੰ।

ਪਰ ਮੈਨੂੰ ਕੁਮੱਤ ਨੇ ਘੇਰਿਆ ਸੀ। ਮਾਂ ਦੀ ਅਰਦਾਸ ਨਾਲੋਂ ਨਾਜ਼ਨਾ ਨਾਲ ਕੀਤੇ ਵਾਅਦੇ ਜ਼ੋਰ ਮਾਰ ਗਏ।

ਮਮੀ ਨੂੰ ਕਦੇ ਕਦੇ ਮੈਂ ਪਿਆਰ ਨਾਲ ਮਾਂ ਵੀ ਕਹਿ ਦਿੰਦਾ। ਮਾਂ ਦਾ ਸੱਚਮੁੱਚ ਬੜਾ ਪਿਆਰ ਸੀ ਮੇਰੇ ਨਾਲ ਛੋਟਾ ਹੋਣ ਕਰਕੇ।

ਤੇ ਆਖ਼ਰ ਮਾਂ ਮੰਨ ਗਈ। ਕਿਵੇਂ?

“ਨਾ ਕਰੋ, ਮੈਂ ਆਪੇ ਕਰਾ ਲੂੰ, ਘਰ ਛੱਡ ਕੇ ਚਲੇ ਜਾਣਾ ਮੈਂ, ਮੁੜ ਕੇ ਨਾ ਕਹਿਓ ਨਸ਼ੇ ਕਰਨ ਲੱਗ ਪਿਆ ਤੇ ਆਹ ਹੋ ਗਿਆ ਤੇ ਔਹ ਹੋ ਗਿਆ।” ਆਪ ਹੁਦਰੇ ਪੁੱਤ ਦੀ ਘਟੀਆ ਜਿਹੀ ਧਮਕੀ ਸੁਣ ਕੇ ਉਹ ਖਾਮੋਸ਼ ਹੋ ਗਈ ਸੀ। ਜਿਹੜੀ ਗੱਲ ਰਿਸ਼ਤੇ ਕਰਨ ਦੀ ਹੁੱਬ ਹੁੱਬ ਕੇ ਉਸਨੇ ਆਪਣੇ ਪੇਕਿਆਂ ਨੂੰ ਦੱਸਣੀ ਸੀ, ਹੁਣ ਉਸ ਤੇ ਚੁੱਪੀ ਸਾਧ ਲਈ।

ਪੇਕਿਆਂ ਵੱਲੋਂ ਕਿਸੇ ਨੇੜਲੇ ਰਿਸ਼ਤੇਦਾਰ ਦੇ ਪੁੱਛਣ ਤੇ ਆਖਦੀ, “ਆਪ ਜੀਂਦੇ ਹੁੰਦੇ ਤੇ ਪੁੱਤ ਨੂੰ ਧੌਲ ਧੱਫਾ ਕਰਦਾ, ਝਿੜਕਦਾ, ਜਿੱਦਾਂ ਮਰਜ਼ੀ ਰੋਕਦਾ, ਪਰ ਮੈਂ ਕੱਲੀ ਜਨਾਨੀ ਕੀ ਕਰਾਂ, ਘਰਵਾਲੇ ਬਿਨਾਂ ਮੈਂ ਅੱਧੀ ਤੇ ਮੇਰੀ ਤਾਕਤ ਵੀ ਅੱਧੀ, ਜੀਹਨਾਂ ਲੋਕਾਂ ਦੀ ਫ਼ਿਕਰ ਕਰਦੀ ਹਾਂ ਉਹਨਾਂ ਈ ਮੈਨੂੰ ਕਹਿਣਾ, ਦੱਸ ਖਾਂ, ਪੁੱਤ ਗਵਾ ਲਿਆ, ਮੰਨ ਜਾਂਦੀ।”

ਤੇ ਜਦੋਂ ਕਦੇ ਮੈਂ ਕੋਲ ਆ ਕੇ ਬਹਿੰਦਾ ਤਾਂ ਫੇਰ ਉਹੋ ਦੁਹਰਾਉਂਦੀ,

“ਮੈਂ ਮੰਨਾਂ ਤੇ ਕਿਵੇਂ ਮੰਨਾਂ, ਮਨ ਡਿਕੋ ਡੋਲੇ ਖਾਂਦਾ ਇਹ ਸੋਚ ਕੇ ਵੀ। ਕੋਈ ਬੋਲੀ ਦੀ ਸਾਂਝ ਨਹੀਂ, ਕੋਈ ਧਰਮ ਦੀ ਨਹੀਂ। ਰਿਸ਼ਤੇਦਾਰਾਂ ਨਾਲ ਸੌ ਸਲਾਹਵਾਂ ਤੇ ਦੁੱਖਾਂ ਸੁੱਖਾਂ ਦੀ ਸਾਂਝ ਹੁੰਦੀ ਏ। ਅਸੀਂ ਕਿੱਦਾਂ ਵਿਚਰਾਂਗੇ ਉਹਨਾਂ ਨਾਲ?”

“ਇਹ ਰੰਗ ਫੱਬਣਾ ਨਹੀਂ ਮੇਰੇ ਢੰਗਾਂ ਨਾਲ ਬਲਦੀਪ ਸਿੰਹਾਂ। ਬੇਮੇਲ ਚੀਜ਼ ਅੱਖਾਂ ਨੂੰ ਚੁਭਦੀ ਨਾਲੇ ਦਿਮਾਗ਼ ’ਚ ਖਲਲ ਪਾਉਂਦੀ ਆ। ਨਾ ਸੁਰ ਰਲ਼ੀ ਤਾਂ ਕਿਸੇ ਮੈਨੂੰ ਦੋਸ਼ ਦੇਣਾ,

ਕਿਸੇ ਉਹਨੂੰ। ਕਿਉਂ ਨਵਾਂ ਤਾਜ਼ਾ ਕੱਢਣ ਲੱਗਾ ਏਂ, ਲੋਕਾਂ ਦੀ ਚੁੰਝ ਚਰਚਾ ਨਿਰੀ। ਤੂੰ ਦੱਸ ਤੇਰਾ ਪਿਓ ਜੀਂਦਾ ਹੁੰਦਾ ਤੇ ਕਰਨ ਦਿੰਦਾ ਤੈਨੂੰ ਇਹ ਕਰਤੂਤ?

ਲੋਕਾਂ ਆਖਣਾ ਮਾਂ ਕੋਲੋਂ ਪੁੱਤ ਸਾਂਭੇ ਨਹੀਂ ਗਏ।ਪਿਓ ਪਿਛੋਂ ਹੋਛੇ ਹੋ ਗਏ ਪੁੱਤ।

ਹੁਣ ਪਿਓ ਮਗਰੋਂ ਤੁਸੀਂ ਮੈਨੂੰ ਢੱਕਣਾ ਕਿ ਨਸ਼ਰ ਕਰਨਾ?''

ਮਾਂ ਹੌਂਕਾ ਲੈ ਮੈਨੂੰ ਸਮਝਾਉਂਦੀ।

ਫੇਰ ਵੀ ਮੈਨੂੰ ਪ੍ਰਭਾਵਿਤ ਨਾ ਕਰ ਸਕਦੀ। ਮੇਰੀਆਂ ਅੱਖਾਂ ਅੱਗੇ ਨਾਜਨਾ ਦੀ ਕਦੇ ਮੁਸਕਰਾਹਟ ਆ ਜਾਂਦੀ, ਕਦੇ ਕੋਈ ਸ਼ਰਾਰਤ। ਮੈਂ ਉਤਸੁਕ ਹੋ ਵਿਆਹ ਵਾਲੇ ਦਿਨ ਦੀ ਉਡੀਕ ਕਰਦਾ ।

-----

ਮਮੀ ਆਖ਼ਰ ਬੰਬਈ ਜਾਣ ਦੀ ਤਿਆਰੀ ਕਰਨ ਲੱਗ ਪਈ। ਪਤਾ ਨਹੀਂ ਕਿੰਨੀ ਖੁਸ਼ ਸੀ ਤੇ ਕਿੰਨੀ ਬੇਸੁੱਧ।

ਵੱਡੀ ਨੂੰਹ ਅਕਸਰ ਛੇੜਦੀ, ''ਹੁਣ ਤੁਸੀਂ ਨੂੰਹ ਸੱਸ ਹਿੰਦੀ 'ਚ ਲੜਿਆ ਕਰਿਓ, ''ਕੰਮ ਚੱਜ ਨਾਲ ਕਰਿਆ ਕਰ। ਨਹੀਂ, ਕਾਮ ਚਾਜ ਸੇ ਕਰ''

''ਕੈਸੇ ਕਰੂੰ ਬਤਾਓ'' ਮੁਝੇ ਤੋ ਐਸੇ ਈ ਆਤਾ ਹੈ''

ਤੇ ਸਾਰੇ ਹੱਸਣ ਲੱਗ ਪੈਂਦੇ। ਪਰ ਮਾਂ ਨਾ ਹੱਸਦੀ, ''ਬੜਾ ਲੜਦੀ ਮੈਂ ਕਿ, ਲੜੇ ਬਿਨਾਂ ਰੋਟੀ ਨਹੀਂ ਖਾਂਦੀ।''

ਗੁੱਸੇ ਤੇ ਨਿਹੋਰੇ ਨਾਲ ਬੋਲਦੀ।

ਸੱਚਮੁੱਚ ਉਹ ਕਦੇ ਵੀ ਨਹੀਂ ਲੜਦੀ ਸੀ, ਧੀਮੀ ਅਵਾਜ਼ 'ਚ ਗੱਲ ਕਰਨ ਵਾਲੀ ਸੁਲਝੀ ਪਰ ਹਾਲਾਤ ਤੋਂ ਮਜਬੂਰ ਔਰਤ ਸੀ।

ਏਧਰ ਮੇਰੀ ਮਾਂ ਦੁਖੀ ਤੇ ਓਧਰ ਨਾਜ਼ਨਾ ਦਾ ਪਿਓ ਝੂਰਦਾ ਰਹਿੰਦਾ। ਨਾਜ਼ਨਾ ਦੇ ਚਾਚੇ ਉਹਦੇ ਪਿਓ ਨਫ਼ਸ ਖ਼ਾਨ ਨੂੰ ਘੂਰੀਆਂ ਵੱਟਦੇ ਸੀ, ''ਸਰਦਾਰੋਂ ਕੇ ਯਹਾਂ ਜਾਏਗੀ, ਐਸਾ ਕਭੀ ਹੂਆ ਹੈ ਖਾਨਦਾਨ ਮੇਂ।''

ਆਖਰ 'ਕੱਲੀ ਕਾਰੀ ਔਲਾਦ ਅੱਗੇ ਉਹ ਵੀ ਬੇਵੱਸ ਹੋ ਗਿਆ।

ਜਦੋਂ ਨਾਜ਼ਨਾ ਦੇ ਪਿਓ ਨੇ ਮੇਰੀ ਭੈਣ ਦੀ ਸਹਿਮਤੀ ਮੰਗੀ ਸੀ, ਰਿਸ਼ਤੇ ਬਾਰੇ। ਉਹ ਸ਼ਾਇਦ ਧਰਮ ਜਾਤ ਬਿਰਾਦਰੀ ਦੇ ਨਾਂ ਤੇ ਨਾਂਹ ਸੁਣਨਾ ਚਾਹੁੰਦਾ ਹੋਵੇ ਪਰ ਉਸ ਕੋਲੋਂ ਵੀ ਨਾਂਹ ਨਾ ਹੋ ਸਕੀ, ''ਨਾਲੇ ਕਹਿੰਦੇ ਸੰਯੋਗ ਹੁੰਦੇ ਨੇ,ਫਿਰ ਇਹਨਾਂ ਦੇ ਵੀ ਹੋਣਗੇ।ਕੀ ਫਰਕ ਪੈਂਦਾ।'' ਮੇਰੇ ਜ਼ੋਰਾਵਰ ਸੰਜੋਗਾਂ ਨੇ ਭੈਣ ਦੇ ਵੀ ਮਨ ਮਿਹਰ ਪਾ ਦਿੱਤੀ।

ਤੇ ਫੇਰ ਮਮੀ ਦੇ ਆਨਾ ਕਾਨੀ ਕਰਦਿਆਂ ਰਿਸ਼ਤਾ ਤਹਿ ਹੋ ਗਿਆ। ਉਹ ਹਾਲ ਦੁਹਾਈ ਪਾਉਂਦੀ ਰਹੀ, ''ਲੋਕ ਕੀ ਆਖਣਗੇ, ਰਿਸ਼ਤੇਦਾਰ ਕੀ ਕਹਿਣਗੇ, ਇਹ ਕੋਈ ਭੁੱਖਾ ਨੰਗਾ, ਜ਼ਮੀਨ ਜਾਇਦਾਦ ਘਰ ਬਾਹਰ ਦਾ ਮਾਲਕ।ਤੇਰੀ ਮਾਸੀ ਵੜੀ ਸੁਹਣੀ ਕੁੜੀ ਦੀ ਦੱਸ ਪਾਉਂਦੀ ਸੀ। ਹੁਣ ਲੋਕ ਵੀ ਪੁੱਛਣੋਂ ਹਟ ਗੇ, ਘੜੀ ਮੁੜੀ ਨੰਨਾ ਪਾਉਣ ਨਾਲ।''

ਉਂਝ ਨਾਜ਼ਨਾ ਮਮੀ ਨੂੰ ਵੀ ਪਸੰਦ ਆਈ ਸੀ।

''ਕਿੱਦਾਂ ਦੀ ਆ ਵੈਸੇ ਵੇਖਣ ਨੂੰ'' ਜਦੋਂ ਭੈਣ ਨੇ ਪੁੱਛਿਆ।

“ਵੇਖਣ ਨੂੰ ਤੇ ਬਥੇਰੀ ਫੱਬਦੀ, ਉਹ ਏਦਾਂ ਥੋੜੀ ਪਈ ਤੁਹਾਡੇ ਵਾਂਗੂੰ ਚੁੰਨੀ ਮੋਢਿਆਂ ਤੇ ਸੁੱਟੀ ਹੋਵੇ। ਉਹਨੇ ਤੇ ਐਨ ਸਿਰ ਢੱਕਿਆ ਤੇ ਪੂਰੀ ਬਾਂਹ ਵਾਲੀ ਕਮੀਜ਼ ਪਾਈ।ਵਾਲ ਵੇਖੇ,ਐਂ ਭਾਰੇ ਲੰਮੇ। ਐਥੇ ਕੁੜੀਆਂ ਨੇ ਕਟਾ ਕਟਾ ਜੱਖਣਾ ਪੁੱਟੀ। ਇਹ ਲੋਕ ਇਸ ਗੱਲੋਂ ਸਖ਼ਤ ਆ। ਵੇਂਹਦੀ ਨੀ ਹੁੰਦੀ, ਬੁਰਕਾ ਪਾਉਂਦੀਆਂ ਡਰਾਮਿਆਂ ’ਚ।”

ਪਰ ਇਹ ਮਾਣ ਵੀ ਮਮੀ ਦਾ ਛੇਤੀ ਟੁੱਟ ਗਿਆ, ਪੰਜਾਬ ਆਉਂਦਿਆਂ ਈ ਜ਼ੁਲਫ਼ਾਂ ਨੂੰ ਹਵਾ ਲੱਗ ਗਈ।

ਲੇਅਰ ਕੱਟ ਨਾਲ ਜ਼ੁਲਫ਼ਾਂ ਲਹਿਰਾਉਣ ਲੱਗੀਆਂ ਤੇ ਪੂਰੀ ਬਾਂਹ ਵਾਲੀਆਂ ਕਮੀਜ਼ਾਂ ਦੀ ਤਹਿ ਲੱਗ ਗਈ। ਹੁਣ ਮੇਰੀ ਸ਼ਹਿ ਤੇ ਉਹ ਜੀਨਾ ਤੇ ਟਾਪ ਪਾਉਂਦੀ। ਪਤਾ ਨਹੀਂ ਉਹ ਕਦੋਂ ਦੀ ਸਿਰ ਤੋਂ ਗਿੱਟਿਆਂ ਤੱਕ ਢੱਕੀ ਖੁੱਲ੍ਹ ਲੈਣ ਨੂੰ ਕਾਹਲ਼ੀ ਸੀ।

ਮੈਂ ਖ਼ੌਰੇ ਕਿਉਂ ਏਡਾ ਬੇਬਾਕ ਹੋ ਗਿਆ ਸਾਂ। ਕੋਈ ਰੋਕ ਟੋਕ ਲਾ ਈ ਨਾ ਸਕਿਆ ਜਿਵੇਂ ਅਨੋਖੀ ਕੋਈ ਸ਼ੈਅ ਲੱਭ ਗਈ ਹੋਵੇ। ਉਂਝ ਮੈਂ ਹੁਣ ਜਾਣਦਾ ਕਿ ਗੁਆਚਾ ਕੀ ਕੀ ਹੈ। ਜਾਤ ਪਾਤ ਵਾਲਾ ਕੀੜਾ ਵੀ ਮੇਰੇ ਦਿਮਾਗ ’ਚ ਮਾਸਾ ਭੋਰਾ ਨਹੀਂ ਸੀ। ਸਗੋਂ ਮੈਂ ਤਾਂ ਕਹਿਨਾ ਸਾਂ, “ਮੈਡੀਕਲ ਪੁਆਇੰਟ ਆਫ਼ ਵਿਊ ਤੋਂ ਵੀ ਰਿਸ਼ਤੇ ਦੂਰ ਤੇ ਜਾਤੋਂ ਬਾਹਰ ਹੋਣੇ ਚਾਹੀਦੇ, ਨਸਲ ਵਧੀਆ ਬਣਦੀ।”

“ਸ਼ਰਮ ਆਉਂਦੀ ਤੇਰੀਆਂ ਵਾਹਯਾਤ ਗੱਲਾਂ ਸੁਣਕੇ। ਤੁਹਾਡੀ ਨਸਲ ਨੂੰ ਕੀ ਕੀੜੇ ਪਏ ਆ, ਅਸੀਂ ਕਿਤੇ ਮੂਰਖ ਈ ਸਾਂ? ਜੀਹਨਾਂ ਨਾਲ ਸਾਂਝਾਂ ਜੋੜਨ ਚੱਲਿਆਂ ਏਂ ਉਹ ਤਾਂ ਰਿਸ਼ਤੇ ਘਰੇ ਈ ਕਰ ਲੈਂਦੇ। ਕੀ ਚਾਚੇ ਤੇ ਕੀ ਮਾਮੇ।

ਤੇ ਤੂੰ ਜਾਤੋਂ ਬਾਹਰ ਨਹੀਂ, ਸਗੋਂ ਧਰਮੋਂ ਵੀ ਬਾਹਰ ਕਰਨ ਲੱਗਾ ਏ ।ਬਹੁਤ ਪਛਤਾਵੇਂਗਾ ਇਕ ਦਿਨ।”

ਹੌਕੇ ਰਲ਼ ਗੁੱਸੇ ਨਾਲ ਮਾਂ ਆਪਣਾ ਰਿਐਕਸ਼ਨ ਕਰਦੀ।

“ਚਾਚਾ ਸਲਾਮ ਆ ਲੇਕੁਮ”, ਅੱਲਾ ਹੂ ਦਾ ਆਵਾਜਾ ਆਵੇ.....

ਵੱਡੇ ਭਰਾ ਦੇ ਬੱਚੇ ਵੀ ਛੇੜਖਾਨੀ ਕਰ ਜਾਂਦੇ, ਕਦੀ ਟੀ. ਵੀ. ਵੇਖਦਿਆਂ ਕਹਿੰਦੇ, “ਚਾਚਾ ਅਹੁ ਤੁਹਾਡੇ ਰਿਸ਼ਤੇਦਾਰ ਆ ਗੇ।”

...ਤੇ ਮੈਂ ਇਸ ਤਰ੍ਹਾਂ ਦੀ ਨੋਕ ਝੋਕ ਨੂੰ ਮਾਣਦਾ, ਆਪਣੇ ਆਪ ਨੂੰ ਜੇਤੂ ਸਮਝਦਾ। ਪਰਿਵਾਰ ’ਚ ਰਾਤ ਦੇ ਸਮੇਂ ’ਕੱਠੇ ਬੈਠਿਆਂ ਗੱਲਬਾਤ ਦਾ ਮੁੱਦਾ ਮੇਰੇ ਵਿਆਹ ਦਾ ਹੁੰਦਾ।

ਮਾਂ ਮੇਰੇ ਵੱਲ ਅੱਖ ਭਰ ਕੇ ਵੇਖਦੀ ਵੀ ਨਾ ਚੰਗੀ ਤਰ੍ਹਾਂ। ਉਹ ਆਪਣੇ ਆਪ ਨੂੰ ਕੱਖੋਂ ਹੌਲੀ ਸਮਝ ਰਹੀ ਸੀ। ਜੀਹਨੇ ਆਪਣੇ ਲਈ ਨੂੰਹ ਵੇਖ ਕੇ ਪਸੰਦ ਕਰਨੀ ਸੀ। ਜੀਹਨੇ ਕਿਸੇ ਵੱਲੋਂ ਰਿਸ਼ਤੇ ਦੀ ਦੱਸ ਪਾਉਣ ਤੇ ਭਾਰਾਂ ਤੋਲਾਂ ਨਾਲ ਹਾਂ ਕਰਨੀ ਸੀ। ਛੋਟੇ ਪੁੱਤ ਤੇ ਰੀਝਾਂ ਲਾਉਣੀਆਂ ਸਨ।ਆਪਣੀ ਹੋਂਦ ਦਾ ਅਹਿਸਾਸ ਕਰਾਉਣਾ ਸੀ।ਹੁਣ ਆਪਣਾ ਵਜੂਦ ਪਿੰਜਿਆ ਮਹਿਸੂਸ ਕਰਦੀ।

“ਦਾਦੀ ਮੁਸਲਮਾਨਾਂ ਵਿੱਚ ਕੋਈ ਮਰਜੇ ਤਾਂ ਦੱਬਦੇ ਆ ਨਾ ਉਹਨੂੰ ? ਮੈਂ ਫ਼ਿਲਮ ’ਚ ਵੇਖਿਆ ਸੀ।”

ਮਾਂ ਕੋਈ ਜਵਾਬ ਨਹੀਂ ਦਿੰਦੀ।

“ਚਲੋ ਮਸੀਤ ਤੇ ਪਿੰਡ ਵਿੱਚ ਅੱਗੇ ਹੀ ਹੈਗੀ, ਕਦੇ ਕਬਰਾਂ ਵੀ ਬਣ ਜਾਣੀਆਂ।” ਵੱਡਾ ਭਰਾ ਜ਼ੁਬਾਨ ਅੱਗੇ ਤੀਰ ਲਾ ਕੇ ਮਿਹਣਾ ਮਾਰਦਾ।

“ਕੋਈ ਚੱਜ ਦੀ ਗੱਲ ਕਰੋ।” ਬੇਜਾਨ ਜਿਹੀ ਅਵਾਜ਼ ਵਿੱਚ ਮਾਂ ਸਿਰਫ਼ ਏਨਾ ਬੋਲਦੀ ।

“ਜਦੋਂ ਕੰਮ ਬੇਚੱਜਾ ਹੋਣ ਡਿਹਾ ਤੇ ਗੱਲ ਕਿਥੋਂ ਚੱਜ ਦੀ ਹੋ ਜੂ। ਜੋ ਸੱਚ, ਸੱਚ ਈ ਰਹਿਣਾ। ਹਾਲੇ ਤੇ ਹੋਰ ਬੜਾ ਕੁਝ ਸੁਣਨਾ। ਤਿਆਰ ਰਹੋ।”

ਜਦੋਂ ਵਿਆਹ ਤੋਂ ਬਾਅਦ, ਓਹ ਨਹੀਂ ਸੱਚ ! ਨਿਕਾਹ ਤੋਂ ਬਾਅਦ ਕੋਈ ਦੋ ਕੁ ਮਹੀਨੇ ਮਗਰੋਂ ਮੈਂ ਪਿੰਡ ਆਉਣਾ ਸੀ। ਨਾਲ ਨਾਜ਼ਨਾ ਵੀ ਸੀ। ਵਿਆਹ ਦੀ ਸਵਾਗਤੀ ਪਾਰਟੀ ਰੱਖੀ ਗਈ। ਸਾਡੇ ਸਿਰ ਤੇ ਪਰਿਵਾਰ ਦਾ ਹੱਥ ਹੈ, ਇਹ ਵੀ ਤੇ ਵਿਖਾਉਣਾ ਸੀ ਰਿਸ਼ਤੇਦਾਰਾਂ ਤੇ ਲੋਕਾਂ ਨੂੰ। ਮਾਂ ਅਸਹਿਜ ਨੂੰ ਸਹਿਜ ਕਰ ਰਹੀ ਸੀ। ਮਾਂ ਜੁ ਸੀ।

ਤੇ ਪਾਣੀ ਵਾਰਨ ਲਈ ਗੜਵੀ ਫੜ ਕੇ ਖਲੋਤੀ ਸੀ ਵਿਆਹ ਤੋਂ ਦੋ ਮਹੀਨੇ ਮਗਰੋਂ। ਵਹੁਟੀ ਜੁ ਅੱਜ ਈ ਘਰ ਆਈ ਸੀ ਤੇ ’ਕੱਠੇ ਹੋਏ ਸਾਕਾਂ ਨੂੰ ਵਿਖਾਉਣ ਲਈ ਕੋਈ ਤੇ ਰਸਮ ਕਰਨੀ ਬਣਦੀ ਸੀ।

ਕਬੂਲ ਕਬੂਲ ਦੇ ਰੌਲੇ ਵਿੱਚ, ‘ਪਾਣੀ ਵਾਰ ਬੰਨੇ ਦੀਏ ਮਾਏ’ ਦੀਆਂ ਹੇਕਾਂ ਅਲੋਪ ਹੋ ਗਈਆਂ।

ਸਭ ’ਕੱਠੇ ਹੋਏ ਸੀ,

ਮਾਮੇ ਮਾਸੀਆਂ, ਭੂਆ ਚਾਚੇ ਤੇ ਕੁਝ ਪਿੰਡ ਦੇ ਆਂਢ ਗੁਆਂਢ ਵਿੱਚੋਂ।

ਉਂਝ ਤੇ ਪਿੰਡ ਵਿੱਚੋਂ ਬਿਨਾਂ ਸੱਦੇ ਵੀ ਬੱਚੇ ਬੁੱਢੇ ਬੀਬੀਆਂ ਤੇ ਕੰਮ ਕਾਰ ਵਾਲੀਆਂ ਕੱਠੀਆਂ ਹੋਈਆਂ। ਵੇਖਣਾ ਜੁ ਸੀ, ਪਹਿਲੀ ਵਾਰ ਪਿੰਡ ਵਿੱਚ ਕਿਸੇ ਦਾ ਨਿਕਾਹ ਹੋਇਆ ਸੀ, ਮੁਸਲਮਾਨ ਵਹੁਟੀ ਨੂੰ ਵੇਖਣਾ ਬੜੀ ਅਚੰਭੇ ਵਾਲੀ ਗੱਲ ਸੀ ਪਿੰਡ ਦੇ ਲੋਕਾਂ ਲਈ।

ਮੇਰੇ ਯਾਰ ਦੋਸਤ ਵੱਖਰੇ ਈ ਜੋਸ਼ ਤੇ ਉਤਸ਼ਾਹ ਵਿਚ ਸਨ, ਡੀਜੇ ਲਾਇਆ ਗਿਆ।

ਮੁਬੰਈ ਤੋਂ ਆਉਣਾ ਸੀ ਜੋੜੀ ਦੇ ਪਹੁੰਚਣ ਤੱਕ ਵਿਹੜੇ ਵਿੱਚ ਚੰਗੀ ਰੌਣਕ ਸੀ।

ਉਸ ਦਿਨ ਯਾਰਾਂ ਨੇ ਇਹ ਨਹੀਂ ਗਾਉਣਾ ਸੀ, ‘ਆਜ ਮੇਰੇ ਯਾਰ ਕੀ ਸ਼ਾਦੀ ਹੈ’, ਸ਼ਾਦੀ ਤਾਂ ਹੋ ਗਈ ਸੀ।

ਵਿਹੜੇ ਵਿੱਚ ਪੈਰ ਪਾਉਂਦਿਆ ਈ, “ਕਬੂਲ ਹੈ, ਕਬੂਲ ਹੈ, ਕਬੂਲ ਹੈ” ਦੀਆਂ ਅਵਾਜ਼ਾਂ ਡੀ ਜੇ ਤੇ ਗੂੰਜ ਪਈਆਂ।

ਅਵਾਜ਼ਾਂ ਵਿਚ ਹਾਸੇ ਵੀ ਸੀ, ਉੱਚੇ ਹਾਸੇ, ਖਿੜ ਖਿੜਾਏ

ਹਾਸੇ ਤੇ ਨਜ਼ਰਾਂ ਜੋੜੀ ਤੇ। ਹਰ ਕੋਈ ਉਸਨੂੰ ਵੇਖ ਰਿਹਾ ਸੀ, ਨਵੀਂ ਵਹੁਟੀ ਵਾਂਗ ਨਹੀਂ ਸਗੋਂ ਮੁਸਲਿਮ ਵਹੁਟੀ ਵਾਂਗ। ਸੁਹਣੀ ਆ, ਕਿੱਡੀ ਲੰਬੀ ਆ, ਬਲਦੀਪ ਜਿੱਡੀ ਆ, ਇਹ ਮੁਸਲਮਾਨੀਆਂ ਬਥੇਰੀਆਂ ਸੁਹਣੀਆਂ ਹੁੰਦੀਆਂ, ਮਾਸ ਮੱਛੀ ਖਾਂਦੀਆਂ। ਗੋਸ਼ਤ ਤੋਂ ਬਗੈਰ ਕੋਈ ਸਬਜ਼ੀ ਨਹੀਂ ਰਿੱਝਦੀ ਇਹਨਾਂ ਦੀ।

“ਮੇਲ ਕਿੱਦਾਂ ਹੋਇਆ ਇਹਨਾਂ ਦਾ?”

ਘਰ ’ਚ ’ਕੱਠੇ ਹੋਏ ਮੇਲ ਚੋਂ ਕੋਈ ਮਾਮੀ ਭੂਆ ਨਵੀਂ ਜੋੜੀ ਦੇ ਮੇਲ ਦੀ ਕਨਸੋਅ ਲੈਣ ਨੂੰ ਅਹੁੜਦੀ।

"ਸੁਣਿਆ ਬਈ ਕਿਸੇ ਕੰਪਨੀ 'ਚ ਨੌਕਰੀ ਲਈ ਗਿਆ ਸੀ ਬਲਦੀਪ। ਇਸ ਕੁੜੀ ਦਾ ਪਿਓ ਵੀ ਓਸੇ ਦਫ਼ਤਰ ਵਿੱਚ ਸੀ। ਪਿਓ ਨਾਲ ਸਾਂਝ ਜਿਹੀ ਬਣ ਗਈ, ਬਿਗਾਨੇ ਸ਼ਹਿਰ ਵਿੱਚ ਤੇ ਇਕ ਦਿਨ ਆਂਹਦੇ ਬਈ, ਮਾੜੇ ਕਰਮਾਂ ਨੂੰ ਉਹ ਬਲਦੀਪ ਨੂੰ ਘਰ ਲੈ ਗਿਆ। ਬੀਬੀ ਨਾਜ਼ਨਾ ਨੂੰ ਵੇਖਿਆ ਤੇ ਫੇਰ ਪਿਓ ਨਾਲ ਸਾਂਝ ਹੋਰ ਗੂੜ੍ਹੀ ਕਰਲੀ, ਫੇਰ ਤੇ ਆਉਣ ਜਾਣ ਹੋ ਗਿਆ ਸ਼ੁਰੂ।"

ਇਹ ਤਾਂ ਸਿਰਫ਼ ਮੈਨੂੰ ਪਤਾ ਕਿ ਕੀ ਬੀਤੀ ਸੀ ਮੇਰੇ ਨਾਲ। ਡੈਡੀ ਦੇ ਜਾਣ ਪਿੱਛੋਂ ਵਾਹੀ ਜੋਤੀ 'ਚ ਜੀਅ ਨਾ ਲੱਗਾ। ਕੁਝ ਨਵਾਂ ਕਰਨ ਤੇ ਪੈਸੇ ਕਮਾਉਣ ਦੀ ਲਲਕ ਜ਼ਰੂਰ ਸੀ ਪਰ ਲਲਕ ਤੇ ਚਾਹਤ ਵਿੱਚ ਤਪੱਸਿਆ, ਹੱਠ, ਸੰਘਰਸ਼ ਸ਼ਾਮਲ ਨਹੀਂ ਸੀ। ਕਿਸੇ ਕੰਪਨੀ ਦਾ ਇਸ਼ਤਿਹਾਰ ਵੇਖ ਬੰਬਈ ਚਲਾ ਗਿਆ। ਕੋਈ ਥੋੜ੍ਹੇ ਜਿਹੇ ਪੈਸੇ ਲਾਕੇ ਤੇ ਆਪਣੇ ਨਾਲ ਹੋਰ ਬੰਦੇ ਜੋੜ ਜੋੜ ਚੇਨ ਜਿਹੀ ਬਣਾ ਕੇ ਟਾਰਗੈਟ ਪੂਰਾ ਕਰਨ ਵਾਲੇ ਦੀ ਤਨਖਾਹ ਤੇ ਅਹੁਦਾ ਵਧਦਾ ਜਾਣਾ ਸੀ। ਮੈਨੂੰ ਦਿਲਚਸਪ ਜਿਹਾ ਲੱਗਿਆ। ਪਰ ਬਿਗਾਨੇ ਸੂਬੇ ਵਿੱਚ ਭਾਂਤ-ਸੁਭਾਂਤੇ ਲੋਕ ਦਫ਼ਤਰ ਵਿੱਚ ਟੱਕਰੇ ਸਨ, ਪਤਾ ਨਹੀਂ ਕਿੱਦਾਂ ਕੋਈ ਫਾਈਲ ਤੇ ਕੀਤੇ ਦਸਤਖ਼ਤ ਹੇਠ ਕੁਝ ਦੋ ਕੁ ਲੱਖ ਦਾ ਘਪਲਾ ਹੋ ਗਿਆ, ਪੈਸਾ ਰਲ਼ੇ ਨਾ। ਮੈਨੂੰ ਕੁਝ ਪਤਾ ਨਹੀਂ ਤੇ ਨਾ ਹੀ ਛਾਣਬੀਣ ਕਰਨੀ ਆਵੇ। ਬੌਸ ਨੇ ਕੇਸ ਕਰ ਦਿੱਤਾ। ਦੋ ਮਹੀਨੇ ਜੇਲ ਕੱਟੀ। ਖ਼ੁਸ਼ਕਿਸਮਤੀ ਨਾਲ ਓਸੇ ਕੋਠੜੀ ਵਿੱਚ ਨਫ਼ਸ ਖ਼ਾਨ ਵੀ ਸੀ ਉਸ ਨਾਲ ਚੰਗਾ ਵਕਤ ਗੁਜ਼ਰਨ ਲੱਗਾ। ਆਪਣੇ ਕੰਮ ਕਾਰ ਦੀਆਂ ਗੱਲਾਂ ਤੇ ਇਥੇ ਪਹੁੰਚਣ ਤੱਕ ਦਾ ਸਿਲਸਿਲਾ। ਉਹ ਜਾਸੂਸ ਸੀ। ਨਫ਼ਸ ਖਾਨ ਡਿਟੈਕਟਿਵ। ਕਿਸੇ ਨਾ ਕਿਸੇ ਛੋਟੇ ਮੋਟੇ ਕੇਸ ਵਿੱਚ ਜਸੂਸੀ ਕਰਦਾ ਕਰਾਉਂਦਾ ਜੇਲ ਦੇ ਚੱਕਰ ਕੱਟ ਜਾਂਦਾ।

ਪਰ ਏਸ ਵਾਰ ਵਾਲੇ ਚੱਕਰ ਨੇ ਐਸਾ ਚੱਕਰ ਚਲਾਇਆ ਕਿ ਦੋ ਖਾਨਦਾਨ ਚੱਕਰਾਂ ਵਿੱਚ ਪੈ ਗਏ।

ਨਫ਼ਸ ਖਾਨ ਦਾ ਵਕ?ਤ ਪੂਰਾ ਹੋ ਗਿਆ ਤੇ ਉਸਨੇ ਬਾਹਰ ਨਿਕਲਦਿਆਂ ਹੀ ਮੇਰੀ ਜ਼ਮਾਨਤ ਕਰਾਈ ।ਮੈਂ ਉਹਨੂੰ ਭੋਲਾ ਫਸਿਆ ਜਾਪਦਾ ਤੇ ਇਹ ਸੱਚ ਵੀ ਸੀ। ਐਡੇ ਤਕੜੇ, ਵਣ ਵਣ ਦੀ ਲੱਕੜੀ 'ਕੱਠੀ ਕੀਤੇ ਸ਼ਹਿ ਵਿੱਚ ਨਫ਼ਸ ਖ਼ਾਨ ਤੋਂ ਬਿਨਾਂ ਮੇਰਾ ਕੋਈ ਨਹੀਂ ਸੀ। ਉਹ ਮੈਨੂੰ ਓਪਰੇ ਨੂੰ ਮੇਰੀ ਲਾਚਾਰੀ ਜਿਹੀ ਵੇਖ ਕੇ ਘਰ ਲੈ ਗਿਆ। ਛੋਟਾ ਜਿਹਾ ਇਕ ਕਮਰੇ, ਰਸੋਈ ਤੇ ਬਾਥਰੂਮ ਵਾਲਾ ਨਿੱਕਾ ਜਿਹਾ ਸੈੱਟ। ਮੈਂ ਪਹਿਲੀ ਵਾਰ ਵੇਖਿਆ ਸੀ। ਤੇ ਪਹਿਲੀ ਵਾਰ ਹੀ ਵੇਖੀ ਏਨੀ ਖ਼ੂਬਸੂਰਤ ਨਾਜ਼ਨਾ। ਕਸ਼ਮੀਰ ਦੀ ਕਲੀ, ਯੇ ਚਾਂਦ ਸਾ ਰੌਸ਼ਨ ਚਿਹਰਾ' ਦੀਆਂ ਧੁਨਾਂ ਮੇਰੇ ਅੰਦਰ ਵੱਜ ਰਹੀਆਂ ਸੀ। ਨਫ਼ਸ ਖ਼ਾਨ ਨੇ ਦੱਸਿਆ ਸੀ ਕਿ ਉਹਨਾਂ ਦਾ ਪਿਛੋਕੜ ਸ੍ਰੀਨਗਰ ਦਾ ਹੈ।

ਮੈਂ ਬੀਬਾ ਬਣਿਆ ਬੜੇ ਅਦਬ ਨਾਲ ਪੇਸ਼ ਆ ਰਿਹਾ ਸੀ ।ਤੇ ਇਹੋ ਅਦਬ ਮੇਰੇ ਅਗਲੇ ਸਫ਼ਰਾਂ ਦਾ ਸਬੱਬ ਬਣਦਾ ਰਿਹਾ। ਉਹ ਅਕਸਰ ਮੇਰੇ ਵੱਲ ਵੇਖ ਕੇ ਸਮਾਈਲ ਦੇ ਦੇਂਦੀ ਤੇ ਉੱਤੋਂ ਭੋਲੀ ਪਰ ਅੰਦਰੋਂ ਖਚਰੀ ਜਵਾਬੀ ਕਾਰਵਾਈ ਮੈਂ ਵੀ ਪਾਉਂਦਾ। ਇਹ ਕਾਰਵਾਈ ਨਿਕਾਹ ਵਰਗੇ ਮਹਾਨ 'ਕਾਰਜ' ਵਿੱਚ ਬਦਲ ਗਈ। ਜੇਲ੍ਹ 'ਚ ਹੋਏ ਮੇਲ ਨੇ ਸਦੀਵੀ ਮੇਲੇ ਲਾ ਦਿੱਤੇ।

"ਵੇਖ ਕਿੱਡਾ ਚੱਕਰ ਚਲਾਇਆ ਰੱਬ ਨੇ, ਐਵੇਂ ਆਂਹਦੇ ਸੰਯੋਗ ਜ਼ੋਰਾਵਰ ਹੁੰਦੇ, ਓਧਰ ਪਿਓ ਦੀ ਪੇਸ਼ ਨਾ ਗਈ ਤਾਂ ਏਧਰ ਮਾਂ ਦੀ।" ਮੇਲ ਵਿੱਚ ਦੰਦ ਕਥਾ ਛਿੜੀ ਹੋਈ ਸੀ।

ਇਹ ਸਾਕ ਸੰਬੰਧੀਆਂ ਦੀਆਂ ਰਾਵਾਂ ਸਨ, ਇਕ ਦੂਜੇ ਨਾਲ ਮੂੰਹ ਦਾ ਸਵਾਦ ਦੂਣਾ ਕਰ ਰਹੇ ਸਨ। ਗੱਲਾਂ ਕਰਕੇ ਤੇ ਅੱਖਾਂ ਦਾ ਸਵਾਦ ਉਹਨੂੰ ਵੇਖ ਵੇਖ ਕੇ। ਬਾਕੀ ਜ਼ਬਾਨ ਦੇ ਸਵਾਦ ਲਈ ਪਕਵਾਨ ਵੀ ਬਥੇਰੇ ਸਨ।

ਯਾਰ ਬੇਲੀ ਪੂਰੇ ਮੱਛਰੇ ਸਨ ਤੇ ਡੀ ਜੇ ਤੇ ਗ਼ਦਰ ਫਿਲਮ ਦੇ ਡਾਇਲਾਗ ਕਬੂਲ ਹੈ ਕਬੂਲ ਹੈ,ਰਿਵਾਇੰਡ ਕਰ ਕਰ ਕੇ ਵਾਰ ਵਾਰ ਚਲਾ ਰਹੇ ਸਨ।

ਮੈਂ ਆਪਣੇ ਆਪ ਨੂੰ ਖਾਸਾ ਖਾਸ ਸਮਝ ਰਿਹਾ ਸੀ ਜਿਵੇਂ ਜੱਗ ਜਿੱਤ ਲਿਆ ਹੋਵੇ, ਜਿਵੇਂ ਹੀਰ ਰਾਂਝੇ ਵਾਂਗ ਨਾਂ ਅਮਰ ਹੋ ਜਾਣਾ ਹੋਵੇ।

ਰਿਸ਼ਤੇ 'ਚੋਂ ਭਰਜਾਈ ਲਗਦੀ ਮਾਮੇ ਦੀ ਨੂੰਹ ਵੀ ਬੋਲੀ ਵਿਗਾੜ ਕੇ ਛੇੜਨ ਦਾ ਰੌਂਅ ਬਣਾ ਕੇ ਗਿੱਧੇ 'ਚ ਨੱਚਣ ਲੱਗੀ, "ਜੇ ਮੁੰਡਿਆ ਵੇ ਤੈਨੂੰ ਸਿੰਘਣੀ ਨਾ ਲੱਭਦੀ, ਮੁਸਲਮਾਨਣੀ ਕਰ ਮੁੰਡਿਆ ਵੇ, ਰੋਜ਼ੇ ਰੱਖ ਕੇ ਨਮਾਜ਼ਾਂ ਪੜ੍ਹ ਮੁੰਡਿਆ ਵੇ..." ਪੂਰੀ ਲੈਅ ਨਾਲ ਬਾਹਵਾਂ ਉਤੇ ਥੱਲੇ ਕਰ ਤਾੜੀ ਮਾਰ ਮਾਰ ਨੱਚਦੀ, ਤੇ ਬਾਕੀਆਂ ਨੇ ਬੋਲੀ ਦੀ ਅਖੀਰਲੀ ਲਾਈਨ ਚੁੱਕ ਲਈ ਤੇ ਨਾਲ ਹਾਸਾ ਵੀ ਮੱਚ ਗਿਆ ਜੋ ਨਹੀਂ ਹੱਸੀ ਤੇ ਮੇਰੀ ਮਾਂ ਨਹੀਂ ਸੀ ਹੱਸੀ ਤੇ ਨਾ ਭੈਣ, ਉਹਨਾਂ ਨੂੰ ਇਹ ਹਾਸਾ ਤੇ ਤਾੜੀ ਉਹਨਾਂ ਦੇ ਚਾਵਾਂ ਤੇ ਮਾਣ ਤੇ ਚਪੇੜ ਵਾਂਗ ਸੀ। ਭੈਣ ਨੇ ਨਨਾਣ ਬਣ ਕੇ ਜਿਹੜਾ ਮਾਣ ਤਾਣ ਕਰਾਉਣਾ ਸੀ,ਉਸ ਤੋਂ ਵਿਰਵੀ ਰਹਿ ਗਈ।

ਜੇ ਮੈਨੂੰ ਘੋੜੀ ਨਾ ਚੜ੍ਹਨ ਦਾ ਅਫਸੋਸ ਹੈ ਤਾਂ ਭੈਣ ਨੂੰ ਵੀ ਘੋੜੀਆਂ ਗਾਉਣ ਦੀ ਇੱਛਾ ਤੇ ਹੋਊਗੀ ।

"ਨਾ ਹਾਸੇ ਮਖੌਲ ਕੀਤੇ,ਨਾ ਸਿੱਠਣੀਆਂ ਦਿੱਤੀਆਂ ,ਨਾ ਮਿਲਣੀਆਂ ਹੋਈਆਂ ਤੇ ਨਾ ਪੜ੍ਹਿਆ," ਵਿਆਹ ਹੋਆ ਮੇਰੇ ਬਾਬੁਲਾ, "ਫੇਰ ਇਹ ਕਾਹਦਾ ਵਿਆਹ ਹੋਇਆ? ਕਬੂਲ ਕਬੂਲ ਕਰਕੇ ਘਰ ਆਗੇ। ਸਾਨੂੰ ਨਹੀਂ ਕਬੂਲ ਕੁਝ ਵੀ।" ਭੈਣ ਨੇ ਵੀ ਆਪਣੀ ਪੀੜ ਮਾਂ ਨਾਲ ਸਾਂਝੀ ਕੀਤੀ ਸੀ।

"ਹੁਣ ਤੇ ਕਰ ਲਿਆ ਕਬੂਲ ਧੀਏ, ਆਪ ਜਾਕੇ ਕਰਕੇ ਆਈਂ ਆ। ਉਂਝ ਤੇਰੀਆਂ ਰੀਝਾਂ ਦਾ ਵਿਗੋਚਾ ਮੈਨੂੰ ਸਮਝ ਆਉਂਦਾ।" ਮਾਵਾਂ ਧੀਆਂ ਦੁੱਖ ਸੁੱਖ ਕਰਦੀਆਂ।

ਅਸਲ ਵਿਗੋਚਾ ਤਾਂ ਖੁਸ਼ੀਆਂ ਦਾ ਆ ਗਿਆ ਜਿਹੜੀ ਵਿਆਹ ਵਾਲੇ ਸਾਰੇ ਡਰਾਮੇ 'ਚ ਅਦਾਕਾਰੀ ਕਰਕੇ ਮਿਲਦੀਆਂ ਹਨ। ਮੈਨੂੰ ਕੀ ਪਤਾ ਸੀ ਤੇ ਮੈਨੂੰ ਕਿਉਂ ਨਹੀਂ ਪਤਾ ਸੀ ਕਿ ਨਿੱਕੀਆਂ ਨਿੱਕੀਆਂ ਗੱਲਾਂ ਨੇ ਵੱਡੀ ਨੇੜਤਾ ਸਾਂਭੀ ਹੁੰਦੀ ਆ। ਮੈਂ ਆਪਣੇ ਆਪ ਨੂੰ ਕੋਸਦਾ ਰਹਿੰਦਾ।

-----

ਕੁਝ ਦਿਨ ਸੁਹਣੇ ਨਾਜ ਨਖ਼ਰੇ ਪੂਰੇ ਕਰਦਿਆਂ ਲੰਘਦੇ ਗਏ।

ਨਾਜ਼ਨਾ ਦੀ ਘਰ ਦੇ ਕੰਮਾਂ ਵਿੱਚ ਕੋਈ ਦਿਲਚਸਪੀ ਨਹੀਂ ਸੀ। ਉਹਦਾ ਟੌਹਰ ਸ਼ੁਕੀਨੀ ਤੇ ਵਿਹਲਪੁਣਾ ਵੇਖ ਵੇਖ ਜਠਾਣੀ ਮੱਚਦੀ ਤੇ ਜੇਠ ਦੇ ਕੰਨਾਂ ਤੱਕ ਸੇਕ ਪਹੁੰਚਦਾ।ਇਸ ਸੇਕ ਦੀ ਤਪਸ਼ ਮੈਂ ਵੀ ਮਹਿਸੂਸ ਕਰਦਾ ਤੇ ਫੇਰ ਨਾਜ਼ਨਾ ਨੂੰ ਸ਼ਹਿਰ ਰੱਖਣ ਦਾ ਫੈਸਲਾ ਲੈ ਲਿਆ।ਆਖ਼ਰ ਝੂਠੇ ਸੱਚੇ ਕੀਤੇ ਵਾਅਦੇ ਨਿਭਾਉਣ ਦਾ ਤੇ ਰਾਣੀ ਬਣਾ ਰੱਖਣ ਦਾ ਵੇਲਾ ਪੁਗਾਉਣਾ ਸੀ।

"ਕੰਮ ਕਰਨ ਦੇ ਮਾਰੇ ਚਲੇ ਗਏ ਘਰ ਛੱਡ ਕੇ, ਅਸੀਂ ਠੇਕਾ ਲਿਆ ਸਾਰੀ ਵਾਹੀ ਜੋਤੀ ਤੇ ਪਸ਼ੂ ਡੰਗਰ ਸਾਂਭਣ ਦਾ। ਪ੍ਰਾਈਵੇਟ ਕੰਪਨੀਆਂ 'ਚ ਮਾੜੀ ਮੋਟੀ ਨੌਕਰੀ ਕਰਨ ਦੇ ਬਹਾਨੇ

ਆ, ਜ਼ਮੀਨ ਸੰਭਾਲੇ ਤੇ ਉਹ ਵੀ ਕੰਮ ਕਰੇ ਘਰ ਦਾ, ਰੋਟੀ ਖਾ ਕੇ ਭਾਂਡੇ ਮੰਜੇ ਥੱਲੇ ਰੇੜ ਦਿੰਦੀ।"

"ਜ਼ੋਰੂ ਦਾ ਗੁਲਾਮ ਬਣਿਆ ਫਿਰਦਾ"

ਵੱਡਾ ਭਰਾ ਕੰਨਾਂ ਚ ਪਿਆ ਸੇਕ ਜ਼ੁਬਾਨ ਰਾਹੀਂ ਬਾਹਰ ਕੱਢਦਾ ਤੇ ਮਾਂ ਦਾ ਸੀਨਾ ਸਾੜਦਾ।

"ਉਹਨੇ ਮਾਸ ਮੱਛੀ ਖਾਣਾ, ਏਥੇ ਲੱਭਣਾ ਨਹੀਂ, ਕੱਲ੍ਹ ਸਾਗ ਬਣਾਇਆ, ਖਾਧਾ ਨਹੀਂ, ਅਖੇ ਹਮਨੇ ਨਹੀਂ ਕਭੀ ਖਾਇਆ ਨਾ ਬਨਾਇਆ" ਭਰਜਾਈ ਵੀ ਸਾਂਗ ਲਾ ਕੇ ਤੀਰ ਸੱਸ ਵੱਲ ਛੱਡਦੀ।

ਤੇ ਉਹ ਚੁੱਪ ਸੁਣਦੀ ਰਹਿੰਦੀ, ਬੱਸ ਏਨਾ ਹੀ ਕਹਿੰਦੀ, "ਮੇਰੇ ਕੀ ਵੱਸ, ਜਾਂ ਤਾਂ ਉਦੋਂ ਜ਼ੋਰ ਨਾਲ ਪੈਂਦੇ ਸਾਰੇ,ਪਈ ਇਹ ਕੰਮ ਨਹੀਂ ਹੋਣ ਦੇਣਾ। ਉਦੋਂ ਤੇ ਤਮਾਸ਼ਾ ਵੇਖਿਆ ਤੇ ਹੜਿੱਚਾਂ ਕਰਦੇ ਸੀ ਸਾਰੇ। ਕਿਸੇ ਨਾ ਤਨੋਂ ਮਨੋਂ ਸਾਥ ਦਿੱਤਾ ਮੇਰਾ। ਲੋਕ ਘਰਾਣੇ ਟਿਕਾਣੇ ਵਿੰਹਦੇ ਰਿਸ਼ਤੇ ਕਰਨ ਲੱਗਿਆਂ, ਅਸੀਂ ਕੁਝ ਨਾ ਵੇਖਿਆ।" ਮਮੀ ਦਾ ਹੌਕਾ ਨਿਕਲ ਜਾਂਦਾ।

"ਇਹਨੂੰ ਬੇਦਖ਼ਲ ਕਰਦਿਓ, ਇਹ ਤੇ ਹੈਗਾ ਨਾ ਤੁਹਾਡੇ ਵੱਸ 'ਚ।

ਮੁਸਲਮਾਨ ਬਣ ਕੇ ਵਿਆਹ ਕਰਾਇਆ ਇਹਨੇ। ਓਹ !! ਵਿਆਹ ਕਹਿ ਤਾ, ਨਿਕਾਹ ਕਰਾਇਆ। ਗੁਰੂਆਂ ਨੇ ਏਨੀਆਂ ਕੁਰਬਾਨੀਆਂ ਕੀਤੀਆਂ ਸਿੱਖੀ ਨੂੰ ਬਚਾਉਣ ਲਈ ਤੇ ਇਹ ਮੁਸਲਾ ਬਣ ਗਿਆ।"

"ਨਹੀਂ ਬਣਿਆ ਮੁਸਲਮਾਨ" ਮਾਂ ਫੇਰ ਤਸੱਲੀ ਰੱਖਦੀ।

"ਮੈਂ ਸਾਰਾ ਪਤਾ ਕੀਤਾ, ਓਦਾਂ ਹੋ ਹੀ ਨਹੀਂ ਸਕਦਾ ਨਿਕਾਹ।ਨਿਕਾਹ ਦੀ ਸ਼ਰਤ ਆ, ਕਬੂਲ ਨਹੀਂ ਹੁੰਦਾ ਉਂਝ, ਉਹਦੇ ਚਾਚੇ ਮਾਰ ਨਾ ਦਿੰਦੇ ਇਹਨੂੰ ਉਥੇ ਹੀ, ਸਰਦਾਰ ਨਾਲ ਵਿਆਹ।"

"ਚੱਲ ਇਹ ਕਿਧਰ ਦਾ ਸਿੰਘ ਆ, ਵਾਲ ਇਹਦੇ ਕੱਟੇ" ਵੱਡਾ ਭਰਾ ਆਪਣੀ ਥਾਂ ਸੱਚਾ ਸੀ।

"ਭਾਵੇਂ ਸੌ ਵਾਰੀ ਕੱਟੇ ਹੋਣ, ਸਿੰਘ ਹੀ ਰਹਿਣਾ ਬਲਦੀਪ ਸਿੰਘ"

ਮਾਂ ਵੀ ਆਪਣੀ ਥਾਂ ਸੱਚੀ ਸੀ ਤੇ ਮੂੰਹ ਭਰ ਕੇ ਬਲਦੀਪ ਸਿੰਘ ਆਖਦੀ।

"ਉਹ ਤੇ ਇਹਦੇ ਚਾਚਿਆਂ ਤਾਇਆਂ ਨੂੰ ਵਿਖਾਉਣ ਨੂੰ ਮੌਲਵੀ ਸਾਹਮਣੇ ਕਬੂਲ ਕਰਾਇਆ, ਵਿਆਹ ਤੇ ਕਚਹਿਰੀ ਜਾ ਕੇ ਹੋਇਆ।" ਮਾਂ ਵਿਆਹ ਈ ਆਖਦੀ। ਕਦੀ ਨਿਕਾਹ ਨਾ ਆਖਦੀ।

ਨਾਜ਼ਨਾ ਦਾ ਜਦੋਂ ਬਾਪ ਮਰ ਗਿਆ। ਬਾਪ ਦੇ ਅਫ਼ਸੋਸ ਨਾਲ ਖੌਫ਼ ਵੀ ਸੀ ਕਿ ਹੁਣ ਇਹਦੀ ਮਾਂ ਕਿਤੇ ਸਾਡੇ ਪੱਲੇ ਨਾ ਪੈ ਜਾਵੇ। ਪੱਲੇ ਤੇ ਪੈਣਾ ਈ ਸੀ । ਨਾਜ਼ਨਾ ਦਾ ਕੋਈ ਹੋਰ ਭੈਣ ਭਰਾ ਜੁ ਨਹੀਂ ਸੀ।

"ਐਵੇਂ ਤਾਂ ਨਹੀਂ ਲੋਕ ਖਾਨਦਾਨ ਵੇਂਹਦੇ, ਐਨੀ ਕੌਂਸ਼ ਆਉਂਦੀ ਮੈਨੂੰ, ਤੰਬਾਕੂ ਚੱਬਦੀ, ਕਿੱਦਾਂ ਖਾਈਏ ਇਹਦੇ ਲਾਗੇ ਬਹਿ ਕੇ। ਨਾ ਬੋਲਣ 'ਚ ਬਰਕਤ ਨਾ ਪਹਿਨਣ ਦਾ ਚੱਜ" ਮੰਮੀ ਆਪਣੀ ਲੇਸ ਵਾਲੀ ਚੁੰਨੀ ਦੀ ਬੁੱਕਲ ਸਵਾਰਦੀ ਬੋਲਦੀ।

ਇਹ ਰਿਸ਼ਤੇ ਤਾਂ ਫੁੱਲਾਂ ਦੀ ਵਾਸ਼ਨਾ ਹੁੰਦੇ। ਕਦੇ ਮੈਂ ਕੁੜਮਣੀ ਬਣ ਇਹਦੇ ਸਹੁਰੇ ਜਾਂਦੀ, ਮਾਣ ਤਾਣ ਕਰਾਉਂਦੀ। ਕਿਤੇ ਕੁੜਮਣੀ ਨਾਲ ਬਹਿ ਕੇ ਮੈਂ ਪੁੱਤ ਦਾ ਮਾਣ ਕਰਦੀ, ਕੋਈ ਸਿਫਤ ਸੁਣਦੀ। ਪਰ ਕਰਮ ਨਹੀਂ ਕੀਤੇ ਮੈਂ ਮਾਣ ਕਰਾਉਣ ਵਾਲੇ। ਮਾਣ ਕੀ ਮੇਰਾ ਤੇ

ਤਾਣ ਤੋੜ ਸੁੱਟਿਆ ਇਸ ਬਲਦੀਪ ਸਿੰਘ ਨੇ, "ਅਖੇ ਫੇਰ ਨਾ ਆਖਿਓ ਨਸ਼ੇ ਕਰਨ ਲੱਗ ਪਿਆ" ਦੁੱਧ ਦਹੀਂ ਖਵਾਲ ਖਵਾਲ ਜਵਾਨ ਕੀਤਾ ਪੁੱਤ ਮੈਨੂੰ ਨਸ਼ੇ ਕਰਨ ਦੀ ਧਮਕੀ ਦੇ ਗਿਆ। ਕਾਹਦਾ ਇਹ ਬਲਦੀਪ ਸਿੰਘ, ਮੈਂ ਤੇ ਨਾਂ ਰੱਖਣ ਦੀ ਚੋਰ ਹੋਈ। ਮੈਨੂੰ ਤੇ ਨਿਰਬਲ ਕਰ ਸੁੱਟਿਆ ਇਸ ਬਲਦੀਪ ਨੇ, ਸਗੋਂ ਹਿੱਕ ਤੇ ਬਲਣ ਲੱਗ ਪਿਆ ਇਹ 'ਦੀਪ'। ਜਵਾਨੀ 'ਚ ਸੌ ਗੱਲਬਾਤ ਹੋ ਜਾਂਦੀ, ਵਿਆਹ ਈ ਕਰਾਉਣ ਥੋੜ੍ਹਾ ਤੁਰ ਪਈਦਾ। ਮਾਂ ਡੂੰਘੇ ਪਛਤਾਵਿਆਂ 'ਚੋਂ ਬੋਲਦੀ।

ਮਾਂ ਦੀ ਤਕਲੀਫ਼ ਉਦੋਂ ਭਾਵੇਂ ਨਹੀਂ ਦਿਸਦੀ ਸੀ ਪਰ ਅੱਜ ਜ਼ਰੂਰ ਮਹਿਸੂਸ ਕਰਦਾ ਹਾਂ।

ਗੱਲ ਦੋਵੀਂ ਧਿਰੀਂ ਸੀ, "ਅਰੇ ਟਿਕਟ ਕਰਾਦੇ ਮੇਰੀ, ਜਹਾਂ ਨਹੀ ਦਿਲ ਮਾਨਤਾ, ਅਪਨੀ ਮਾਂ ਕੇ ਸਾਥ ਰਹੂੰਗੀ" ਸਰਦਾਰਾਂ ਦੇ ਘਰ ਮੇਰੀ ਸੱਸ ਦਾ ਵੀ ਸੂਤ ਨਹੀਂ ਆਉਂਦਾ ਸੀ।

ਉਹਦੇ ਜਾਣ ਪਿੱਛੋਂ ਮਮੀ ਹੌਲਾ ਫੁੱਲ ਮਹਿਸੂਸ ਕਰਦੀ।

ਤੇ ਕੁਝ ਚਿਰ ਮਗਰੋਂ ਜਦੋਂ ਨਾਜ਼ਨਾ ਦੀ ਨਾਨੀ ਵੀ ਮਰ ਗਈ ਤੇ ਮੇਰੀ ਸੱਸ ਵਾਲੀ ਤਲਵਾਰ ਫੇਰ ਲਟਕਣ ਲੱਗ ਪਈ। ਨਾਜ਼ਨਾ ਲਈ ਵੀ ਔਖਾ ਸੀ, "ਅਗਰ ਭਾਈ ਹੋਤਾ, ਚਾਹੇ ਕੈਸਾ ਭੀ ਹੋਤਾ, ਉਸਕੇ ਪਾਸ ਨਹੀਂ ਤੋ ਆਸ ਪਾਸ ਹੀ ਰਹਿਤੀ।"

ਅੱਜ ਮਮੀ ਵੀ ਮਹਿਸੂਸ ਕਰ ਰਹੀ ਸੀ ਕਿ ਪੁੱਤਰ ਮਿੱਠੜੇ ਮੇਵੇ ਕਿਉਂ ਨੇ।

ਅੰਦਰੇ ਅੰਦਰ ਮਮੀ ਔਖੀ ਬੜੀ ਸੀ। ਨਾਜ਼ਨਾ ਦੇ ਰਹਿਣ ਸਹਿਣ ਤੇ ਨਿੱਤ ਦੇ ਵਿਹਾਰ ਤੋਂ।

ਇਕ ਦਿਨ ਮੈਨੂੰ ਕਹਿਣ ਲੱਗੀ, "ਕੱਲ੍ਹ ਇਹਨੇ ਪਤਾ ਨਹੀਂ ਕਿਥੋਂ ਕੁਰਾਨ ਮੰਗਾਈ ਆ।

ਕੁਰਾਨ ਪੜ੍ਹਦੀ ਮੈਨੂੰ ਵੇਖ ਵੇਖ"

"ਪੜ੍ਹਦੀ ਰਹਿਣ ਦੇ ਤੁਹਾਡਾ ਕੀ ਜਾਂਦਾ।ਉਹ ਵੀ ਤਾਂ ਗਈ ਸੀ ਗੁਰਦੁਆਰੇ ਤੁਹਾਡੇ ਨਾਲ।"

"ਉਹ ਕੋਈ ਸ਼ਰਧਾ ਨਾਲ ਨਹੀਂ ਗਈ,ਉਹ ਤੇ ਘੁੰਮਣ ਫਿਰਨ ਦੀ ਥਾਂ ਸਮਝ ਕੇ ਗਈ।"

"ਆਹੋ ਗਈ ਇਥੇ ਘੁੰਮਣ ਫਿਰਨ ਦੀ ਥਾਂ ਸਮਝ ਕੇ। ਐਵੇਂ ਨਾ ਬਹੁਤਾ ਸੋਚਿਆ ਕਰੋ।"

"ਮੈਂ ਤੈਨੂੰ ਕਿੱਦਾਂ ਸਮਝਾਵਾਂ, ਮੈਨੂੰ ਪਤਾ ਵਾ ਨਾ। ਏਨੇ ਓਥੇ ਮੱਥਾ ਨਹੀਂ ਟੇਕਿਆ।"

ਮਾਂ ਆਪਣੀ ਥਾਂ ਸੌ ਪ੍ਰਤੀਸ਼ਤ ਸੱਚੀ ਸੀ ।

"ਤਹਾਨੂੰ ਬੜੀ ਸ਼ਰਧਾ ਗੁਰਦੁਆਰੇ ਦੀ ਜਿੱਦਾਂ ਸਾਰਾ ਟੱਬਰ ਉੱਠਦਿਆਂ ਜਪੁਜੀ ਸਾਹਬ ਪੜ੍ਹਦਾ।" ਮੇਰੇ ਮੂੰਹੋਂ ਕੁਸੈਲੀ ਗੱਲ ਸੁਣ ਕੇ ਮਾਂ ਇਕ ਵਾਰ ਫੇਰ ਹਾਰ ਗਈ, ਢੱਠ ਗਈ।

"ਕਿੱਥੇ ਕਮੀ ਰਹਿ ਗਈ ਮਾਲਕਾ, ਇਹ ਤਾਂ ਕਦੀ ਸੋਚਿਆ ਨਹੀਂ ਸੀ। ਇਹ ਤਾਂ ਕਹਿਣੇਕਾਰ ਸੀ ਮੇਰਾ।

ਮੇਰੀ ਗੱਲ ਸੁਣ ਬਲਦੀਪ, ਤੈਨੂੰ ਮੈਂ ਕਿੰਨੀ ਵਾਰ ਕਿਹਾ ਪਈ, ਇਹਦੇ ਨਾਂ ਨਾਲੋਂ ਖਾਨ ਲੁਹਾਦੇ , ਤੂੰ ਸਗੋਂ ਈ ਨਵੇਂ ਕਾਗਜ਼ਾਂ ਵਿੱਚ ਵੀ ਲਿਖਾਈ ਜਾਨਾਂ।"

"ਕਿਹੜੇ ਨਵੇਂ ਕਾਗਜ਼?"

"ਆਹ ਜਿਹੜਾ ਤੇਰੇ ਕਾਕੇ ਦੇ ਸਕੂਲ ਦਾ ਆਈ ਕਾਰਡ ਗਲ 'ਚ ਪਾਇਆ, ਓਥੇ ਵੀ ਨਾਜ਼ਨਾ ਖਾਨ ਲਿਖਿਆ।"

ਪੁੱਤ ਸਿੰਘ, ਪਿਓ ਸਿੰਘ ਤੇ ਮਾਂ ਖ਼ਾਨ।

ਜੇ ਤੂੰ ਲਸੰਸ ਬਣਾਇਆ, ਓਥੇ ਨਹੀਂ ਬਦਲਿਆ, ਨਾ ਤੂੰ ਅਧਾਰ ਕਾਰਡ ਤੇ ਬਦਲਿਆ।

ਵੇਖ ਪੁੱਤ! ਇਹ ਕਿਤੇ ਅਨੋਖੀ ਤਾਂ ਨਹੀਂ ਆਈ । ਏਨੇ ਸਾਲ ਹੋਗੇ,ਨਾ ਇਹਨੂੰ ਕਿਸੇ ਨਾਲ ਪਿਆਰ ਮੁਹੱਬਤ, ਨਾ ਘਰ ਦੀ ਜ਼ਿੰਮੇਵਾਰੀ। ਜੇ ਅਸੀਂ ਕਬੂਲ ਕਰ ਈ ਲਿਆ ਤੇ ਇਹ ਵੀ ਢਲ ਜਾਵੇ।ਘਰ ਨੂੰ ਬੰਨ੍ਹੇ। ਚੱਲ ਓਹ ਜਾਣੇ, ਤੇਰੇ ਪਿੱਛੇ ਮਨ ਨੂੰ ਸਮਝਾ ਲਿਆ ਪਈ ਜੋ ਮਾਲਕ ਦੀ ਰਜ਼ਾ। ਇਹ ਵੀ ਸਾਡੇ ਰੰਗ 'ਚ ਰੰਗ ਜਾਵੇ ਹੁਣ। ਜੇ ਮੈਂ ਇਹਨੂੰ ਕਿਹਾ ਕਿ ਹੁਣ ਪੰਜਾਬੀ ਬੋਲਣੀ ਸਿੱਖ, ਤਾਂ ਨਹੀਂ ਕੋਸ਼ਿਸ਼ ਕਰਦੀ। ਮੈਨੂੰ ਤੇ ਗੱਲ ਕਰਨ ਦਾ ਵੀ ਸਵਾਦ ਨਹੀਂ ਆਉਂਦਾ।

ਪਰ ਉਹ ਵੀ ਕੀ ਕਰੇ ਵਿਚਾਰੀ, ਕੱਲ੍ਹ ਕਹਿੰਦੀ, "ਯੇ ਬਰਤਨ ਉਠਾ ਲੂੰ?" ਤੇ ਮੈਂ ਕਿਹਾ, ਕਹਿ, "ਭਾਂਡੇ ਚੁੱਕ ਲਵਾਂ?"

ਤੇ ਉਹ 'ਪਾਂਡੇ' ਬੋਲਦੀ। ਬੰਦੇ ਨਹੀਂ ਮਾੜੇ ਹੁੰਦੇ ਬਲਦੀਪ ਸਿੰਹਾਂ, ਬੱਸ ਰੈਅ ਨਹੀਂ ਰਲਦੀ।ਤੇ ਰਿਸ਼ਤੇ ਰੈਅ ਤੋਂ ਬਿਨਾਂ ਬੇਸੁਆਦੇ ਜਿਹੇ ਬਣ ਜਾਂਦੇ।

ਉਹ ਤੇਰੇ ਮਾਮਿਆਂ ਦੇ ਰਿਸ਼ਤੇਦਾਰਾਂ 'ਚ ਆਈ ਬਾਹਮਣਾਂ ਦੀ ਧੀ,ਉਹ ਜਾਪਦਾ ਈ ਨਹੀਂ ਮਾਸਾ ਪਈ, ਕੋਈ ਹੋਰ ਆ, ਜਿਵੇਂ ਉਹ ਕਹਿੰਦੇ ਓਦਾਂ ਹੀ ਸਭ ਕਰਦੀ। ਓਹਨਾਂ ਆਖਿਆ, ਅਸੀਂ ਨਹੀਂ ਰਖਾਉਣਾ ਵਰਤ, ਤੇ ਓਸ ਕੁੜੀ ਕੋਈ ਉਜਰ ਨਾ ਕੀਤਾ।ਤੇ ਤੂੰ ਆਪੇ ਈ ਸਭ ਕੁਝ ਕਬੂਲ ਕਰੀਂ ਬੈਠਾ।"

ਮੈਂ ਅੱਗੇ ਈ ਪ੍ਰੇਸ਼ਾਨ ਸਾਂ। ਉੱਤੋਂ ਇਹ ਜਾਤ ਧਰਮ ਦੀ ਉਲਝਣ ਜਿਹੜੀ ਕਦੇ ਵੀ ਨਹੀਂ ਸੁਲਝਣੀ ।

ਨਾ ਹੀ ਕਦੇ ਮਾਂ ਦੇ ਕਾਲਜੇ ਠੰਢ ਪੈਣੀ,ਨਾ ਮੇਰਾ ਖਰੂਦ ਸ਼ਾਂਤ ਹੋਣਾ। ਅਸੀਂ ਸਾਰੇ ਸਭ ਕੁਝ ਜਿਵੇਂ ਹੈ ਉਵੇਂ ਹੀ ਕਬੂਲ ਕਿਉਂ ਨਹੀਂ ਕਰ ਲੈਂਦੇ? ਜਾਤ,ਧਰਮ, ਖਾਨ, ਪੰਜਾਬੀ, ਲਫ਼ਜ਼ ਤੇ ਅਨੇਕਾਂ ਸਵਾਲ ਮਾਂ ਵੱਲੋਂ ਕੀਤੇ ਤੇ ਕੁਝ ਮੇਰੇ ਆਪਣੇ ਆਪ ਨੂੰ ਪੁੱਛੇ ਹੋਏ, ਮੇਰੇ ਸਿਰ ਵਿੱਚ ਘੁੰਮ ਘੁੰਮ ਦਿਮਾਗ ਨੂੰ ਗੁੰਮ ਜਿਹਾ ਕਰੀ ਜਾਂਦੇ ਤੇ ਅੱਜ ਅੱਖਾਂ ਵੀ ਭਰ ਆਈਆਂ ਮਾਂ ਦੀ ਬੇਵਸੀ ਵੇਖ ਕੇ। ਪਿਓ ਦੀ ਜ਼ਿੰਦਗੀ 'ਚ ਗੈਰ ਹਾਜ਼ਰੀ ਵੇਖ ਕੇ। ਨਿੱਤ ਤਰਲੇ ਭਰੀਆਂ ਸ਼ਿਕਾਇਤਾਂ ਲਾਉਂਦੀ ਮਾਂ ਮੇਰੇ ਦਿਲ ਨੂੰ ਕਮਜ਼ੋਰ ਕਰਦੀ। ਮੈਨੂੰ ਪਤਾ ਮੈਂ ਉਹਦਾ ਮਾਣ ਤੋੜਿਆ ਤੇ ਮੇਰਾ ਰੋਜ਼ ਹੁਣ ਤਾਣ ਟੁੱਟਦਾ। ਮੈਂ ਕਿੱਦਾਂ ਹੱਕ ਜਮਾਉਨਾ ਆਪਣੇ ਨਿਆਣਿਆਂ 'ਤੇ। ਫੇਰ ਮੈਂ ਕਿਉਂ ਖੋਹਿਆ ਹੱਕ ਉਹਦੇ ਚਾਵਾਂ ਦਾ, ਉਹਦੇ ਵਿਸ਼ਵਾਸ ਦਾ। ਮੈਂ ਜ਼ੋਰ ਦੀ ਆਪਣੇ ਕੱਟੇ ਵਾਲਾਂ ਵਿੱਚ ਸਖ਼ਤ ਉਂਗਲਾਂ ਫੇਰਦਾ ਹਾਂ ਤੇ ਫੇਰ ਵਾਲਾਂ ਨੂੰ ਹੱਥ ਵਿੱਚ ਫੜਕੇ ਜੋਰ ਦੀ ਪੁੱਟਦਾ ਹਾਂ ਸ਼ਾਇਦ ਸੁੰਨ ਜਿਹਾ ਹੋਇਆ ਦਿਮਾਗ ਖੁੱਲ੍ਹ ਜਾਵੇ ।

ਮੈਨੂੰ ਲੱਗਿਆ ਜਿਵੇਂ ਨਾਜ਼ਨਾ ਵੀ ਵੇਲ ਵਾਂਗ ਮੈਨੂੰ ਚਿੰਬੜ ਗਈ ਹੈ। ਮੇਰੀ ਸੁਰਤ ਭੁਲਾ ਦਿੱਤੀ ਹੈ।

ਮਨ ਦੇ ਖਰੂਦ ਨੂੰ ਸ਼ਾਂਤ ਕਰਨ ਲਈ ਦੋ ਕੁ ਮਿੰਟ ਚੁੱਪ ਰਹਿਣ ਪਿੱਛੋਂ ਮਮੀ ਦੀ ਗੱਲ ਵੱਲ ਬਿਨਾਂ ਧਿਆਨ ਦਿੱਤੇ ਉੱਠ ਤੁਰ ਪਿਆ।

ਮਾਂ ਅਵਾਕ ਜਿਹੀ ਹੋਈ ਜਿਵੇਂ ਕਹਿ ਰਹੀ ਹੋਵੇ, "ਕਬੂਲ ਹੈ, ਕਬੂਲ ਹੈ, ਕਬੂਲ ਹੈ।" ਕਬੂਲ 'ਚ ਹੀ ਸਕੂਨ ਹੈ।

# ਪ੍ਰਾਚੀਨ ਭਾਰਤ ’ਚ ਰਾਜਨੀਤਕ ਹਿੰਸਾ : ਇਕ ਪਰਿਪੇਖ

**-ਮਨਮੋਹਨ**

ਸਟੇਟ ਨੂੰ ਹਿੰਸਾ ਵਿਰਾਸਤ ‘ਚ ਮਿਲਦੀ ਹੈ। ਰਾਜਨੀਤਕ ਵਿਚਾਰਧਾਰਾ ਦਾ ਮੁੱਖ ਕੰਮ ਹੁੰਦੈ ਕਿ ਸਟੇਟ ਦੀ ਹਿੰਸਾ ਨੂੰ ਆਮ ਅਤੇ ਖ਼ਾਸ ਦੋਹਾਂ ਰੂਪਾਂ ਰਾਹੀਂ ਨਿਆਉਚਿਤ ਠਹਿਰਾਏ। ਇਸਨੂੰ ਜ਼ਰੂਰੀ ਅਤੇ ਸਹੀ ਸ਼ਕਤੀ ਵਜੋਂ ਪੇਸ਼ ਕਰੇ। ਜੋ ਸਟੇਟ ਦੀ ਨਜ਼ਰ ‘ਚ ਨਿਆਉਚਿਤ ਹੈ ਉਹ ਉਨ੍ਹਾਂ ਲਈ ਗ਼ੈਰਉਚਿਤ ਹੋਵੇ ਜਿਨ੍ਹਾਂ ਵਿਰੁਧ ਇਹ ਹਿੰਸਾ ਇਸਤੇਮਾਲ ਹੋ ਰਹੀ ਹੈ। ਪੁਰਾਤਨ ਭਾਰਤ ਵਿਚ ਸਟੇਟ ਦੀ ਹਿੰਸਾ ਦੇ ਵਿਰੋਧ ਅਤੇ ਸ਼ਿਕਾਰ ਹੋਣ ਵਾਲਿਆਂ ਦੇ ਬਹੁਤ ਹੀ ਘੱਟ ਇਤਿਹਾਸਕ ਦਸਤਾਵੇਜ਼ ਮਿਲਦੇ ਹਨ। ਇਸੇ ਲਈ ਇਸ ਹਿੰਸਾ ਦਾ ਕੋਈ ਉਲਟ-ਬਿਰਤਾਂਤ ਵੀ ਨਹੀਂ ਮਿਲਦਾ। ਇਸ ਲਈ ਜ਼ਰੂਰੀ ਬਲ ਪ੍ਰਯੋਗ ਕਰਨ ਅਤੇ ਹਿੰਸਾ ਵਿਚਕਾਰ ਕੋਈ ਫਰਕ ਇਸ ਗੱਲ ‘ਤੇ ਨਿਰਭਰ ਕਰਦਾ ਹੈ ਕਿ ਇਸਨੂੰ ਕਿਸ ਧਿਰ ਦੇ ਦ੍ਰਿਸ਼ਟੀਕੋਣ ਤੋਂ ਦੇਖਿਆ ਜਾ ਰਿਹਾ ਹੈ। ਇਥੋਂ ਤੱਕ ਕੇ ਸਟੇਟ ਦੇ ਪਰਿਪੇਖ ਵੀ ਇਸਦਾ ਦਾ ਸੰਗਿਆਨ ਲੈਂਦੇ ਹਨ ਕਿ ਇਨ੍ਹਾਂ ਦੀਆਂ ਸੀਮਾਵਾਂ ਅਤੇ ਇਸ ਨਾਲ ਜੁੜੀਆਂ ਕਠਿਨਾਈਆਂ ਨੂੰ ਪਰਿਭਾਸ਼ਿਤ ਕੀਤਾ ਜਾਣਾ ਚਾਹੀਦਾ ਹੈ।

ਪ੍ਰਸਿੱਧ ਇਤਿਹਾਸਕਾਰ ਉਪਿੰਦਰ ਸਿੰਘ ਆਪਣੀ ਕਿਤਾਬ ‘Political Voilence in Ancient India’ ਵਿਚ ਲਿਖਦੀ ਹੈ ਕਿ ਦਰਅਸਲ ਹਿੰਸਾ ਦੀ ਸਮੱਸਿਆ ਜਿਸ ‘ਚ ਰਾਜਨੀਤਕ ਹਿੰਸਾ ਵੀ ਸ਼ਾਮਿਲ ਹੈ, ਬਾਰੇ ਕਈ ਪੁਰਾਤਨ ਗ੍ਰੰਥਾਂ ‘ਚ ਚਰਚਾ ਮਿਲਦਾ ਹੈ ਕਿ ਭਾਰਤ ‘ਚ ਨੈਤਿਕ ਦਰਸ਼ਨ ਦੀ ਪਰੰਪਰਾ ਨਹੀਂ ਰਹੀ ਹੈ। ਰਾਜਨੀਤਕ-ਨੈਤਿਕ ਮਸਲਿਆਂ ਦੇ ਦਾਰਸ਼ਕੀਕਰਨ ਦੀ ਪ੍ਰਵਿਰਤੀ ਦਾ ਪ੍ਰਤੱਖ ਪ੍ਰਦਰਸ਼ਨ ਮਹਾਭਾਰਤ ’ਚ ਹੋਣ ਦੇ ਨਾਲ ਹੋਰ ਵੀ ਕਈ ਥਾਈਂ ਮਿਲਦਾ ਹੈ। ਇਹ ਸਾਰਾ ਪ੍ਰਵਚਨ ਬਾਰ ਬਾਰ ਪਰਾਭੌਤਿਕਤਾ ਦੀ ਧਰਾਤਲ ‘ਤੇ ਖੜ੍ਹੇ ਵਿਚਾਰਾਂ ਜਿਵੇਂ ਗੁਣ-ਅਵਗੁਣ, ਪਾਪ ਅਤੇ ਪੁੰਨ, ਚੰਗਾ ਅਤੇ ਬੁਰਾ, ਕਰਮ ਅਤੇ ਪੁਨਰਜਨਮ ਦੇ ਰੂਪ ਵਿਚ ਮਿਲਦਾ ਹੈ। ਪਰਾਭੌਤਿਕੀਕਰਣ ਭਾਰਤੀ ਰਾਜਨੀਤਕ ਵਿਚਾਰ ‘ਚ ਕੋਈ ਵਚਿੱਤਰ ਵਰਤਾਰਾ ਨਹੀਂ। ਅਫ਼ਲਾਤੂਨ ਦੇ ਵਿਚਾਰਾਂ ‘ਚ ਵੀ ਰਾਜਨੀਤੀ, ਨੈਤਿਕਤਾ ਅਤੇ ਪਰਾਭੌਤਿਕਤਾ ਨੂੰ ਆਪਸ ‘ਚ ਜੋੜ ਕੇ ਦੇਖਿਆ ਗਿਆ ਹੈ। ਦਰਅਸਲ ਭਾਰਤੀ ਪਰੰਪਰਾ ਨਿਰਪੇਖ ਨੈਤਿਕਤਾ ਦੇ ਨਾਲ ਨਾਲ ਪ੍ਰਸੰਗਕ ਅਤੇ ਹਸਤਾਖੇਪੀ ਦੋਹਾਂ ਦਾ ਸੰਗਿਆਨ ਲੈਂਦੀ ਹੈ। ਅਫ਼ਲਾਤੂਨ ਨੈਤਿਕ ਸਿਧਾਂਤਾਂ ਨੂੰ ਵਸਤੂਗਤ ਅਤੇ ਅਪਰਵਰਤਨੀ ਮੰਨਦਾ ਹੈ ਜਦਕਿ ਅਰਸਤੂ ਦਾ ਵਿਚਾਰ ਹੈ ਕਿ ਨੈਤਿਕ ਮਾਨਤਾਵਾਂ ਨੂੰ ਵੀ ਪ੍ਰਸੰਗਿਕਤਾ ਦੇਣੀ ਪਵੇਗੀ। ਸ਼ਾਇਦ ਭਾਰਤੀ ਪਰੰਪਰਾ ਦੀ ਵਿਲੱਖਣਤਾ ਹੈ ਕਿ ਇਹ ਸਮਾਂਨਾਤਰ ਰੂਪ ‘ਚ ਦੋਹਾਂ ਤਰ੍ਹਾਂ ਦੀ ਨੈਤਿਕਤਾ ਨੂੰ ਸਵਿਕਾਰ ਕਰਦੀ ਹੋਈ ਇਨ੍ਹਾਂ ਵਿਚਲੇ ਟਕਰਾਵਾਂ ਅਤੇ ਤਣਾਵਾਂ ‘ਤੇ ਚਰਚਾ ਕਰਦੀ ਹੈ। ਰਾਜਨੀਤਕ ਅਤੇ ਵਿਅਕਤੀਗਤ ਪੱਧਰ ‘ਤੇ ਹਿੰਸਾ ਅਤੇ ਅਹਿੰਸਾ ‘ਤੇ ਹੋਈ ਚਰਚਾ ਦੀ ਤੀਬਰਤਾ ਅਤੇ ਦੀਰਘਤਾ ਕਾਰਣ ਵੀ ਇਹ ਵਿਲੱਖਣ ਇਸ ਲਈ ਹੈ ਕਿਉਂਕਿ ਇਸ ਜਿਹੀ ਹੋਰ ਉਦਾਹਰਣ ਸੰਸਾਰ ‘ਚ ਹੋਰ ਕਿਤੇ ਨਹੀਂ ਮਿਲਦੀ।

ਭਾਰਤੀ ਰਾਜਤੰਤਰ ਦੇ ਤਿੰਨ ਪੜਾਅ ਬਣਦੇ ਹਨ; ਪਹਿਲਾ ਹੈ ਬੁਨਿਆਦੀ ਯੁੱਗ। ਇਸਦਾ ਸਮਾਂ 600 ਤੋਂ 200 ਈ ਪੂ ਦਾ ਹੈ। ਇਸ ਵਿਚ ਮਗਧ ਦੇ ਹਰਿਆਇੰਕ ਵੰਸ਼ (ਬਿੰਬੀਸਾਰ

ਅਤੇ ਅਜਾਤਸ਼ਤਰੂ), ਸ਼ੈਸ਼ੂਨਾਗ ਅਤੇ ਨੰਦ ਵੰਸ਼ ਸ਼ਾਮਿਲ ਹਨ। 327-26 ਈ ਪੂ 'ਚ ਸਿਕੰਦਰ ਦਾ ਹਮਲਾ ਹੁੰਦਾ ਹੈ। ਮੌਰਿਆ ਕਾਲ 324 ਤੋਂ 187 ਈ ਪੂ ਤੱਕ ਰਿਹਾ। ਇਸ ਵਿਚ ਚੰਦਰ ਗੁਪਤ 324 ਤੋਂ 297 ਈ ਪੂ, ਬਿੰਦੂਸਾਰ 297 ਤੋਂ 273 ਈ. ਪੂ. ਅਤੇ ਅਸ਼ੋਕ 268 ਤੋਂ 232 ਈ ਪੂ ਦਾ ਕਾਲ ਲਿਆ ਗਿਆ ਹੈ।

ਸੰਕ੍ਰਾਂਤੀ ਯੁੱਗ 200 ਈ ਪੂ ਤੋਂ ਲੈ ਕੇ 300 ਈਸਵੀ ਤੱਕ ਦਾ ਬਣਦਾ ਹੈ। ਇਸ ਵਿਚ ਸ਼ੁੰਗਾ 200 ਤੋਂ 100 ਸਦੀ ਵਿਚ ਪੁਸ਼ਿਆਮਿੱਤਰਾ ਸ਼ੁੰਗਾ ਦਾ ਰਾਜ ਮੁੱਖ ਰਿਹਾ। ਚੇਦੀ ਵੰਸ਼ ਦੇ ਮਹਾਮੇਘਾਵਹਾਨਾ ਅੰਦਰ ਖਾਰਵੇਲਾ ਵੰਸ਼ ਦਾ ਕਾਲ 100 ਈ ਪੂ ਤੋਂ 100 ਈਸਵੀ ਸ਼ਾਮਿਲ ਕੀਤਾ ਗਿਆ ਹੈ। ਇੰਡੋ-ਯੂਨਾਨੀ ਅਤੇ ਇੰਡੋ- ਬੱਕਤਰੀਆ ਰਾਜ ਦਾ ਕਾਲ 200 ਤੋਂ 100 ਈ ਪੂ ਰਿਹਾ। ਸ਼ੱਕ ਕਸ਼ਤਰੱਪਾ (ਕਰਦਮਕ ਵੀ) ਦਾ ਕਾਲ 100 ਤੋਂ 200 ਈਸਵੀ ਤੱਕ ਰਿਹਾ। ਰੁਦਰਾਮਨ ਦਾ ਕਾਲ 200 ਈਸਵੀ ਦਾ ਹੈ। ਕੁਸ਼ਾਨ ਦਾ ਕਾਲ 100 ਤੋਂ 400 ਈਸਵੀ, ਸੱਤਵਾਹਾਨ ਦਾ ਕਾਲ 100 ਤੋਂ 300 ਈਸਵੀ ਅਤੇ ਇਸ਼ਕਾਵਾਕੂ (ਵਿਜਯਪੁਰੀ) ਦਾ ਕਾਲ 300 ਤੋਂ 400 ਈਸਵੀ ਦਾ ਹੈ।

ਪ੍ਰੌਢ ਯੱਗ 300 ਤੋਂ 600 ਈਸਵੀ ਦਾ ਹੈ ਜਿਸ ਵਿਚ ਗੁਪਤ ਵੰਸ਼ ਦੇ ਚੰਦਰ ਗੁਪਤ ਪਹਿਲਾ (319-335 ਤੋਂ 350 ਈਸਵੀ), ਸਮੁੰਦਰ ਗੁਪਤ (335/350-370 ਈਸਵੀ) ਚੰਦਰ ਗੁਪਤ ਦੂਜਾ (336-413/415 ਈਸਵੀ) ਦਾ ਕਾਲ ਲਿਆ ਗਿਆ ਹੈ। ਵਾਕਾਤਾਕਾ (ਨੰਦੀਵਰਮਨ ਅਤੇ ਵੱਤਸਗੁਮਲਾ) ਵੰਸ਼ 300 ਤੋਂ 600 ਈਸਵੀ ਦਾ ਕਾਲ ਹੈ ਜਿਸ ਵਿਚ ਪਰਵਾਰਾਸੇਨਾ ਦੂਜਾ (400 ਤੋਂ 450 ਈਸਵੀ) ਪ੍ਰਭਾਵਤੀਗੁਪਤ (405 ਤੋਂ 419 ਈਸਵੀ) ਦਾ ਲਿਆ ਗਿਆ ਹੈ। ਹੂਣਾਂ ਨੇ ਪੰਜਵੀਂ ਤੋਂ ਛੇਵੀਂ ਸਦੀ ਰਾਜ ਕੀਤਾ ਜਿਸ ਵਿਚ ਤੋਰਾਮਨ ਅਤੇ ਮਿਹਰਕੁਲ ਦਾ ਰਾਜ ਕਾਲ ਸ਼ਾਮਿਲ ਹੈ।

ਜਿਨ੍ਹਾਂ ਲਿਖਤਾਂ ਅਤੇ ਸਰੋਤਾਂ ਨੂੰ ਇਸ ਅਧਿਐਨ ਦਾ ਆਧਾਰ ਬਣਾਇਆ ਹੈ ਉਹ ਇਸ ਪ੍ਰਕਾਰ ਹਨ;

'ਬੋਧੀ ਤ੍ਰਿਪਿਟਕਾ' ਪੰਜਵੀ ਤੋਂ ਤੀਜੀ ਸਦੀ ਈਸਾ ਪੂਰਵ। 'ਮਹਾਭਾਰਤ' ਤੇ 'ਰਾਮਾਇਣ' ਚੌਥੀ ਸਦੀ ਈਸਾ ਪੂਰਵ ਤੋਂ ਚੌਥੀ ਸਦੀ ਈਸਵੀ ਤੱਕ। 'ਅਰਥਸ਼ਾਸਤਰ' ਤੀਜੀ ਸਦੀ ਈਸਾ ਪੂਰਵ ਤੋਂ ਦੂਜੀ ਸਦੀ ਈਸਵੀ ਤੱਕ। 'ਮਨੂਸਿਮਰਤੀ' ਦੂਜੀ ਸਦੀ ਈਸਾ ਪੂਰਵ ਤੋਂ ਦੂਜੀ ਸਦੀ ਈਸਵੀ ਤੱਕ। 'ਭਗਵਦਗੀਤਾ' ਦੂਜੀ ਸਦੀ ਈਸਾ ਪੂਰਵ ਤੋਂ ਦੂਜੀ ਸਦੀ ਈਸਵੀ ਤੱਕ। ਭਾਸ ਦੇ ਨਾਟਕ ਦੂਜੀ ਸਦੀ ਈਸਵੀ। ਅਸ਼ਵਘੋਸ਼ ਦਾ 'ਬੁੱਧਚਰਿਤਾ' ਪਹਿਲੀ ਤੋਂ ਦੂਜੀ ਸਦੀ ਈਸਵੀ। 'ਅਸ਼ੋਕਵਾਦਾਨ' ਦੂਜੀ ਸਦੀ ਈਸਵੀ। 'ਜਾਤਕ ਕਥਾਵਾਂ' ਤੀਜੀ ਸਦੀ ਈਸਾ ਪੂਰਵ ਤੋਂ ਤੀਜੀ ਸਦੀ ਈਸਵੀ ਤੱਕ। ਕਮੰਡਕ ਦਾ 'ਨੀਤੀਸਾਰ' ਚੌਥੀ ਸਦੀ ਤੋਂ ਸੱਤਵੀਂ ਸਦੀ ਈਸਵੀ। ਕਾਲੀਦਾਸ ਦਾ 'ਅਭਿਗਿਆਨਸ਼ਕੰਤਲਮ' ਅਤੇ 'ਰਘੂਵੰਸ਼' ਚੌਥੀ ਤੋਂ ਪੰਜਵੀਂ ਸਦੀ ਈਸਵੀ। ਵਿਸ਼ਾਖਾਦੱਤ ਦਾ 'ਮੁਦਰਾਰਾਖਸ਼ਸ' ਚੌਥੀ ਤੋਂ ਪੰਜਵੀਂ ਸਦੀ ਈਸਵੀ। 'ਪੰਚਤੰਤਰ' ਤੀਜੀ ਤੋਂ ਚੌਥੀ ਸਦੀ ਈਸਵੀ। 'ਬ੍ਰਿਹਤਸੰਹਿਤਾ' ਛੇਵੀਂ ਸਦੀ ਈਸਵੀ।

ਇਨ੍ਹਾਂ ਤਿੰਨਾਂ ਦੌਰਾਂ 'ਚ ਹੀ ਬੜੇ ਸ਼ਕਤੀਸ਼ਾਲੀ ਅਤੇ ਪ੍ਰਭਾਵਸ਼ਾਲੀ ਰਾਜਨੀਤਕ ਵਿਚਾਰ ਪੈਦਾ ਹੋਏ। ਇਹ ਵਿਚਾਰ ਰਾਜਨੀਤਕ ਹਿੰਸਾ ਦੀ ਤਕਨੀਕ ਦੇ ਮਹੱਤਵਪੂਰਣ ਅੰਗ ਸਾਬਿਤ ਸਨ। ਪਹਿਲੀਆਂ ਇਤਿਹਾਸਕ ਸਟੇਟਾਂ ਦੇ ਪੈਦਾ ਹੋਣ ਤੋਂ ਲੈ ਕੇ ਇਹ ਸਮਝ ਸਦਾ ਬਣੀ ਰਹੀ ਕਿ

ਰਾਜਾ ਕੋਈ ਮਾਮੂਲੀ ਬੰਦਾ ਨਹੀਂ ਹੁੰਦਾ। ਆਪਣੇ ਕਰਤਵਾਂ ਦੇ ਕਾਰਣ ਉਸ ਕੋਲੋਂ ਇਹ ਤਵੱਕੋ ਨਹੀਂ ਕੀਤੀ ਜਾ ਸਕਦੀ ਕਿ ਉਹ ਆਮ ਨੈਤਿਕ ਨੇਮਾਂ ਦਾ ਪਾਲਣ ਕਰੇ। ਰਾਜੇ ਦੀ ਸ਼ਕਤੀ ਅਤੇ ਹਿੰਸਾ ਨਾਲ ਵਿਸ਼ੇਸ਼ ਸਬੰਧਾਂ ਨੂੰ ਪ੍ਰਮੁੱਖ ਨਿਯੰਤਰਕ, ਪ੍ਰਬੰਧਕ ਅਤੇ ਜ਼ਰੂਰਤ ਪੈਣ 'ਤੇ ਪਾਪੀ ਕਰਮ ਕਰਨ ਵਾਲੇ ਦੇ ਰੂਪ 'ਚ ਦੇਖਿਆ ਗਿਆ। ਸਟੇਟ ਦੀ ਹਿੰਸਾ ਦੇ ਵਧਣ ਅਤੇ ਪੱਧਤੀਕਰਣ ਅਤੇ ਕਈ ਢੰਗਾਂ ਤਰੀਕਿਆਂ ਨਾਲ ਇਸਨੂੰ ਛੁਪਾਉਣ, ਅਦਿੱਖ ਬਣਾਉਣ, ਨਿਆਇਉਚਿਤ ਠਹਿਰਾਉਣ ਅਤੇ ਸੌਂਦਰਯਕ੍ਰਿਤ ਕਰਨ ਵਿਚ ਇਕ ਰਿਸ਼ਤਾ ਵੀ ਦਿਖਾਈ ਦਿੰਦਾ ਹੈ। ਰਾਜਨੀਤਕ ਵਿਚਾਰਾਂ ਨੂੰ ਉਨ੍ਹਾਂ ਦੇ ਇਤਿਹਾਸਕ ਪ੍ਰਸੰਗਾਂ, ਵਿਚਾਰਾਂ ਦੀ ਵਿਭਿੰਨਤਾ, ਕਈ ਰੂਪ ਵਿਧਾਵਾਂ 'ਚ ਸਥਿਤ ਕੀਤਾ ਜਾ ਸਕਦਾ ਹੈ। ਇਸ ਨੂੰ ਕਿਸੇ ਵਿਸ਼ੇਸ਼ ਸਮੇਂ ਦੇ ਅਨੁਸ਼ਾਸਨੀ, ਵਿਚਾਰਧਾਰਕ, ਧਾਰਮਿਕ, ਦਾਰਸ਼ਨਿਕ ਅਤੇ ਲੇਖਕੀ ਪਰਿਪੇਖ ਤੋਂ ਵੀ ਸਮਝਿਆ ਜਾ ਸਕਦਾ ਹੈ। ਕਈ ਵਾਰ ਵਿਚਾਰ ਭਵਿੱਖ ਦੀਆਂ ਘਟਨਾਵਾਂ ਦਾ ਪੂਰਵਅਨੁਮਾਨ ਲਾ ਲੈਂਦੇ ਹਨ। ਜਿਵੇਂ ਪਹਿਲੇ ਵੈਦਿਕ ਪਾਠਾਂ ਵਿਚ ਸਾਮਰਾਜ ਦਾ ਵਿਚਾਰ ਆਉਣ ਵਾਲੇ ਸਮਿਆਂ ਦੇ ਦ੍ਰਿਸ਼ 'ਤੇ ਪੈਦਾ ਹੋਣ ਵਾਲੇ ਵੱਡੇ, ਸ਼ਕਤੀਸ਼ਾਲੀ ਸਾਮਰਾਜਾਂ ਤੋਂ ਬਹੁਤ ਪਹਿਲਾਂ ਆ ਗਿਆ ਸੀ। ਇਵੇਂ ਹੀ 'ਅਰਥ ਸ਼ਾਸਤਰ' ਵਿਚ ਕੌਟਲਿਆ ਦਾ ਸਰਵਵਿਆਪਕ, ਸਰਵਸ਼ਕਤੀਮਾਨ ਸਟੇਟ ਦਾ ਵਿਚਾਰ ਆਪਣੇ ਯੁੱਗ ਤੋਂ ਬਹੁਤ ਪਹਿਲਾਂ ਹੀ ਆ ਗਿਆ ਸੀ। ਅਜਿਹੀ ਸਟੇਟ ਦੀ ਇਤਿਹਾਸਕ ਸਮਿਆਂ 'ਚ ਕੋਈ ਯਥਾਰਥਕ ਹੋਂਦ ਭਾਵੇਂ ਨਹੀਂ ਸੀ ਪਰ ਇਕ ਲੇਖਕ ਦੀ ਕਲਪਨਾ 'ਚ ਜ਼ਰੂਰ ਹਾਜ਼ਿਰ ਸੀ।

ਰਾਜੇ ਦੀ ਭੂਮਿਕਾ ਖ਼ਾਸ ਤੌਰ 'ਤੇ ਓਸ ਸਜ਼ਾ ਨਾਲ ਸਬੰਧਿਤ ਸੀ ਜੋ ਕਿਸੇ ਅਪਰਾਧ ਅਤੇ ਉਲੰਘਣ ਦੇ ਬਦਲੇ ਵਜੋਂ ਦਿੱਤੀ ਸੀ। ਰਾਜੇ ਵੱਲੋਂ ਦਿੱਤੀਆਂ ਸਜ਼ਾਵਾਂ ਸਮੇਤ ਮ੍ਰਿਤਯੂ ਦੰਡ ਨੂੰ ਹਕੂਮਤ, ਕਾਨੂੰਨ ਅਤੇ ਸ਼ਾਂਤੀ ਬਣਾਏ ਰੱਖਣ ਲਈ ਪ੍ਰਬੰਧਨ ਅਤੇ ਕਿਸੇ ਤਰ੍ਹਾਂ ਦੀ ਵੀ ਉੱਥਲ ਪੁੱਥਲ ਦੀ ਰੋਕਥਾਮ ਵਜੋਂ ਨਿਆਪੂਰਵਕ ਸਮਝਿਆ ਜਾਂਦਾ ਸੀ। ਫਿਰ ਵੀ ਸਜ਼ਾ ਦਿੰਦਿਆਂ ਕਿਤੇ ਜ਼ਿਆਦਾ ਸਖ਼ਤੀ ਨਾ ਹੋ ਜਾਵੇ, ਜਾਂ ਸਜ਼ਾ ਨਿਆਯੁਕਤ ਨਾ ਹੋਵੇ ਦੇ ਖ਼ਤਰੇ ਦਾ ਵੀ ਧਿਆਨ ਰੱਖਿਆ ਜਾਂਦਾ। ਪੁਰਾਤਨ ਯੂਨਾਨੀ ਸੋਚ ਵਾਂਗ ਸਜ਼ਾ ਨੂੰ ਭਾਰਤ 'ਚ ਸੁਧਾਰਕ ਸੰਭਾਵਨਾ ਦੇ ਵਿਚਾਰ ਵਾਂਗ ਨਹੀਂ ਸੀ ਲਿਆ ਜਾਂਦਾ। ਰਾਜੇ ਵੱਲੋਂ ਆਪਣੀਆਂ ਮੁਆਫ਼ ਕਰ ਦੇਣ ਦੀ ਸ਼ਕਤੀਆਂ ਦੇ ਪ੍ਰਯੋਗਧੀਨ ਸਮੇਂ ਸਮੇਂ ਰਸਮੀ ਤੌਰ 'ਤੇ ਕੈਦੀਆਂ ਨੂੰ ਮੁਕਤ ਕਰਨ ਦੇ ਹਵਾਲੇ ਵੀ ਮਿਲਦੇ ਹਨ। ਕਰਾਂ ਦੇ ਉਗਰਾਉਣ ਲਗਿਆਂ ਗਿਣਵੀਂ ਮਿਣਵੀਂ ਪਹੁੰਚ ਅਪਣਾਉਣ ਦੇ ਵੀ ਪ੍ਰਸੰਗ ਮਿਲਦੇ ਹਨ। ਰਾਜੇ ਵੱਲੋਂ ਪਰਜਾ ਨੂੰ ਸੁਰੱਖਿਆ ਪ੍ਰਦਾਨ ਕਰਨ ਦੇ ਸਮਝੌਤੇ ਦੇ ਬਦਲੇ ਉਨ੍ਹਾਂ ਵੱਲੋਂ ਕੀਤੇ ਉਤਪਾਦਨ ਵਿਚੋਂ ਕਰ ਦੇ ਰੂਪ ਵਸੂਲ ਕਰਦਿਆਂ ਵੀ ਬਿਨਾ ਸਖ਼ਤੀ ਕੀਤਿਆਂ ਸੰਯਮ ਵਰਤਣ ਦੀ ਚੇਤਾਵਨੀ ਦੇ ਹਵਾਲੇ ਵੀ ਮਿਲਦੇ ਹਨ।

ਜੰਗਾਂ ਯੁੱਧਾਂ 'ਚ ਬਰਬਰਤਾ, ਕਰੂਰਤਾ ਅਤੇ ਹਿੰਸਾ ਦਾ ਰੂਪਾਂਤਰਣ ਹੋਰ ਗੱਲ ਹੈ ਪਰ ਰਾਜਨੀਤਕ ਵਿਚਾਰਧਾਰਾ ਵਜੋਂ ਇਸਦਾ ਉਤਸਵ ਅਤੇ ਨਿਆਇਉਚਤਿਤਾ ਹੋਰ ਮੁੱਦਾ ਹੈ। ਮਹਾਭਾਰਤ 'ਚ ਯੁੱਧਾਂ ਬਾਰੇ ਵਿਸਤ੍ਰਿਤ ਪ੍ਰਤੀਕਰਮ ਮਿਲਦੇ ਹਨ ਜਿਸ ਵਿਚ ਜਾਇਜ਼ ਠਹਿਰਾਉਣ ਤੋਂ ਲੈ ਕੇ ਇਸ ਵਾਸਤੇ ਰੋਣ ਧੋਣ ਦੇ ਵਿਰਲਾਪ ਵੀ ਸ਼ਾਮਿਲ ਹੈ। ਐਸ਼ੋਕ ਮਹਾਨ ਇਸਨੂੰ ਰਾਜਨੀਤੀ ਦਾ ਕੁਦਰਤੀ ਪੱਖ ਮੰਨਦਾ ਹੈ। ਬ੍ਰਾਹਮਣੀ, ਬੋਧੀ ਅਤੇ ਜੈਨ ਪਰੰਪਰਾਵਾਂ ਯੁੱਧ ਕਲਾ ਦਾ ਬਹਿਸ਼ਕਾਰ ਨਹੀਂ ਕਰਦੀਆਂ ਹਨ। ਸਿਧਾਂਤਕ ਪਰਿਪੇਖ ਰਾਜਨੀਤਕ ਅਮਲ ਨਾਲ ਮੇਲ ਖਾਂਦਾ ਹੈ। ਪ੍ਰਮੁੱਖ ਜੈਨ ਰਾਜਾ ਖਾਰਾਵੇਲਾ ਨੂੰ ਜੰਗਾਂ ਯੁੱਧਾਂ ਤੋਂ ਪਰਹੇਜ਼ ਨਹੀਂ ਸੀ। ਆਦਰਸ਼ ਬੋਧੀ ਸਮਰਾਟ ਅਸ਼ੋਕ

ਨੇ ਅਹਿੰਸਾ ਦਾ ਪ੍ਰਚਾਰ ਕੀਤਾ ਅਤੇ ਜੰਗਾਂ ਯੁੱਧਾਂ ਦਾ ਤਿਆਗ ਕੀਤਾ ਪਰ ਉਸਦੀ ਬਨਵਾਸੀਆਂ ਨੂੰ ਚਿਤਾਵਨੀ ਇਸ ਦੀ ਦਿਓਤਕ ਹੈ ਕਿ ਰਾਜਨੀਤਕ ਕਾਰਜ ਮੰਡਲ ਵਿਚ ਨਿਰਪੇਖ ਸ਼ਾਂਤੀ ਸੰਭਵ ਨਹੀਂ। ਕੌਟਿਲਯ ਅਤੇ 'ਨੀਤੀਸਾਰ' ਦੇ ਕਰਤਾ ਕਮੰਡਕ ਦੀ ਮੁੱਖ ਤੌਰ 'ਤੇ ਪਹੁੰਚ ਸਾਵਧਾਨੀ ਅਤੇ ਗਿਣਵੀ ਮਿਣਵੀ ਭਾਵ ਵਿਹਾਰਕ ਸੀ। ਕਮੰਡਕ ਦੀ ਪਹੁੰਚ ਵਿਹਾਰਕ ਹੋਣ ਦੇ ਨਾਲ ਜੰਗਾਂ ਯੁੱਧਾਂ ਵਿਰੁਧ ਨੈਤਿਕ ਸੰਵੇਦਨਾ ਵਾਲੀ ਵੀ ਸੀ।

ਰਾਜ ਸੱਤਾ ਅਤੇ ਜਾਂਗਲੀਆਂ ਵਿਚਾਲੇ ਸਬੰਧਾਂ 'ਚ ਵੱਡੀ ਪੱਧਰ 'ਤੇ ਹਿੰਸਾ ਦੇ ਵਿਭਿੰਨ ਪ੍ਰਤੀਬਿੰਬ ਅਤੇ ਪ੍ਰਤੀਕਰਮ ਮਿਲਦੇ ਹਨ। ਵੱਖ ਵੱਖ ਟੈਕਸਟਾਂ 'ਚ ਜੰਗਲ ਦੇ ਕਈ ਪ੍ਰਗਟਾਅ ਹਨ ਪਰ ਰਾਜਨੀਤਕ ਪ੍ਰਤੀਉਤਰ 'ਚ ਚਾਰ ਪੱਖ ਪ੍ਰਮੁੱਖ ਹਨ ਅਤੇ ਇਨ੍ਹਾਂ ਸਾਰਿਆਂ 'ਚ ਹਿੰਸਾ ਦੀ ਸੰਭਾਵਨਾ ਨਿਹਿਤ ਹੈ। ਪਹਿਲਾ ਇਹ ਹੈ ਕਿ ਜੰਗਲ ਆਰਥਿਕ ਅਤੇ ਸੈਨਿਕ ਪੱਖ ਤੋਂ ਅਮੀਰ ਸਰੋਤ ਹੈ। ਜੰਗਲ ਨੂੰ ਰਾਜਨੀਤਕ ਵਿਰੋਧੀਆਂ ਦੇ ਦੇਸ਼ ਨਿਕਾਲੇ ਵਜੋਂ ਮਹੱਤਵਪੂਰਣ ਅਤੇ ਮਹਾਭਾਰਤ ਅਤੇ ਰਮਾਇਣ ਜਿਹੇ ਮਾਹਕਾਵਿ ਇਸਦਾ ਪ੍ਰਮਾਣ ਹਨ। ਤੀਜਾ ਹੈ ਜੰਗਲ ਰਾਜ ਪਰਿਵਾਰਾਂ ਵੱਲੋਂ ਸ਼ਿਕਾਰ ਕਰਨ ਵਾਸਤੇ ਅਨੰਤ ਸੰਭਾਵਨਾਵਾਂ ਪ੍ਰਦਾਨ ਕਰਦਾ ਹੈ। ਚੌਥਾ ਜੋ ਸੱਭ ਤੋਂ ਵੱਧ ਮਹੱਤਵਪੂਰਣ ਹੈ ਉਹ ਹੈ ਰਾਜ ਸੱਤਾ ਲਈ ਖ਼ਤਰਾ ਪੈਦਾ ਕਰਨ ਵਾਲੇ ਜੰਗਲਾਂ 'ਚ ਜਾ ਕੇ ਸ਼ਰਣ ਲੈ ਲੈਂਦੇ ਹਨ। ਇਸ ਸਬੰਧ 'ਚ ਅਸ਼ੋਕ ਦੀ ਤੇਰ੍ਹਵੀਂ Rock Edict ਜਿਸ ਵਿਚ ਬਨਵਾਸੀਆਂ ਨੂੰ ਕਿਸੇ ਪ੍ਰਕਾਰ ਦੇ ਉਪੱਦਰ ਅਤੇ ਹਿੰਸਾ ਵਿਰੁਧ ਸਖ਼ਤ ਚੇਤਾਵਨੀ ਦਿੱਤੀ ਹੈ। ਰਾਜ ਸੱਤਾ ਅਤੇ ਬਨਵਾਸੀਆਂ ਵਿਚਕਾਰ ਸਦੀਆਂ ਪੁਰਾਣੀ ਹਿੰਸਾਤਮਕ ਝੜਪਾਂ ਦੇ ਨਾਲ ਨਾਲ ਇਕ ਸਾਕਾਰਾਤਮਕ ਤੱਤ ਵੀ ਹੈ ਤੇ ਉਹ ਹੈ ਬਣਾਂ 'ਚ ਰਿਸ਼ੀਆਂ ਦੇ ਆਸ਼ਰਮ ਦਾ ਅਸਤਿੱਤਵ।

ਰਾਜਸ਼ਾਹੀ ਅਤੇ ਰਾਜਨੀਤਕ ਹਿੰਸਾ ਲਈ ਕੋਈ 'ਭਾਰਤੀ' ਸਿਧਾਂਤ ਨਹੀਂ ਹੈ। ਕਈ ਧਾਰਮਿਕ ਅਤੇ ਬੌਧਿਕ ਪਰੰਪਰਾਵਾਂ ਦਰਮਿਆਨ ਗੰਭੀਰ ਵਿਚਾਰ ਚਰਚਾਵਾਂ ਅਤੇ ਸੰਵਾਦ ਤੋਂ ਬਾਅਦ ਰਾਜਨੀਤਕ ਵਿਵਹਾਰਾਂ ਨੂੰ ਦਰਪੇਸ਼ ਯਥਾਰਥ ਅਤੇ ਚੁਣੌਤੀਆਂ ਵਿਚੋਂ ਪੈਦਾ ਹੋਏ ਕਈ ਤਰ੍ਹਾਂ ਦੇ ਵਿਚਾਰ ਪ੍ਰਾਪਤ ਹਨ ਜਿਨ੍ਹਾਂ ਨੂੰ ਕਈ ਤਰ੍ਹਾਂ ਦੇ ਰੂਪਵਿਧਾਈ ਚੌਖਟਿਆਂ 'ਚ ਪੇਸ਼ ਕੀਤਾ ਗਿਆ। ਰਾਜਸ਼ਾਹੀ ਬਾਰੇ ਧਰਮ ਅਤੇ ਅਰਥ ਦਾ ਇਕ ਦ੍ਰਿਸ਼ਟੀਕੋਣ ਹੈ। ਪਰ ਇਸਦੇ ਕਈ ਮਾਡਲ ਮਿਲਦੇ ਹਨ ਜਿਨ੍ਹਾਂ 'ਚ ਇਨ੍ਹਾਂ ਦੋਹਾਂ ਦਾ ਮਿਸ਼ਰਣ ਵੀ ਹੈ ਪਰ ਅੰਤਿਮ ਰੂਪ 'ਚ ਸਾਰਿਆਂ ਦਾ ਇਕ ਹੀ ਵਿਚਾਰ ਬਣਦਾ ਹੈ ਕਿ ਰਾਜਾ ਨੂੰ ਆਪਣੀ ਸੱਤਾ ਬਣਾਏ ਅਤੇ ਸਥਿਤੀ ਮਜ਼ਬੂਤ ਰੱਖਣ ਲਈ ਬਲ ਦਾ ਉਪਯੋਗ ਕਰਨਾ ਜ਼ਰੂਰੀ ਹੈ। ਰਮਾਇਣ ਦਾ ਰਾਮ ਧਾਰਮਿਕ ਰਾਜੇ ਦਾ ਪ੍ਰਤੀਨਿੱਧਤਵ ਕਰਦਾ ਹੈ ਜੋ ਦਯਾਲੂ, ਅਨੁਕੰਪਾ ਅਤੇ ਸੰਪੂਰਣਤਾ ਦੀ ਆਭਾ ਦਾ ਧਾਰਨੀ ਹੈ ਜਦਕਿ ਮਹਾਭਾਰਤ ਦਾ ਯੁਧਿਸ਼ਟਰ ਤਿੜਕੇ ਅਤੇ ਦੁੱਖੀ ਵਿਅਕਤਿਤਵ ਦਾ ਧਾਰਨੀ ਹੋਣ ਦੇ ਨਾਲ ਨਾਲ ਸੰਨਿਆਸ/ਤਿਆਗ ਵੱਲ ਰੁਚਿਤ ਹੋਣ ਕਾਰਣ ਬਹੁਤ ਪ੍ਰਭਾਵਸ਼ਾਲੀ ਨਹੀਂ। ਕੌਟਿਲਿਆ ਦੀ ਦ੍ਰਿਸ਼ਟੀ ਦਾ ਰਾਜਾ ਕਰੂਰ, ਨਿਰਮੋਹੀ, ਸੱਤਾ ਦਾ ਚਾਹਵਾਨ ਹੈ ਅਤੇ ਜਿਸ ਲਈ ਰਾਜਨੀਤਕ ਅਤੇ ਪਦਾਰਥਕ ਲਾਭ ਹਿੱਤ ਹੀ ਸਰਵੋਪਰੀਯ ਹਨ। ਕਮੰਡਕ ਦੇ 'ਨੀਤੀਸਾਰ' ਦਾ ਰਾਜਾ ਵੀ ਅਰਥ ਦ੍ਰਿਸ਼ਟੀਕੋਣ ਵਾਲਾ ਹੈ ਪਰ ਅਹਿੰਸਾ ਦੀ ਨੈਤਿਕਤਾ ਪ੍ਰਤੀ ਸੰਵੇਦਨਸ਼ੀਲ ਹੈ।

ਰਾਜਸ਼ਾਹੀ ਦਾ ਧਰਮ ਵਾਲਾ ਦ੍ਰਿਸ਼ਟੀਕੋਣ ਰਾਜੇ ਦੇ ਕਰਤੱਵਾਂ ਉਪਰ ਵਿਸ਼ੇਸ਼ ਬੱਲ ਦਿੰਦਾ ਹੈ। ਇਸ ਵਿਚ ਉਹ ਸਮਾਜਿਕ ਤਰਤੀਬ ਸ਼ਾਮਿਲ ਹੈ ਜਿਸ ਨਾਲ ਬ੍ਰਾਹਮਣੀ ਪਰੰਪਰਾਵਾਂ ਅਨੁਸਾਰ

ਹਰ ਵਰਣ ਅਤੇ ਆਸ਼ਰਮ ਨਾਲ ਕਰਤੱਵ ਸ਼ਾਮਿਲ ਹਨ। ਬੋਧੀ ਅਤੇ ਜੈਨ ਪਰੰਪਰਾਵਾਂ 'ਚ ਵੀ ਸਮਾਜਿਕ ਤਰਤੀਬ ਦੇ ਸੋਪਾਨ ਨੇਮਾਂ ਬਾਰੇ ਵਿਚਾਰ ਪਾਏ ਜਾਂਦੇ ਹਨ ਭਾਵੇਂ ਕਿ ਇਸ ਵਿਚ ਬ੍ਰਾਹਮਣ ਦੀ ਉਹ ਉੱਚਤਮ ਸਥਿਤੀ ਨਹੀਂ ਹੈ। ਇਸ ਵਿਚ ਕਿਉਂਕਿ ਸੱਭ ਤੋਂ ਉੱਚੀ ਪੋਜੀਸ਼ਨ ਤਿਆਗ ਤੇ ਸੰਨਿਆਸ ਦੀ ਹੈ। ਇਸ ਕਾਰਣ ਆਮ ਸਮਜਿਕ ਵੱਖਰਤਾਵਾਂ ਘੱਟੋ ਘੱਟ ਸਿਧਾਂਤਕ ਰੂਪ 'ਚ ਹੀ ਅਪ੍ਰਸੰਗਿਕ ਹੋ ਜਾਂਦੀਆਂ ਹਨ। ਰਾਜੇ ਦੇ ਕਰਤੱਵ ਸਿਰਫ਼ ਸਮਾਜਿਕ ਸੋਪਾਨ ਅਤੇ ਦਰਜਾਬੰਦੀ ਦੇ ਰੱਖ ਰਖਾਵ ਜਾਂ ਕਾਇਮ ਰੱਖਣ ਤੱਕ ਹੀ ਸੀਮਤ ਨਹੀਂ। ਇਨ੍ਹਾਂ 'ਚ ਨਿਆਂ ਪ੍ਰਦਾਨ ਕਰਨਾ, ਪਰਜਾ ਦੀ ਸੁਰੱਖਿਆ ਕਰਨਾ ਅਤੇ 'ਮਤਸਯ ਨਿਆਂ' ਨੂੰ ਰੋਕਣਾ ਹੈ ਭਾਵ ਸਮਾਜ 'ਚ ਸ਼ਕਤੀਸ਼ਾਲੀ ਕਮਜ਼ੋਰ ਨੂੰ (ਵੱਡੀ ਮੱਛੀ ਛੋਟੀ ਨੂੰ) ਖਾ ਨਾ ਜਾਵੇ। ਆਦਰਸ਼ਕ ਰੂਪ 'ਚ ਰਾਜਾ ਸਮਾਜਿਕ ਤਰਤੀਬ ਨੂੰ ਬਣਾਏ ਰੱਖਣ ਹਿੱਤ, ਨਿਆਂ ਪ੍ਰਦਾਨ ਕਰਨ ਹਿੱਤ ਅਤੇ ਪਰਜਾ ਦੀ ਸੁਰੱਖਿਆ ਲਈ ਖ਼ਾਸ ਕਰ ਕੇ ਕੰਮਜ਼ੋਰਾਂ ਦੀ ਰੱਖਿਆ ਲਈ ਜੇ ਬਲ ਦਾ ਪ੍ਰਯੋਗ ਕਰਦਾ ਹੈ ਤੇ ਇਹ ਨਿਆਂਉਚਿਤ ਅਤੇ ਕਾਨੂੰਨੀ ਹੈ। ਪਰ ਇਸ ਗੱਲ 'ਤੇ ਵਿਵਾਦ ਚਰਚਾ ਹੋ ਸਕਦੀ ਹੈ ਕਿ ਜੇਕਰ ਰਾਜਾ ਇਨ੍ਹਾਂ ਸਾਰੇ ਜਾਂ ਕੁਝ ਕਰਤੱਵਾਂ ਦੇ ਨਿਰਵਾਹਣ ਵਿਚ ਅਸਫ਼ਲ ਰਹਿੰਦਾ ਹੈ ਤਾਂ ਅਜਿਹਾ ਨਹੀਂ ਵੀ ਹੋ ਸਕਦਾ। ਮਹਾਭਾਰਤ ਅਨੁਸਾਰ ਜੇ ਜ਼ੁਲਮੀ ਰਾਜਾ ਆਪਣੀ ਪਰਜਾ ਨੂੰ ਸੁਰੱਖਿਆ ਨਹੀਂ ਪ੍ਰਦਾਨ ਕਰਦਾ ਜਾਂ ਵੱਧ ਕਰ ਲਗਾ ਕੇ ਉਨ੍ਹਾਂ ਦਾ ਸੋਸ਼ਣ ਕਰਕੇ ਲੁੱਟਦਾ ਹੈ ਤਾਂ ਉਸਨੂੰ ਲੋਕਾਂ ਨੂੰ ਕੁੱਤੇ ਦੀ ਮੌਤ ਮਾਰਨਾ ਚਾਹੀਦਾ ਹੈ। ਇਸ ਤਰ੍ਹਾਂ ਦੇ ਵਿਚਾਰ ਨੂੰ ਰਾਜੇ ਵਾਸਤੇ ਚਿਤਾਵਨੀ ਦੇ ਰੂਪ 'ਚ ਦੇਖਿਆ ਜਾਣਾ ਚਾਹੀਦਾ ਹੈ ਨਾ ਕਿ ਇਸਨੂੰ ਐਨ ਹੂ ਬ ਹੂ ਲਾਗੂ ਕਰ ਦਿੱਤਾ ਜਾਵੇ। ਇਸ ਤੋਂ ਬਲਕਿ ਰਾਜਸ਼ਾਹੀ ਦੇ ਧਾਰਮਿਕ ਦ੍ਰਿਸ਼ਟੀਕੋਣ 'ਚ ਹਿੰਸਾ ਦੀ ਸੰਭਾਵਨਾ ਵੱਲ ਸੰਕੇਤ ਵਜੋਂ ਲੈਣਾ ਚਾਹੀਦਾ ਹੈ। ਰਾਜਸ਼ਾਹੀ ਦਾ ਅਰਥ ਦ੍ਰਿਸ਼ਟੀਕੋਣ ਵਿਚ ਵੀ ਇਸੇ ਤਰ੍ਹਾਂ ਹੀ ਰਾਜੇ ਦੇ ਕਰਤੱਵਾਂ ਨੂੰ ਦਰਸਾਇਆ ਗਿਆ ਹੈ ਭਾਵੇਂਕਿ ਇਸ ਵਿਚ ਮੁੱਖ ਜ਼ੋਰ ਰਾਜੇ ਦੇ ਬਲ 'ਚ ਵਾਧਾ ਪੈਦਾ ਕਰਨਾ ਅਤੇ ਪਰਜਾ ਦੀ ਖ਼ੁਸ਼ਹਾਲੀ ਵਧਾਉਣਾ ਹੈ। ਧਿਆਨ ਪੂਰਵਕ ਢੰਗ ਨਾਲ ਗਿਣ ਮਿਥ ਕੇ ਬਲ ਦੇ ਪ੍ਰਯੋਗ ਨੂੰ ਨਿਆਉਚਿਤ ਅਤੇ ਕਾਨੂੰਨੀ ਰੂਪ 'ਚ ਸਵਿਕਾਰ ਕੀਤਾ ਗਿਆ ਹੈ। ਇਸ ਤੋਂ ਥੋੜ੍ਹਾ ਵੱਧ ਬਲ ਪ੍ਰਯੋਗ ਸਹਿ-ਉਤਪਾਦਕ ਮੰਨਿਆ ਗਿਆ ਹੈ। ਇਸ ਤਰ੍ਹਾਂ ਰਾਜਸ਼ਾਹੀ ਦੇ ਧਰਮ ਅਤੇ ਅਰਥ ਨਾਲ ਜੁੜੇ ਦ੍ਰਿਸ਼ਟੀਕੋਣਾਂ 'ਚ ਜ਼ਰੂਰੀ, ਨਿਆਂਉਚਿਤ ਬਲ ਅਤੇ ਗ਼ੈਰਜ਼ਰੂਰੀ ਅਤੇ ਗ਼ੈਰਕਾਨੂੰਨੀ ਰਾਜਨੀਤਕ ਹਿੰਸਾ 'ਚ ਜ਼ੁਲਮ ਅਤੇ ਬਰਬਰਤਾ 'ਚ ਵੱਖਰਤਾ ਨਿਸਚਿਤ ਕਰਦਾ ਹੈ। ਰਾਜੇ ਵੱਲੋਂ ਪ੍ਰਯੋਗ ਕੀਤੇ ਜ਼ਰੂਰੀ ਬਲ ਨੂੰ ਅੰਤਿਮ ਰੂਪ 'ਚ ਉਚਿਤ ਦਰਸਾਇਆ ਗਿਆ ਹੈ ਪਰ ਸ਼ੱਕ ਅਤੇ ਆਲੋਚਨਾ ਦੇ ਤੱਤਾਂ ਨੂੰ ਕਦੇ ਵੀ ਪਾਸੇ ਜਾਂ ਖ਼ਾਰਿਜ ਨਹੀਂ ਕੀਤਾ ਗਿਆ।

ਪੁਰਾਤਨ ਭਾਰਤ 'ਚ ਨਿਰਦੱਯਤਾ ਜਾਂ ਅੱਤਿਆਚਾਰ ਦੀ ਸਮਝ ਸ਼ਖ਼ਸੀਅਤ ਦੇ ਅੰਤਰੀਵੀ ਗੁਣਾਂ ਦੇ ਮਹੱਤਵ ਨੂੰ ਪਛਾਣਦੀ ਹੈ। ਬੁਰੇ ਸ਼ਾਸਕ ਅਨੈਤਿਕ, ਅਨਿਆਂ ਕਰਨ ਵਾਲੇ, ਜ਼ੁਲਮੀ ਅਤੇ ਹਿੰਸਕ ਹੁੰਦੇ ਹਨ ਅਤੇ ਉਨ੍ਹਾਂ 'ਚ ਸੰਤੁਲਨ, ਸਵੈ ਨਿਯੰਤਰਣ ਅਤੇ ਵਿਵੇਕਸ਼ੀਲਤਾ ਦੀ ਵੱਡੀ ਕਮੀ ਹੁੰਦੀ ਹੈ। ਪਰ ਇਨ੍ਹਾਂ ਸਾਰਿਆਂ 'ਚ ਸਬੰਧ ਏਨਾਂ ਸਿੱਧਾ ਤੇ ਸਰਲ ਨਹੀਂ। ਚੰਗੇ ਰਾਜਿਆਂ 'ਚ ਵੀ ਅਪਰਪੱਕਤਾ ਹੁੰਦੀ ਹੈ। ਦੂਜੀ ਸਦੀ ਦੀ ਰਚਨਾ 'ਅਸ਼ੋਕਵਾਦਾਨ' ਵਿਚਲਾ ਸਮਰਾਟ ਅਸ਼ੋਕ ਥੋੜ੍ਹਾ ਜਿਹਾ ਨਿਰਦਈ ਅਤੇ ਗੁਸੈਲ ਹੈ। ਰਮਾਇਣ ਦਾ ਰਾਮ ਵੀ ਕਦੇ ਕਦੇ ਨਾਰਾਜ਼ ਹੋ ਜਾਂਦੈ ਅਤੇ ਕਦੇ ਕਦੇ ਸਦਾਚਾਰਕ ਮਰਿਆਦਾ ਵੀ ਪਾਰ ਕਰ ਜਾਂਦੈ। ਕਾਲੀਦਾਸ ਦੇ

ਨਾਟਕ 'ਰਘੂਵੰਸ਼' 'ਚ ਨਿਪੁੰਨਤਾ ਤੇ ਪਰਪੱਕਤਾ ਦੇ ਪਰਦੇ 'ਚ ਇਕਸ਼ਵਾਕੂ ਵੰਸ਼ ਦੇ ਰਾਜਿਆਂ 'ਚ ਕੁਝ ਕੰਮਜ਼ੋਰੀਆਂ ਅਤੇ ਐਬ ਵੀ ਦੇਖਣ ਨੂੰ ਮਿਲਦੇ ਹਨ। ਦੂਜੇ ਪਾਸੇ ਸ਼ੈਤਾਨ ਤੇ ਬਦ ਮਨੁੱਖ ਸਦਾ ਹੀ ਬੁਰੇ ਰਾਜੇ ਨਹੀਂ ਸਾਬਤ ਹੁੰਦੇ। 'ਮਹਾਭਾਰਤ' ਦਾ ਦੁਰਯੋਧਨ ਅਤੇ 'ਰਾਮਾਇਣ' ਦਾ ਰਾਵਣ ਖਲਨਾਇਕ ਚਰਿੱਤਰ ਵਾਲੇ, ਗੁਸੈਲ ਤੇ ਕ੍ਰੋਧੀ, ਜ਼ੁਲਮੀ ਅਤੇ ਬਰਬਰ ਅਤੇ ਹੰਕਾਰੀ ਤਾਂ ਅਵੱਸ਼ ਹਨ ਪਰ ਉਨ੍ਹਾਂ ਦੀ ਬੁਰੇ ਸ਼ਾਸਕ ਅਤੇ ਰਾਜ ਪ੍ਰਬੰਧਕ ਵਜੋਂ ਬਹੁਤ ਘੱਟ ਵਿਅਖਿਆ ਅਤੇ ਵਰਨਣ ਮਿਲਦਾ ਹੈ।

ਪਹਿਲੇ ਸੰਹਸਰ ਦੇ ਮੱਧ 'ਚ ਰਾਜਨੀਤਕ ਪਰਿਪੇਖਾਂ 'ਚ ਰਾਜਨੀਤਕ ਪ੍ਰਭੁਤਾ ਨੂੰ ਘੜਦੇ ਵਿਚਾਰਾਂ ਅਤੇ ਆਦਰਸ਼ਾਂ ਵਿਚ ਜ਼ਿਆਦਾ ਸੂਖ਼ਮਤਾ ਅਤੇ ਵਿਚਾਰਧਾਰਕ ਇਕਜੁੱਟਤਾ ਮਿਲਦੀ ਹੈ ਜੋ ਰਾਜਸ਼ਾਹੀ ਦੇ ਹਿੰਸਕ ਅਤੇ ਟਕਰਾਵੀ ਪੱਖਾਂ 'ਚ ਇਕਸੁਰਤਾ ਪੈਦਾ ਕਰਦੀ ਹੈ। ਇਹ ਪੱਖ ਜ਼ਿਆਦਾ ਤਰ ਕਾਵਿ (ਜਿਵੇਂ ਰਘੂਵੰਸ਼), ਸਿੱਕਿਆਂ ਅਤੇ ਸ਼ਿਲਾਲੇਖਾਂ ਦੀਆਂ ਉਸਤਤੀਆਂ ਦੇ ਰੂਪ 'ਚ ਮਿਲਦੇ ਹੈਨ ਜੋ ਕਲਾਸੀਕਲ ਭਾਰਤੀ ਰਾਜਸ਼ਾਹੀ ਦੇ ਪ੍ਰਬਲ ਮਾਡਲ ਦਾ ਪ੍ਰਗਟਾਅ ਹੈ। ਪਰ 'ਅਰਥਸ਼ਾਸਤਰ' ਦਾ ਪਰਿਪੇਖ ਵਿਸ਼ਾਖਾਦੱਤ ਦੇ ਨਾਟਕ 'ਮਦੁਰਾਕ਼ਸ਼ਸ' ਅਤੇ 'ਪੰਚਤੰਤਰ' ਦੇ ਬਿਰਤਾਂਤ 'ਚ ਜੀਵੰਤ ਰੂਪ 'ਚ ਵਿਦਮਾਨ ਹੈ ਜਿਸ ਵਿਚ ਰਾਜਸ਼ਾਹੀ ਅਤੇ ਰਾਜਨੀਤਕ ਸੱਤਾ 'ਤੇ ਧਾਰਮਿਕ ਬੰਧਨ ਹੱਟ ਜਾਂਦੇ ਹਨ। ਇੰਝ ਕਿਹਾ ਜਾ ਸਕਦੈ ਕਿ ਰਾਜਸ਼ਾਹੀ ਕਦੇ ਵੀ ਪੂਰੀ ਤਰ੍ਹਾਂ ਧਰਮ ਦੇ ਕਬਜ਼ੇ 'ਚ ਨਹੀਂ ਰਹੀ।

ਇਨ੍ਹਾਂ ਪਾਠਾਂ ਅਤੇ ਸ਼ਿਲਾਲੇਖਾਂ 'ਚ ਕੀਤੀ ਚਰਚਾ ਮੁੱਖ ਤੌਰ 'ਤੇ ਬੰਦਿਆਂ ਬਾਰੇ ਬੰਦਿਆਂ ਵੱਲੋਂ ਕੀਤੀ ਗਈ ਹੈ। ਇਸਤਰੀ ਪੱਖ ਦੀ ਝਲਕ ਬਹੁਤ ਘੱਟ ਮਿਲਦੀ ਹੈ ਅਤੇ ਜਿੱਥੇ ਇਹ ਚਰਚਾ ਮਿਲਦੀ ਵੀ ਹੈ ਉਹ ਵੈਣ ਤੇ ਵਿਰਲਾਪਾਂ ਦੇ ਰੂਪ 'ਚ ਹੀ ਪ੍ਰਗਟਾਈ ਗਈ ਹੈ। ਭਾਵੇਂਕਿ ਰਾਜੇ ਦਾ ਬਲ ਅਤੇ ਸ਼ਕਤੀ ਉਸਦੀ ਮਰਦਾਨਗੀ ਨਾਲ ਜੁੜਿਆ ਹੈ ਪਰ 'ਮਹਾਭਾਰਤ' 'ਚ ਦਰੌਪਦੀ, ਸ਼ਿਖੰਡੀ ਅਤੇ ਅਰਜੁਨ ਦਾ ਬ੍ਰਿਹਾਨੰਦ ਦਾ ਸਰੂਪ ਇਸ ਦਾ ਸੰਕੇਤ ਹੈ ਕਿ ਹਿੰਸਾ ਅਤੇ ਆਕਰਮਣਕਾਰੀ ਹੋਣਾਂ ਸਿਰਫ਼ ਮਰਦਾਂ ਲਈ ਹੀ ਆਰਕਸ਼ਿਤ ਖੇਤਰ ਨਹੀਂ। ਇਹ ਧਾਰਮਿਕ ਪਾਸਾਰ 'ਚ ਜ਼ਿਆਦਾ ਪ੍ਰਤੱਖ ਹੈ। ਦੁਰਗਾ ਦੇਵੀ ਦੇ ਸਰੂਪ ਮਹਿਖਾਸਰਮਰਦਨੀ ਆਪਣੀ ਕ੍ਰਿਪਾਨ ਭੈਂਸ 'ਤੇ ਸਵਾਰ ਰਾਕਸ਼ਸ ਮਹਿਖਾਸਰ ਦੇ ਲਹੂ 'ਚ ਡੋਬ ਦਿੰਦੀ ਹੈ ਜੋ ਕਿ ਬਦੀ 'ਤੇ ਨੇਕੀ ਦੀ ਜਿੱਤ ਦਾ ਚਿਹਨਕ ਹੈ।

ਪੁਰਾਤਨ ਭਾਰਤ ਦੀ ਰਾਜਨੀਤੀ ਵਿਚ ਵਿਚਾਰ ਇਕ ਮਹਤੱਵਪੂਰਣ ਪੱਖ ਹੈ। ਜਿਵੇਂ ਰਾਜੇ ਦੀ ਅੰਤਰੀਵੀ ਮਨੋ ਅਤੇ ਭਾਵਕ ਸਥਿਤੀ ਅਤੇ ਰਾਜ ਦੀ ਤੰਦੁਰਸਤੀ ਵਿਚਲਾ ਮਜ਼ਬੂਤ ਸਬੰਧ। ਇਹ ਵਿਚਾਰ ਪ੍ਰਾਚੀਨ ਯੂਨਾਨੀ ਮਹਾਕਾਵਿਾਂ ਅਤੇ ਪਲੈਟੋ ਦੀਆਂ ਲਿਖਤਾਂ 'ਚ ਵੀ ਹਾਜ਼ਿਰ ਹਨ। ਸਵੈ-ਨਿਯੰਤਰਣ ਅਤੇ ਉਦਾਸੀਨਤਾ ਦਾ ਵਿਚਾਰ ਸਾਂਖ, ਯੋਗ, ਉਪਨਿਸ਼ਦਾਂ, ਬੋਧੀ ਅਤੇ ਜੈਨ ਵਿਚਾਰਾਂ 'ਚੋਂ ਹੁੰਦਾ ਹੋਇਆ ਕਈ ਤਰ੍ਹਾਂ ਨਾਲ ਰਾਜਨੀਤਕ ਖੇਤਰਾਂ 'ਚ ਹੇਠਾਂ ਤੱਕ ਫੈਲਦਾ ਹੈ। ਤਿਆਗ ਅਤੇ ਸੰਨਿਆਸ ਦਾ ਪ੍ਰਭਾਵ ਸ਼ਕਤੀਸ਼ਾਲੀ ਰੂਪ 'ਚ ਰਾਜਸ਼ਾਹੀ ਦੇ ਧਰਮ ਦ੍ਰਿਸ਼ਟੀਕੋਣ 'ਤੇ ਅਕਸਰ ਛਾਇਆ ਰਿਹਾ। ਬੋਧੀ ਅਤੇ ਜੈਨ ਪਰੰਪਰਾਵਾਂ ਇੰਦ੍ਰੀਆਂ ਦੇ ਨਿਯੰਤਰਣ 'ਤੇ ਬਲ ਦਿੰਦੀਆਂ ਸਨ ਪਰ ਰਾਜੇ ਨੂੰ ਤਿਆਗੀਆਂ ਅਤੇ ਸੰਨਿਆਸੀਆਂ 'ਤੋਂ ਅੱਡ ਮੰਨਦੀਆਂ ਸਨ ਤਾਂ ਕਿ ਰਾਜੇ ਦੀ ਪ੍ਰਮੁੱਖਤਾ ਅਤੇ ਪ੍ਰਭੁਤਾ ਸਦਾ ਬਣੀ ਰਹੀ। ਕਾਲੀਦਾਸ ਨੇ ਆਸ਼ਰਮ ਦੇ ਵਿਚਾਰ ਨੂੰ ਆਪਣੇ ਨਾਟਕਾਂ 'ਚ ਅਹਿਮੀਅਤ ਦਿੱਤੀ ਅਤੇ ਰਿਸ਼ੀ ਵਰਗੇ ਰਾਜੇ

'ਰਾਜਰਿਸ਼ੀ' ਦੇ ਆਦਰਸ਼ਕ ਰਾਜੇ ਦੇ ਹੱਕ 'ਚ ਗੱਲ ਕੀਤੀ। ਤਿਆਗੀ ਅਤੇ ਸੰਨਿਆਸੀ ਰਾਜਸ਼ਾਹੀ ਦੇ ਮਾਡਲ 'ਚ ਮੌਰੂਸੀ ਵਿਰੋਧਾਭਾਵ ਵਿਆਪਤ ਹੈ। ਰਾਜਾ ਜੋ ਵਿਸ਼ਵ ਜੇਤੂ ਬਣਨ ਦੀ ਪ੍ਰੇਰਨਾ ਰੱਖਦਾ ਪਰ ਉਹ ਸੱਤਾ ਦੀ ਅਕਾਂਖਿਆ ਤੋਂ ਕਿਵੇਂ ਅਵਿਚਲ ਰਹੇ। ਇਹ ਤਿਆਗ ਅਤੇ ਸੰਨਿਆਸ ਦਾ ਰੁਝਾਨ ਇਕ ਦਮ ਰੁੱਕ ਗਿਆ ਜਦੋਂ ਇਹ ਰਾਜਨੀਤਕ ਸਿਧਾਂਤਕਾਰਾਂ ਕੋਲ ਅਪੜਿਆ ਜੋ ਅਨੁਸ਼ਾਸਨ ਅਤੇ ਸਵੈ-ਨਿਯੰਤਰਣ ਦੀ ਵਕਾਲਤ ਤਾਂ ਕਰਦੇ ਸਨ ਪਰ ਰਾਜੇ ਨੂੰ ਆਪਣੇ ਜੀਵਨ ਦੇ ਕਿਸੇ ਪੜਾਅ 'ਤੇ ਵੀ ਸੱਤਾ ਤਿਆਗ ਦੀ ਅਨੁਸ਼ੰਸਾ ਨਹੀਂ ਸਨ ਕਰਦੇ।

ਰਾਜਨੀਤਕ ਇਤਿਹਾਸਕ ਸੰਦਰਭ 'ਚ ਰਾਜਸ਼ਾਹੀ ਸਵੈ-ਨਿਯੰਤਰਣ 'ਤੇ ਜ਼ੋਰ ਦਾ ਦਾਰਸ਼ਨਿਕ ਮਹੱਤਵ ਵੀ ਹੈ। ਸੰਸਥਾਈ ਨਿਯੰਤਰਣਾਂ ਤੋਂ ਖ਼ਾਲੀ ਰਾਜਨੀਤੀ ਅਤੇ ਰਾਜਸ਼ਾਹੀ ਦਾ ਹਿੰਸਾ ਅਤੇ ਵਿਸ਼ੈਉਪਭੋਗ ਪ੍ਰਤੀ ਪੂਰਵਸਨੇਹ ਨੂੰ ਮੱਦੇਨਜ਼ਰ ਰੱਖਦਿਆਂ ਰਾਜਨੀਤਕ ਸਿਧਾਂਤਕਾਰਾਂ ਦਾ ਰਾਜੇ ਦੀ ਸੱਤਾ ਨੂੰ ਵਧਾਉਣ ਦੇ ਨਾਲ ਨਾਲ ਉਸਨੂੰ ਨਿਯੰਤਰਣ 'ਚ ਕਿਵੇਂ ਰੱਖਣਾ ਹੈ, ਵੀ ਇਕ ਜ਼ਰੂਰੀ ਸਰੋਕਾਰ ਰਿਹਾ ਹੋਵੇਗਾ। ਕਰਤੱਵ, ਗੁਣ, ਸਵਰਗ ਅਤੇ ਨਰਕ 'ਤੇ ਆਧਾਰਿਤ ਤਰਕਾਂ ਬਾਰੇ ਉਹ ਬੜੇ ਧਿਆਨਪੂਰਵਕ ਢੰਗ ਨਾਲ ਸਮਝਾਉਣ ਦੀ ਸ਼ਕਤੀ, ਅਨੁਸ਼ਾਸਨ ਅਤੇ ਸਵੈ-ਨਿਯੰਤਰਣ 'ਤੇ ਵਿਚਾਰ ਚਰਚਾ ਕਰਦੇ ਹਨ। ਕੌਟਿਲਯ, ਕਮੰਡਕ ਅਤੇ ਇਥੋਂ ਤੱਕ ਕਿ ਕਾਲੀਦਾਸ ਵੀ ਨੂੰ ਵੀ ਮੰਨਣਾ ਪਿਆ ਹੋਵੇਗਾ ਕਿ ਰਾਜੇ ਵੱਲੋਂ ਆਪਣੀ ਸੱਤਾ ਦਾ ਦੁਰਉਪਯੋਗ ਅਤੇ ਕਰੂਰ ਹਿੰਸਾ ਦੀ ਬੇਰੋਕ ਵਰਤੋਂ ਦੇ ਸਦੀਵੀ ਖ਼ਤਰਿਆਂ ਤੋਂ ਬਚਾਓ ਲਈ ਉਸਨੂੰ ਇਹ ਸਮਝਾਉਣਾ ਆਵੱਸ਼ਕ ਹੈ ਕਿ ਉਹ ਆਪਣੇ ਆਪ 'ਤੇ ਪੂਰੀ ਤਰ੍ਹਾਂ ਨਿਯੰਤਰਣ ਰੱਖੇ।

ਹਿੰਸਾ ਅਤੇ ਅਹਿੰਸਾ ਬਾਰੇ ਪ੍ਰਵਚਨਾਂ ਦਾ ਧਾਰਮਿਕ ਪਾਸਾਰਾਂ ਅਤੇ ਰਾਜਨੀਤਕ ਵਿਵਹਾਰਾਂ 'ਤੇ ਕੀ ਪ੍ਰਭਾਵ ਪਿਆ ਹੋਵੇਗਾ ਉਸਦਾ ਅੰਦਾਜ਼ਾ ਲਾਉਣਾ ਕਠਿਨ ਹੈ। ਕਿਉਂਕਿ ਪੁਰਾਤਨ ਭਾਰਤ 'ਚ ਹਿੰਸਾ ਤੇ ਟਕਰਾਵਾਂ ਦੇ ਰਾਜਾ ਅਤੇ ਰਾਜ ਹੀ ਇਕੱਲੇ ਪ੍ਰਬੰਧਕ ਨਹੀਂ ਸਨ। ਉਹ ਇਹ ਜ਼ਿੰਮੇਵਾਰੀ ਧਾਰਮਿਕ ਵਿਸ਼ੇਸ਼ੱਗਾਂ ਜਿਵੇਂ ਬ੍ਰਾਹਮਣਾਂ ਅਤੇ ਰਿਸ਼ੀਆਂ ਅਤੇ ਸਹਿਕਾਰੀ ਸਮੂਹਾਂ ਜਿਵੇਂ ਗ੍ਰਾਮ ਸਭਾਵਾਂ ਅਤੇ ਜਾਤ ਸਮੂਹਾਂ ਨਾਲ ਵੀ ਸਾਂਝਿਆਂ ਕਰਦੇ ਸਨ। ਇਨ੍ਹਾਂ ਸਰੋਤਾਂ 'ਚ ਤਣਾਵਾਂ ਅਤੇ ਟਕਰਾਵਾਂ ਨੂੰ ਛੁਪਾਉਣ ਦੀ ਜੋ ਅਲਪ ਸੂਝ ਸਾਹਮਣੇ ਆਉਂਦੀ ਹੈ ਉਸ ਤੋਂ ਇਹ ਸਪੱਸ਼ਟ ਨਹੀਂ ਹੁੰਦਾ ਕਿ ਇਹ ਸਾਧਨ ਹਿੰਸਾ ਅਤੇ ਟਕਰਾਵਾਂ ਨੂੰ ਰੋਕਣ ਅਤੇ ਨਿਯੰਤਰਣ ਕਰਨ ਵਿਚ ਕਿੰਨੇ ਕੁ ਸਫ਼ਲ ਹੁੰਦੇ ਰਹੇ। ਪਰ ਇਸ ਗੱਲ 'ਚ ਵਿਸ਼ਵਾਸ ਕਰਨ 'ਚ ਕੋਈ ਕਾਰਣ ਨਹੀਂ ਮਿਲਦਾ ਕਿ ਪੁਰਾਤਨ ਭਾਰਤ ਦੇ ਰਾਜਨੀਤਕ ਅਤੇ ਸਮਾਜਿਕ ਜੀਵਨ 'ਚ ਦੂਜਿਆਂ ਸੱਭਿਆਚਾਰਾਂ ਦੇ ਮੁਕਾਬਲੇ ਕਾਫੀ ਹੱਦ ਤੱਕ ਹਿੰਸਾ ਪੱਧਰ ਨੀਵਾਂ ਰਿਹਾ।

ਸ਼ਾਇਦ ਇਸ ਦਾ ਕਾਰਣ ਇਹ ਰਿਹਾ ਹੋਵੇ ਕਿ ਰਾਜਨੀਤਕ ਪਾਸਾਰਾਂ 'ਤੇ ਅਹਿੰਸਾ ਦੇ ਨਿਰੰਤਰ ਪ੍ਰਵਚਨਾਂ ਦਾ ਬਹੁਤਾ ਪ੍ਰਭਾਵ ਪ੍ਰਬਲ ਧਾਰਮਿਕ ਅਤੇ ਬੌਧਿਕ ਪਰੰਪਰਾਵਾਂ 'ਚ ਦੁਚਿੱਤੀ ਅਤੇ ਦੋਹਰੇਪਨ ਕਾਰਨ ਨਾ ਪਿਆ ਹੋਵੇ। ਜਿਵੇਂ ਕਿ ਅਸੀਂ ਦੇਖਿਆ ਹੈ ਕਿ ਉਹ ਧਰਮ ਜੋ ਅਹਿੰਸਾ ਦੀ ਨੈਤਿਕਤਾ 'ਤੇ ਬਲ ਦਿੰਦੇ ਸਨ ਅੰਦਰੋਂ ਇਹ ਮੰਨਦੇ ਸਨ ਕਿ ਰਾਜਨੀਤਕ ਪਿੜਾਂ 'ਚ ਕੁਝ ਕੁ ਹਿੰਸਾ ਜ਼ਰੂਰੀ ਹੈ। ਧਰਮ ਦਾ ਪ੍ਰਵਚਨ ਜੋ ਰਾਜਨੀਤਕ ਹਿੰਸਾ ਪ੍ਰਤੀ ਸਪੱਸ਼ਟ ਉੱਤਰ ਦੇ ਸਕਦਾ ਸੀ ਇਸਨੂੰ ਕਰਨ ਤੋਂ ਮਨ੍ਹਾਂ ਕਰ ਦਿੰਦਾ ਹੈ। ਇਹ ਸਿਧਾਂਤ ਅਤੇ ਵਿਵਹਾਰ, ਅਹਿੰਸਾ ਦੀ ਇੱਛਾ ਅਤੇ ਰਾਜਨੀਤਕ ਜਗਤ ਵਿਚ ਇਸਦੀ ਐਨ ਅਸੰਭਵਤਾ ਵਿਚਕਾਰ ਰੋਕ ਬਣਕੇ ਸਮੱਸਿਆ ਦਾ ਹਿੱਸਾ ਬਣ ਜਾਂਦਾ ਹੈ ਅਤੇ ਇਸਨੂੰ ਰਾਜਨੀਤਕ ਅਤੇ ਸਮਾਜਿਕ ਤਾਣੇ ਬਾਣੇ

ਨਾਲ ਜੋੜ ਦਿੰਦਾ ਹੈ।

ਪ੍ਰਾਚੀਨ ਭਾਰਤ ਵਿਚ ਸਟੇਟ, ਸਾਮਾਰਾਜ, ਪ੍ਰਭੂਸਤਾ, ਜੰਗ ਯੁੱਧ, ਜਿੱਤ, ਸਜ਼ਾ ਅਤੇ ਦੰਡ, ਬਲ ਅਤੇ ਹਿੰਸਾ ਜਿਹੇ ਵਿਚਾਰ ਅਤੇ ਆਦਰਸ਼ ਕਈ ਪੱਖਾਂ 'ਤੋਂ ਯੂਰਪੀ ਸਮਾਜਾਂ ਅਤੇ ਸੱਭਿਆਚਾਰਾਂ ਤੋਂ ਭਿੰਨ ਅਤੇ ਐਨ ਵੱਖਰੇ ਹਨ। ਫਿਰ ਵੀ ਕੁਝ ਕੁ ਵੱਖਰਤਾਵਾਂ ਹਨ ਜਿਨ੍ਹਾਂ ਦਾ ਵਰਨਣ ਜ਼ਰੂਰੀ ਹੈ। ਉਦਾਹਰਣ ਵਜੋਂ ਇਹ ਸਹੀਂ ਨਹੀਂ ਹੈ ਕਿ 'ਹਿੰਦੂ ਸੱਭਿਆਚਾਰ' ਬਾਹਰੀ ਅਤੇ ਅੰਦਰੂਨੀ, ਨਿੱਜੀ ਅਤੇ ਜਨਤਕ ਹਿੰਸਾ ਦਰਮਿਆਨ ਕਿਸੇ ਪ੍ਰਕਾਰ ਦੀ ਵੱਖਰਤਾ ਦਾ ਸੰਗਿਆਨ ਨਹੀਂ ਲੈਂਦਾ ਹੈ। ਸ਼ਬਦ 'ਯੁੱਧ' ਪ੍ਰਾਚੀਨ ਪਾਠਾਂ 'ਚ ਦੋ ਵਿਅਕਤੀਆਂ 'ਚ ਮੱਲ ਯੁੱਧ ਬਾਰੇ ਵੀ ਅਤੇ ਜੰਗਾਂ ਬਾਰੇ ਵੀ ਪ੍ਰਯੋਗ ਹੁੰਦਾ ਹੈ ਅਤੇ ਸ਼ਬਦ 'ਦੰਡ' ਸ਼ਕਤੀ ਅਤੇ ਸਜ਼ਾ ਵਾਸਤੇ ਪ੍ਰਯੋਗ ਹੁੰਦਾ ਹੈ। ਪਰ ਇਕ ਸ਼ਬਦ ਦੀ ਵਰਤੋਂ ਤੋਂ ਇਹ ਭਾਵ ਨਹੀਂ ਕਿ ਇਸ ਵਿਚ ਸੰਕਲਪੀਕਰਣ ਦੀ ਪੱਧਰ 'ਤੇ ਅਤੇ ਇਸ ਦੇ ਵਿਭਿੰਨ ਪ੍ਰਸੰਗਾਂ 'ਚ ਕੀਤੇ ਜਾਣ ਵਾਲੇ ਪ੍ਰਯੋਗਾਂ ਵਿਚ ਵੱਖਰਤਾ ਦੀ ਕਮੀ ਹੈ।

ਪੁਰਾਤਨ ਭਾਰਤ ਵਿਚ ਰਾਜਨੀਤਕ ਅਤੇ ਧਾਰਮਿਕ ਪਾਸਾਰਾਂ ਦੇ ਆਪਸੀ ਸਬੰਧਾਂ ਨੂੰ ਪੱਛਮ ਦੇ ਸਟੇਟ ਅਤੇ ਚਰਚ ਦੇ ਸਬੰਧਾਂ ਦੇ ਝਰੋਖੇ 'ਚੋਂ ਦੇਖਣ ਨਾਲ ਕੰਮ ਨਹੀਂ ਬਨਣਾ। ਰਾਜ ਦਰਬਾਰਾਂ 'ਚ ਬ੍ਰਾਹਮਣਾਂ ਦੀ ਸੱਤਾ ਦਾ ਸਰੂਪ ਕੋਈ ਸੰਗਠਿਤ ਸੰਸਥਾ ਨਹੀਂ ਸੀ। ਬੋਧੀਆਂ ਤੇ ਜੈਨੀਆਂ ਦੇ ਸੰਘ ਵਿਚ ਵੀ ਸੱਤਾ ਦੇ ਖੇਲ੍ਹ ਕਦੇ ਵੀ ਮਹੱਤਵਪੂਰਣ ਨਹੀਂ ਸਨ। ਇਥੋਂ ਤੱਕ ਕਿ ਅਸ਼ੋਕ ਦੇ ਦੌਰ 'ਚ ਬੋਧੀ ਮੱਠਾਂ ਦੇ ਹੁਕਮ 'ਤੇ ਰਾਜਾ ਦੀ ਪ੍ਰਭੂਸੱਤਾ ਹੀ ਚੱਲਦੀ ਸੀ। ਕੁਝ ਹੋਰ ਏਸ਼ੀਆਈ ਮੁਲਕਾਂ ਨੂੰ ਛੱਡ ਕੇ ਭਾਰਤ 'ਚ ਬੁੱਧਵਾਦ ਸਟੇਟ 'ਤੇ ਕਦੇ ਵੀ ਏਕਾਧਿਕਾਰ/ ਇਜਾਰੇਦਾਰੀ ਨਹੀਂ ਜਮਾਅ ਸਕਿਆ।

ਅਸੀਂ ਦੇਖਿਆ ਹੈ ਕਿ ਰਾਜਨੀਤਕ ਹਿੰਸਾ ਕਠੋਰ ਧਾਰਮਿਕ ਵਰਗੀਕਰਣਾਂ ਦਾ ਉਲੰਘਣ ਕਰਦੀ ਹੈ। ਥੋੜ੍ਹਾ ਬਹੁਤ ਇਹ ਇਸ ਕਰਕੇ ਕਿ ਧਾਰਮਿਕ ਹੱਦਾਂ ਪ੍ਰਵੇਸ਼ ਕਰਨ ਯੋਗ ਹੁੰਦੀਆਂ ਹਨ ਜਿਵੇਂ ਵਿਭਿੰਨ ਧਾਰਮਿਕ ਅਤੇ ਦਾਰਸ਼ਨਿਕ ਪਰੰਪਰਾਵਾਂ 'ਚ ਪਰਾਭੌਤਿਕਤਾ ਅਤੇ ਨੈਤਿਕਤਾ ਇਕ ਦੂਜੇ ਅੰਦਰ ਪ੍ਰਵੇਸ਼ ਕਰ ਜਾਂਦੀਆਂ ਹਨ। ਇਨ੍ਹਾਂ ਤੋਂ ਵੱਧ ਮਹੱਤਵਪੂਰਣ ਧਾਰਮਿਕ ਵਿਚਾਰਕਾਂ ਦੀ ਸੱਤਾ ਨਾਲ ਜੁੜੇ ਯਥਾਰਥ ਅਤੇ ਵਿਵਹਾਰ ਨੂੰ ਜਾਨਣ ਦੀ ਤੀਖਣ ਜਾਗਰਤੀ ਹੈ। ਭਾਵੇਂਕਿ ਹੋਰ ਪ੍ਰਸੰਗਾਂ 'ਚ ਬੋਧੀ ਅਤੇ ਜੈਨ ਗ੍ਰੰਥ ਹਿੰਸਾ ਪ੍ਰਤੀ ਅਤਿ ਸੰਵੇਦਨਸ਼ੀਲ ਹਨ ਅਤੇ ਰਾਜੇ ਵੱਲ ਬਲ ਦਾ ਪ੍ਰਯੋਗ ਅਤੇ ਜੰਗ ਕਰਨ ਨੂੰ ਸਿਰਿਓਂ ਖ਼ਾਰਿਜ ਨਹੀਂ ਕਰਦੇ। ਇਹ ਮੰਨਦੇ ਹਨ ਕਿ ਰਾਜੇ ਵੱਲੋਂ ਨਿਰਪੇਖ ਅਹਿੰਸਾ ਦਾ ਵਿਹਾਰ ਅਪਨਾਉਣਾ ਅਸੰਭਵ ਹੈ।

ਇਸਦਾ ਇਹ ਭਾਵ ਨਹੀਂ ਕਿ ਪੁਰਾਤਨ ਭਾਰਤ 'ਚ ਧਰਮ ਹਿੰਸਾ ਤੋਂ ਸਮੁੱਚੇ ਰੂਪ 'ਚ ਵਿਛੁੰਨਿਆ ਰਿਹਾ। ਅਸੀਂ ਇਹ ਦੇਖਿਆ ਹੈ ਕਿ ਜੰਗਾਂ ਯੁੱਧਾਂ 'ਚ ਜਿੱਤਾਂ ਰਾਜੇ ਲਈ ਅਜਿਹੇ ਮੌਕੇ ਪ੍ਰਦਾਨ ਕਰਦੀਆਂ ਸਨ ਜਿਨ੍ਹਾਂ 'ਚ ਉਹ ਬ੍ਰਾਹਮਣਾਂ ਅਤੇ ਮੱਠਾਂ ਵਿਹਾਰਾਂ ਨੂੰ ਜ਼ਮੀਨਾਂ ਦਾਨ ਕਰਦੇ। ਖਾਰਾਵੇਲਾ ਹਾਥੀਗੁੰਫਾ ਸ਼ਿਲਾਲੇਖ, ਨੰਦ ਅਤੇ ਚੇਦੀ ਰਾਜਿਆਂ ਦਰਮਿਆਨ ਹੋਈ ਜੰਗ ਦਾ ਬਹੁਤ ਮਹੱਤਵਪੂਰਣ ਧਾਰਮਿਕ ਚਿੰਨ੍ਹ ਹੈ। ਇੰਦਰ, ਕਾਰਤਿਕਯ ਅਤੇ ਦੁਰਗਾ ਜਿਹੇ ਦੇਵੀ ਦੇਵਤਿਆਂ ਦੀ ਪ੍ਰਸਿੱਧੀ ਦਰਅਸਲ ਜੰਗਾਂ ਯੁੱਧਾਂ ਨਾਲ ਹੋਈਆਂ ਜਿੱਤਾਂ ਨਾਲ ਹੀ ਜੁੜੀ ਹੈ। ਜਿਵੇਂ ਕਿ ਮਹਾਭਾਰਤ ਅਤੇ ਰਾਮਾਇਣ 'ਚ ਦੇਖਿਆ ਗਿਆ ਹੈ ਕਿ ਦੇਵੀ/ਦੇਵਤਿਆਂ ਅਤੇ ਅਸੁਰਾਂ ਵਿਚਲੀ ਹਿੰਸਾ ਅਕਸਰ ਬੜੇ ਨਾਟਕੀ ਅੰਦਾਜ਼ 'ਚ ਮਾਨਵੀ ਜਗਤ 'ਚ ਥਾਂ ਬਦਲੀ

ਕਰ ਲੈਂਦੀ ਹੈ।

ਪੁਰਾਤਨ ਉਤਰੀ ਭਾਰਤ ਦੇ ਇਤਿਹਾਸ ਵਿਚ ਪਾਏ ਜਾਂਦੇ ਧਾਰਮਿਕ ਪਾਠ ਅਤੇ ਰਾਜਨੀਤਕ ਬਿਰਤਾਂਤ ਬ੍ਰਾਹਮਣਵਾਦ, ਬੁੱਧਵਾਦ ਅਤੇ ਜੈਨਵਾਦ ਵਿਚਾਲੇ ਬੜੀ ਵਿਲੱਖਣ ਤਰ੍ਹਾਂ ਦਾ ਮੁਕਾਬਲਾ ਰਿਹਾ। ਅਸ਼ੋਕ ਦੇ ਸ਼ਿਲਾਲੇਖ ਬੋਧੀ ਸੰਘਾਂ ਅੰਦਰ ਦੁਸ਼ਮਨੀਆਂ, ਵਿਰੋਧਾਂ, ਮੱਤਭੇਦਾਂ ਅਤੇ ਕਲਹ ਕਲੇਸ਼ ਦੇ ਸੰਕੇਤ ਦਿੰਦੇ ਹਨ। ਬਾਰ੍ਹਵੇਂ ਸ਼ਿਲਾਲੇਖ 'ਚ ਅਸ਼ੋਕ ਨੇ ਧਾਰਮਿਕ ਮੱਤਭੇਦਾਂ ਨੂੰ ਮਿਟਾਅ ਕੇ ਸੌਹਾਰਦ ਅਤੇ ਸਦਭਾਵਨਾ ਬਣਾਈ ਰੱਖਣ ਦੀ ਬੜੀ ਭਾਵੁਕ ਅਪੀਲ ਕੀਤੀ। ਪਰ ਕੀ ਇਹ ਵਿਚਾਰ ਚਰਚਾਵਾਂ, ਸਪੱਰਧਾਵਾਂ ਅਤੇ ਮੁਕਾਬਲੇ ਦੀਆਂ ਭਾਵਨਾਵਾਂ, ਮੱਤਭੇਦ ਅਤੇ ਵਿਰੋਧ ਕਦੇ ਅਸਲ ਹਿੰਸਾ 'ਚ ਪਰਿਵਤਿਤ ਹੋਏ ? ਰਾਜਾ ਪੁਸ਼ਿਆਮਿੱਤਰ, ਮਿਹਰਕੁੱਲ ਅਤੇ ਸ਼ਸ਼ਾਂਕ ਬੋਧੀ ਪਰੰਪਰਾ 'ਚ ਧਾਰਮਿਕ ਹਿੰਸਾ ਅਤੇ ਸਜ਼ਾਵਾਂ ਵਾਸਤੇ ਬਦਨਾਮ ਸਨ। ਰਾਜੇ ਵਿਭਿੰਨ ਪ੍ਰਕਾਰ ਦੇ ਲਾਭਵੰਤਾਂ ਦਾ ਬਿਨਾ ਉਨ੍ਹਾਂ ਦੇ ਧਰਮ ਨੂੰ ਦੇਖਦੇ ਹੋਏ ਕਈ ਢੰਗਾਂ ਨਾਲ ਪੋਸ਼ਣ ਕਰਦੇ ਸਨ। ਇਹ ਇਕ ਤਰ੍ਹਾਂ ਦਾ ਜੋੜਵਾਦੀ ਮੱਤਵਾਦ ਸੀ। ਇਹ ਬਹੁਵਾਦੀ ਧਾਰਮਿਕ ਨੀਤੀ ਬਿਨਾ ਸ਼ੱਕ ਰਾਜਨੀਤਕ ਹਿੱਤਾਂ ਤੋਂ ਪ੍ਰੇਰਿਤ ਹੁੰਦੀ ਸੀ ਪਰ ਇਹ ਇਕ ਬਹੁਰੰਗਾ ਧਾਰਮਿਕ ਦ੍ਰਿਸ਼ ਵੀ ਪ੍ਰਸਤੁਤ ਕਰਦੀ ਸੀ। ਇਹ ਇਕ ਅਜਿਹੀ ਧਾਰਮਿਕ ਨੀਤੀ ਸੀ ਜਿਸ ਕਾਰਣ ਸ਼ਾਇਦ ਹੀ ਵੱਡੇ ਪੱਧਰ 'ਤੇ ਧਾਰਮਿਕ ਟਕਰਾਓ ਅਤੇ ਹਿੰਸਾ ਹੋਈ ਹੋਵੇ। ਇਹ ਅੱਜ ਦੇ ਵਰਤਮਾਨ ਅਤੇ ਭਵਿੱਖ ਲਈ ਵੱਡਾ ਸਬਕ ਹੈ।

ਇੰਝ ਇਹ ਮੱਤਵਾਦੀ ਧਰਮ ਨਾ ਹੋ ਕੇ ਧਰਮ ਦਾ ਇਕ ਅਮੂਰਤ ਵਿਚਾਰ ਵੱਧ ਸੀ ਜੋ ਪੁਰਾਤਨ ਭਾਰਤ ਦਾ ਰਾਜਨੀਤਕ ਪ੍ਰਵਚਨ ਦੇ ਕੇਂਦਰ 'ਚ ਸੀ। ਇਕ ਨਹੀਂ ਬਲਕਿ ਕਈ ਧਰਮ ਅਤੇ ਧਮ ਓਸ ਸਮੇਂ ਵਿਚਰ ਰਹੇ ਸਨ। ਬ੍ਰਹਾਮਣਵਾਦੀ ਪਰੰਪਰਾ 'ਚ ਧਰਮ ਦੀਆਂ ਬਹੁਤ ਜੜ੍ਹਾਂ ਸਨ। ਇਹ ਇਕ ਵੀ ਸੀ ਅਤੇ ਕਈ ਵੀ। ਇਕਜੁੱਟ ਵੀ ਸੀ ਤੇ ਪ੍ਰਸੰਗਿਕ ਵੀ। ਸਦੀਵੀ ਵੀ ਸੀ ਅਤੇ ਪਰਿਵਰਤਨੀ ਵੀ। ਵਰਣ ਅਤੇ ਆਸ਼ਰਮ ਦੇ ਜ਼ੁਲਮਾਂ ਦੇ ਬਾਵਜੂਦ ਧਰਮ ਹਮੇਸ਼ਾ ਸਰਵੋਪਰੀਯ ਰਿਹਾ। ਜਿਵੇਂ ਮਹਾਭਾਰਤ ਅਨੁਸਾਰ ਧਰਮ ਸੂਖ਼ਮ ਅਤੇ ਦੁਰਬੋਧ ਹੈ। ਦੂਜੇ ਪਾਸੇ ਬੁੱਧਵਾਦ ਅਤੇ ਜੈਨ ਪਰੰਪਰਾ ਵਿਚ ਧਮ ਸਿਧਾਂਤਕ, ਸਥਿਰ, ਸਮੁੱਚਭਾਵੀ ਹੈ ਅਤੇ ਇਸ ਦੀ ਸੱਤਾ 'ਤੇ ਕਿੰਤੂ ਪ੍ਰੰਤੂ ਨਹੀਂ ਕੀਤਾ ਜਾ ਸਕਦਾ। ਧਰਮ ਦੇ ਸੁਭਾਅ 'ਚ ਇਹ ਵੱਖਰਤਾਵਾਂ ਦੇ ਕਈ ਪਰਿਪੇਖ ਹਨ ਜੋ ਰਾਜਸ਼ਾਹੀ, ਧਰਮ ਅਤੇ ਤਿਆਗ ਵਿਚਲੇ ਆਪਸੀ ਸਬੰਧ ਦਰਸਾਉਂਦੇ ਹਨ। ਸ਼ੁਰੂ ਤੋਂ ਹੀ ਜੈਨ ਅਤੇ ਬੁੱਧ ਨੇ ਤਿਆਗ ਨੂੰ ਰਾਜੇ ਤੋਂ ਉੱਤਮ ਮੰਨਿਆ। ਦੂਜੇ ਪਾਸੇ ਬ੍ਰਾਹਮਣਵਾਦ ਅਤੇ ਹਿੰਦੂਵਾਦ 'ਚ ਰਾਜੇ ਅਤੇ ਬ੍ਰਾਹਮਣ ਵਿਚਲੇ ਸਬੰਧਾਂ ਬੜੇ ਗੁੰਝਲਦਾਰ, ਅਸਪੱਸ਼ਟ ਅਤੇ ਅਣਸੁਲਝੇ ਰਹੇ। ਬ੍ਰਾਹਮਣਵਾਦੀ ਗ੍ਰੰਥਾਂ 'ਚ ਧਰਮ ਦੀ ਸਰਵੋਪਰੀਅਤਾ ਅਤੇ ਉਤੱਮਤਾ 'ਤੇ ਬਲ ਦਿੱਤਾ ਗਿਆ ਪਰ ਇਹ ਉਤਮਤਾ ਅਕਸਰ ਧਾਰਮਿਕ ਸੰਸਥਾ, ਗ੍ਰੰਥ ਅਤੇ ਰੀਤ ਦੀ ਗ਼ੈਰਹਾਜ਼ਰੀ 'ਚ ਤਿੜਕ ਜਾਂਦੀ।

ਅਸੀ ਪਹਿਲਾਂ ਹੀ ਦੇਖ ਚੁੱਕੇ ਹਾਂ ਕਿ ਕਿਵੇਂ ਸਾਧਾਰਣ ਪੱਧਰ 'ਤੇ ਪ੍ਰਾਚੀਨ ਭਾਰਤੀ ਵਿਚਾਰ ਇਸ ਜਾਗਰਤੀ ਦਾ ਔਖਿਆਈ ਨਾਲ ਪ੍ਰਦਰਸ਼ਨ ਕਰਦਾ ਹੈ ਕਿ ਹਿੰਸਾ ਰਾਜਨੀਤਕ ਸੱਤਾ ਦੇ ਵਿਵਹਾਰ 'ਚ ਵਿਰਾਸਤੀ ਹੈ। ਰੌਚਿਕ ਤੌਰ 'ਤੇ ਇਹ ਸ਼ਾਇਦ ਇਸ ਲਈ ਵੀ ਕਿ ਬੁੱਧ ਅਤੇ ਜੈਨ ਮੱਤ 'ਚ ਸ਼ੁਰੂ 'ਚ ਅਹਿੰਸਾ ਦੀ ਮਹਾਨ ਮਹੱਤਤਾ ਹੈ ਪਰ ਇਸ 'ਚ ਰਾਜਨੀਤਕ ਹਿੰਸਾ ਸ਼ਾਮਿਲ ਨਹੀਂ ਸੀ। ਇਸ ਸਮੱਸਿਆ 'ਤੇ ਬ੍ਰਾਹਮਣੀ ਗ੍ਰੰਥਾਂ ਖ਼ਾਸ ਕਰਕੇ ਮਹਾਭਾਰਤ ਵਿਚ ਬੜਾ

ਵਿਸਥਾਰ ਸਹਿਤ ਚਰਚਾ ਕੀਤਾ ਗਿਆ ਹੈ। ਪਰ ਫਿਰ ਵੀ ਅਹਿੰਸਾ ਦੇ ਪ੍ਰਚਵਨ ਵਾਹੇ ਉਹ ਬੁੱਧ ਤੇ ਜੈਨ ਮੱਤ 'ਚ ਹੋਣ ਜਾਂ ਬ੍ਰਾਹਮਣੀ ਸਮਾਨਯ ਧਰਮ ਦੇ ਵਿਚਾਰ 'ਚ ਹੋਣ ਰਾਜਨੀਤਕ ਹਿੰਸਾ ਲਈ ਪ੍ਰਤੀਕਰਮ ਸਾਰੀਆਂ ਪਰੰਪਰਾਵਾਂ 'ਚ ਸਿਧਾਂਤ ਅਤੇ ਵਿਹਾਰ ਦੀ ਪੱਧਰ 'ਤੇ ਇਕੋ ਜਿਹਾ ਰਿਹਾ। ਇਹ ਜੰਗਾਂ ਯੁੱਧਾਂ ਦੇ ਪ੍ਰਸੰਗ 'ਚ ਤਾਂ ਹੋਰ ਵੀ ਸਪੱਸ਼ਟ ਹੋ ਜਾਂਦੈ।

ਜੰਗਾਂ ਯੁੱਧਾਂ ਦਾ ਕੋਈ ਇਕਸਾਰ ਜਾਂ ਸੰਗਤੀਮੂਲਕ ਹਿੰਦੂ ਸਿਧਾਂਤ ਨਹੀਂ ਹੈ ਉਵੇਂ ਹੀ ਜਿਵੇਂ ਬੋਧੀ ਤੇ ਜੈਨੀ ਅਤੇ ਇਸ ਬਾਬਤ ਕਈ ਗ਼ੈਰ ਧਾਰਮਿਕ ਪਰਿਪੇਖ ਵੀ ਹਨ। ਮਹਾਭਾਰਤ, ਭਗਵਦ ਗੀਤਾ, ਅਰਥਸ਼ਾਸਤਰ ਅਤੇ ਰਘੂਵੰਸ਼ ਵਿਚ 'ਧਰਮ ਯੁੱਧ' ਜਾਂ 'ਧਰਮ ਵਿਜਯ' ਨੂੰ ਨਿਆਂਮੂਲਕ ਜੰਗ ਜਾਂ ਜਿੱਤ ਕਈ ਤਰ੍ਹਾਂ ਦੇ ਕਾਰਣ ਦਿੰਦਿਆਂ ਕਿਹਾ ਹੈ। ਇਸ ਨੂੰ ਪਰ 'ਧਾਰਮਿਕ ਯੁੱਧ' ਦੀਆਂ ਇਨ੍ਹਾਂ ਤਿੰਨ ਉਦਾਹਰਣਾਂ ਤੋਂ ਵੱਖਰਿਆ ਕੇ ਵੇਖਣਾ ਚਾਹੀਦਾ ਹੈ। ਮਹਾਯਾਨ ਦੇ 'ਮਹਾਪਰਨਿਰਵਾਣ ਸੂਤਰ' 'ਚ ਕਿਹਾ ਗਿਆ ਹੈ ਕਿ ਜਿਹੜੇ ਇਸ ਸਿਧਾਂਤ ਦਾ ਅਨੁਪਾਲਣ ਨਹੀਂ ਕਰਦੇ ਜਾਂ ਸਮੁੱਚੇ ਰੂਪ 'ਚ ਇਸਦਾ ਅਨੁਸਰਣ ਨਹੀਂ ਕਰਦੇ ਉਨ੍ਹਾਂ ਨੂੰ ਨਿਰਸੰਕੋਚ ਅਤੇ ਬਿਨਾ ਕਿਸੇ ਪਛਤਾਵੇ ਦੇ ਮਾਰਿਆ ਜਾ ਸਕਦਾ ਹੈ। ਅਜਿਹੇ ਲੋਕਾਂ ਨੂੰ ਮਾਰਨਾ ਉਵੇਂ ਹੀ ਹੈ ਜਿਵੇਂ ਕਿਸੇ ਰੁੱਖ ਨੂੰ ਕੱਟਣਾ, ਘਾਹ ਨੂੰ ਵੱਢਣਾ ਜਾਂ ਕਿਸੇ ਲਾਸ਼ ਦਾ ਚੀਰ ਫਾੜ ਕਰਨਾ। ਵਜਰਯਾਨ ਗ੍ਰੰਥਾਂ 'ਚੋਂ ਵੀ ਅਜਿਹੀ ਹੀ ਗੂੰਜ ਸੁਣਾਈ ਦਿੰਦੀ ਹੈ। ਰਾਜਾ, ਸੰਘ ਅਤੇ ਹਿੰਸਾ ਦੇ ਨਜ਼ਦੀਕੀ ਸਬੰਧ ਸ੍ਰੀ ਲੰਕਾ ਦੇ ਮੁੱਢਲੇ ਇਤਿਹਾਸ ਵਿਚੋਂ ਝਲਕ ਜਾਂਦੇ ਹਨ ਜਦੋਂ ਤੀਜੀ ਸਦੀ ਮਹਾਵਿਹਾਰ ਅਤੇ ਅਭਿਆਗਿਰੀ ਮੱਠਵਿਹਾਰ ਦੇ ਹਿੰਸਕ ਟਕਰਾਓ ਨੂੰ ਰਾਜਾ ਮਹਾਸੇਨ ਦੀ ਛਹਿ ਹਾਸਿਲ ਸੀ। ਪੰਜਵੀਂ ਸਦੀ ਵਿਚ 'ਮਹਾਵਮਸਾ' ਵਿਚ ਦਰਜ ਹੈ ਕਿ ਸ੍ਰੀ ਲੰਕਾ ਦੇ ਰਾਜਾ ਦੱਥਾਗਾਮਨੀ ਨੇ ਤਮਿਲ ਰਾਜਾ ਇਲਾਰਾ ਨਾਲ ਧਰਮ ਯੁੱਧ ਲੜਿਆ ਤਾਂ ਬੁੱਧ ਧਮ ਦਾ ਗੌਰਵ ਸਥਾਪਿਤ ਕੀਤਾ ਜਾ ਸਕੇ। ਰਾਜਾ ਦੱਤਾਗਾਮਨੀ ਨੂੰ ਅਨੁਰਾਧਾਪੁਰ 'ਤੇ ਪੰਜ ਸੌ ਭਿਖਸ਼ੂਆਂ ਨਾਲ ਹਮਲਾ ਕਰਦਾ ਦਿਖਾਇਆ ਗਿਆ ਹੈ ਅਤੇ ਉਸਦੇ ਹੱਥ ਵਿਚ ਭਾਲਾ ਹੈ। ਅਰਹੰਤਾਂ ਦੇ ਸਮੂਹ ਨੇ ਉਸਨੂੰ ਵਿਸ਼ਵਾਸ ਦਿਵਾਇਆ ਕਿ ਉਸਨੇ ਯੁੱਧ ਛੇੜ ਕੇ ਕੋਈ ਅਪਾਰਧ ਨਹੀਂ ਕੀਤਾ ਕਿਉਂਕਿ ਬਦੀ ਦਾ ਨਾਸ ਕਰਨਾ ਨੈਤਿਕ ਤੌਰ 'ਤੇ ਜਾਨਵਰ ਨੂੰ ਮਾਰਨ ਤੋਂ ਬੁਰਾ ਨਹੀਂ।

ਬਾਅਦ 'ਚ ਵੀ ਬੋਧੀ ਪਰੰਪਰਾਵਾਂ ਯੁੱਧ ਦੀ ਹਿੰਸਾ ਨੂੰ ਬੜੇ ਉਤਸਾਹ ਨਾਲ ਉਚਿਤ ਠਹਿਰਾਇਆ ਗਿਆ ਹੈ। ਵੀਹਵੀਂ ਸਦੀ ਦੇ ਆਰੰਭ 'ਚ ਜੈਨ ਬੁੱਧਵਾਦ ਨੇ ਜਪਾਨੀ ਸੈਨਿਕ ਅਭਿਆਨਾਂ ਨੂੰ ਇਸ ਤਰਕ ਨਾਲ ਵਿਚਾਰਧਾਰਾ ਪ੍ਰਦਾਨ ਕੀਤੀ ਕਿ ਦੂਜੇ ਦੀ ਜਾਨ ਲੈਣ ਨਾਲ ਬਾਅਦ 'ਚ ਬੁੱਧ ਪ੍ਰਕਿਰਤੀ ਨੂੰ ਮਿਲਦੀ ਹੈ। ਜਦੋਂ ਕੋਈ ਅਜਿਹੀ ਸਥਿਤੀ 'ਚ ਅੱਪੜ ਜਾਂਦਾ ਹੈ ਤਾਂ ਹੋਂਦ ਅਤੇ ਨਾਹੋਂਦ, ਜੀਵਨ ਅਤੇ ਮੌਤ, ਮਾਰਨਾ ਅਤੇ ਨਾ-ਮਾਰਨ 'ਚ ਕੋਈ ਅੰਤਰ ਨਹੀਂ ਰਹਿੰਦਾ। ਭਾਵੇਂ ਕਿ ਮੁੱਢਲੇ ਬੁੱਧਵਾਦ 'ਚ ਆਤਮ ਹੱਤਿਆ ਦੀ ਅਨੁਸ਼ੰਸਾ ਨਹੀਂ ਪਰ ਰਾਜਨੀਤਕ ਕਾਰਣਾਂ ਕਰਕੇ ਭਿਖਸ਼ੂਆਂ ਵੱਲੋਂ ਆਪਣੇ ਆਪ ਨੂੰ ਮਾਰਨ ਦੀ ਪਰੰਪਰਾ ਰਹੀ ਹੈ। ਇਸਦੀ ਉਦਾਹਰਣ 1950-70 ਦੌਰਾਨ ਅਮਰੀਕਾ ਦੀ ਦਖ਼ਲਅੰਦਾਜ਼ੀ ਵਿਰੁਧ ਵੀਅਤਨਾਮੀ ਭਿਖਸ਼ੂਆਂ ਵੱਲੋਂ ਆਪਣੇ ਆਪ ਦਾ ਬਲੀਦਾਨ ਦੇਣਾ ਅਤੇ ਚੀਨੀ ਕਬਜ਼ੇ ਵਿਰੁਧ ਰੋਸ ਪ੍ਰਦਰਸ਼ਨ ਕਰਨ ਦੌਰਾਨ ਤਿੱਬਤੀ ਭਿਖੂਆਂ ਵੱਲੋਂ ਕੀਤੇ ਆਤਮਦਾਹ ਵੀ ਸ਼ਾਮਿਲ ਹੈ।

ਏਸ਼ੀਆਈ ਇਤਿਹਾਸ 'ਚ ਕਈ ਹਿੰਸਕ ਘਟਨਾਵਾਂ ਮਿਲਦੀਆਂ ਹਨ ਜਿਸ ਵਿਚ ਬੁੱਧ ਮੱਤ ਨੇ ਸਿੱਧੇ ਰੂਪ 'ਚ ਸਟੇਟ ਦੀ ਹਿੰਸਾ ਜਾਂ ਬਾਗ਼ੀਆਂ ਵਿਰੁਧ ਹਿੰਸਾ ਨੂੰ ਉਚਿਤ ਠਹਿਰਾਇਆ

ਗਿਆ ਹੈ ਪਰ ਭਾਰਤ 'ਚ ਅਜਿਹੇ ਉਦਾਹਰਣ ਬਹੁਤ ਘੱਟ ਮਿਲਦੇ ਹਨ। ਇਸਦਾ ਕਾਰਣ ਸ਼ਾਇਦ ਰਾਜਸੱਤਾ, ਸਮਾਜ ਅਤੇ ਸੰਘ ਵਿਚਲੇ ਆਪਸੀ ਸਬੰਧ ਹਨ। ਪ੍ਰਾਚੀਨ ਭਾਰਤ 'ਚ ਬੁੱਧ ਮੱਤ ਨੇ ਰਾਜਸੱਤਾ ਨੂੰ ਹਥਿਆਉਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ (ਅਸ਼ੋਕ ਕਾਲ ਦੌਰਾਨ ਵੀ ਨਹੀਂ) ਅਤੇ ਨਾ ਹੀ ਇਸ ਵਿਰੁਧ ਕੋਈ ਸ਼ਕਤੀਸ਼ਾਲੀ ਚੁਣੌਤੀ ਰੱਖੀ। ਨਾ ਇਹ ਕੋਈ ਬਾਹਰੀ ਸਮਾਜਿਕ ਵਿਰੋਧ ਦੀ ਲਹਿਰ ਦੀ ਵਿਚਾਰਧਾਰਾ ਬਣੀ। ਪ੍ਰਾਚੀਨ ਭਾਰਤ 'ਚ ਰਾਜਨੀਤਕ ਸੱਤਾ ਅਤੇ ਸਮਾਜਿਕ ਟਕਰਾਓ ਤੋਂ ਸਾਪੇਖੀ ਤੌਰ 'ਤੇ ਦੂਰ ਰਹਿਣਾ ਹੀ ਸ਼ਾਇਦ ਬੁੱਧ ਮੱਤ ਦੇ ਅੰਤਿਮ ਰੂਪ 'ਚ ਉਪਮਹਾਦੀਪ 'ਚੋਂ ਹਾਸ਼ੀਏ 'ਤੇ ਜਾਣ ਬਾਅਦ ਪਤਨ ਹੋਣ ਦਾ ਕਾਰਣ ਹੋ ਸਕਦਾ ਹੈ।

ਪ੍ਰਾਚੀਨ ਭਾਰਤ 'ਚ ਕਈ ਅਜਿਹੇ ਗ੍ਰੰਥ ਸਨ ਜਿਨ੍ਹਾਂ ਦਾ ਰਾਜਨੀਤਕ ਵਿਚਾਰਾਂ ਅਤੇ ਰਾਜਨੀਤਕ ਹਿੰਸਾ 'ਤੇ ਬੜਾ ਦੀਰਘ ਕਾਲੀ ਪ੍ਰਭਾਵ ਪਿਆ। 'ਮਨੁਸਿਮਰਤੀ', 'ਰਘੂਵੰਸ਼', 'ਅਰਥਸ਼ਾਸਤਰ' ਅਤੇ 'ਨੀਤੀਸਾਰ' ਜਿਹੇ ਗ੍ਰੰਥਾਂ ਉਪਰ ਮਿਲਦੀਆਂ ਟਿੱਪਣੀਆਂ ਅਤੇ ਇਨ੍ਹਾਂ ਦੀਆਂ ਵਿਆਖਿਆਵਾਂ, ਪੁਨਰ ਵਿਆਖਿਆਵਾਂ ਦੀ ਬੌਧਿਕ ਜੀਵਨ 'ਚ ਬੜੀ ਮਹੱਤਵਪੂਰਣ ਪ੍ਰਸੰਗਿਕਤਾ ਬਣੀ ਰਹੀ। ਮਹਾਭਾਰਤ ਅਤੇ ਰਮਾਇਣ ਦੇ ਕਈ ਪ੍ਰਾਰੂਪਾਂ ਨੇ ਨਿਰੰਤਰ ਰੂਪ 'ਚ ਆਪਣਾ ਸੱਭਿਆਚਾਰਕ ਪ੍ਰਭਾਵ ਕਾਇਮ ਕੀਤੀ ਰੱਖਿਆ। ਇਕੋ ਜਿਹੇ ਵਿਚਾਰ ਕਈ ਵਾਰ ਲਗ ਪੱਗ ਉਹੀ ਭਾਸ਼ਾ ਅਤੇ ਸ਼ਬਦਾਵਲੀ 'ਚ ਕਈ ਮਹਾਕਾਵਿਾਂ, ਧਾਰਮਿਕ ਪਾਠਾਂ, ਅਤੇ ਧਰਮ ਅਤੇ ਰਾਜਨੀਤਕ ਲਿਖਤਾਂ, ਕਵਿਤਾ ਅਤੇ ਨਾਟਕਾਂ ਅਤੇ ਸ਼ਿਲਾਲੇਖਾਂ 'ਚ ਦੋ ਵਿਭਿੰਨ ਰਾਜਨੀਤਕ ਸਮਝਾਂ ਦਰਮਿਆਨ ਹੋਏ ਸੰਵਾਦ 'ਚ ਪ੍ਰਗਟਾਏ ਗਏ। ਇਸ ਬਾਰੇ ਇੰਝ ਕਈ ਵਾਰ ਪਤਾ ਲਾਉਣਾ ਕਠਿਨ ਹੋ ਜਾਂਦੈ ਕਿ ਕਿਹੜਾ ਵਿਚਾਰ ਕਿਥੋਂ ਆਇਆ ਅਤੇ ਕਿਸਨੇ ਇਕ ਵਿਚਾਰ ਕਿਸ ਕੋਲੋਂ ਗ੍ਰਹਿਣ ਕੀਤੀ।

ਸ਼ਿਲਾਲੇਖਾਂ ਦੁਆਰਾ ਪੈਦਾ ਹੋਏ ਪ੍ਰਵਚਨ ਅਤੇ ਉਪਮਹਾਦੀਪ 'ਚ ਮਿਲਦੀਆਂ ਦਾਨ ਲਿਖਤਾਂ ਤੋਂ ਪਤਾ ਚੱਲਦਾ ਹੈ ਕਿ ਰਾਜਨੀਤਕ ਵਿਚਾਰਾਂ ਅਤੇ ਨੀਤੀਆਂ 'ਚ ਕਿੰਨੀਆਂ ਹੈਰਾਨ ਕਰਨ ਵਾਲੀਆਂ ਸਮਰੂਪਤਾਵਾਂ ਮਿਲਦੀਆਂ ਹਨ। ਦੂਜੇ ਪਾਸੇ ਸਦੀਆਂ ਬੀਤਣ ਨਾਲ ਬੜੀਆਂ ਮਹੱਤਵਪੂਰਣ ਤਬਦੀਲੀਆਂ ਵਾਪਰੀਆਂ। ਗਿਰਨਾਰ 'ਚ ਅਸ਼ੋਕ, ਰੁਦਰਾਰਮਨ ਅਤੇ ਸਕੰਦਗੁਪਤ ਦੇ ਸ਼ਿਲਾਲੇਖਾਂ ਅਤੇ ਅਲਾਹਾਬਾਦ ਦੇ ਸਤੰਭ ਉਪਰ ਖੁਦੀਆਂ ਹੋਈਆਂ ਅਸ਼ੋਕ, ਸਮੁਦਰਗੁਪਤ ਅਤੇ ਜਹਾਂਗੀਰ ਦੀਆਂ ਲਿਖਤਾਂ ਵਿਚ ਕਈ ਵਿਭਿੰਨ ਸਮਿਆਂ ਦੇ ਰਾਜਨੀਤਕ ਵਿਚਾਰ ਮਿਲਦੇ ਹਨ। ਕਹਿਣ ਤੋਂ ਭਾਵ ਹੈ ਕਿ ਪ੍ਰਾਚੀਨ ਸਤੰਭ ਦਾ ਮੱਧਕਾਲ ਵਿਚ ਮੁੜ ਵਰਤੋਂ ਆਪਣੇ ਆਪ 'ਚ ਇਕ ਰੌਚਕ ਤੱਥ ਹੈ। ਇਸ 'ਤੇ ਵੀ ਕਾਫ਼ੀ ਚਰਚਾ ਹੋਈ ਹੈ ਕਿ ਇਨ੍ਹਾਂ ਸਤੰਭਾਂ ਦਾ ਭਾਰੀ ਮਾਤਰਾ 'ਚ ਪ੍ਰਚਲਨ ਸੀ ਅਤੇ ਇਨ੍ਹਾਂ ਨੇ ਮੱਧਕਾਲੀ ਭਾਰਤ ਵਿਚ ਪਰਾਸੱਭਿਆਚਾਰਕ ਪਛਾਣਾਂ ਦੇ ਉਭਾਰ 'ਚ ਵੱਡੀ ਭੂਮਿਕਾ ਨਿਭਾਈ।

ਉਨ੍ਹਾਂ ਮਹਾਕਾਵਿਾਂ ਨੇ ਪ੍ਰਾਚੀਨ ਭਾਰਤ ਤੋਂ ਲੈ ਕੇ ਅੱਜ ਤੱਕ ਦੇ ਰਾਜਨੀਤਕ ਪ੍ਰਵਚਨ ਵਿਚ ਮਹੱਤਵਪੂਰਣ ਅਤੇ ਗਤੀਮਾਨ ਸਰੋਤਾਂ ਵਜੋਂ ਮਹੱਤਵਪੂਰਣ ਭੂਮਿਕਾ ਨਿਭਾਈ ਜਿਨ੍ਹਾਂ ਦੇ ਬਿਰਤਾਂਤ ਅਤੇ ਕਥਾ ਪ੍ਰਵਾਹ 'ਚ ਹਿੰਸਕ ਜੰਗਾਂ ਯੁੱਧਾਂ ਦਾ ਵਰਨਣ ਹੈ। ਪ੍ਰਾਚੀਨ ਭਾਰਤੀ ਅਤੇ ਏਸ਼ੀਆਈ ਇਤਿਹਾਸ 'ਚ ਮਹਾਭਾਰਤ ਅਤੇ ਰਮਾਇਣ ਦਾ ਮਹੱਤਵ ਪੁਰਾਤਨਤਾ ਅਤੇ ਇਤਿਹਾਸਕਤਾ ਤੋਂ ਕਿਤੇ ਪਰ੍ਹਾਂ ਦਾ ਹੈ। ਭਾਵੇਂਕਿ ਇਹ ਘਟਨਾ ਅਸਲ 'ਚ ਇਤਿਹਾਸ ਵਿਚ ਵਾਪਰੀ ਜਾਂ ਨਹੀਂ ਇਹ ਓਨਾਂ ਮਹੱਤਵਪੂਰਣ ਨਹੀਂ ਜਿੰਨਾਂ ਕਿ ਇਸਦੇ ਵਾਪਰਣ ਦਾ ਪ੍ਰਭਾਵ

ਸਦੀਆਂ ਦੇ ਅੰਤਰਾਲ 'ਚ ਫੈਲੇ ਬਹੁਵੰਦੇ ਅਤੇ ਬਹੁਭਾਂਤੀ ਦੇ ਸੱਭਿਆਚਾਰ 'ਤੇ ਪੈਣ ਕਾਰਣ ਹੈ ਜਿਸਨੂੰ ਏ. ਕੇ ਰਾਮਾਨੁਜਮ ਆਪਣੀ ਕਿਤਾਬ 'In the Collective Essays' ਵਿਚਲੇ ਲੇਖ 'Three Hunderd Ramayanas: Five Examples And Three Thoughts on Translations' ਵਿਚ 'ਰੂਪ' (Tellings) ਕਹਿੰਦਾ ਹੈ ਜੋ ਮੌਜੂਦਾ ਲਿਖਤ, ਬੋਲ, ਕਾਲਤਮਕ ਅਤੇ ਸੂਖ਼ਮ ਕਲਾ ਅਤੇ ਇਥੋਂ ਤੱਕ ਕੇ ਟੀਵੀ ਸੀਰੀਅਲਾਂ 'ਤੇ ਵੀ ਪਿਆ ਹੈ। ਵਾਲਮੀਕ ਦੀ ਰਮਾਇਣ ਤੋਂ ਇਲਾਵਾ ਰਾਮ ਬਾਰੇ ਕਈ ਹੋਰ ਪ੍ਰਭਾਵਸ਼ਾਲੀ 'Tellings' ਹਨ ਜਿਸ ਵਿਚ ਕੰਬਨ ਦੀ ਬਾਰ੍ਹਵੀਂ ਸਦੀ 'ਚ ਤਮਿਲ 'ਚ ਲਿਖੀ 'ਇਰਾਮਾਵਾਰਤਮ' ਅਤੇ ਸੋਲ੍ਹਵੀਂ ਸਦੀ 'ਚ ਅਵਧੀ 'ਚ ਤੁਲਸੀ ਦਾਸ ਵੱਲੋਂ ਲਿਖੀ ਰਮਾਇਣ ਸ਼ਾਮਿਲ ਹੈ। ਇਨ੍ਹਾਂ ਸਾਰੀਆਂ 'ਚ ਹਿੰਸਕ ਜੰਗਾਂ ਕੇਂਦਰੀ 'Tellings' ਹੈ। ਪਰ ਇਸਦੇ ਜੈਨ ਉਲੱਥਿਆਂ 'ਚ ਮਹੱਤਵਪੂਰਣ ਪਰਿਵਰਤਨ ਅਤੇ ਸੰਸ਼ੋਧਨ ਮਿਲਦੇ ਹਨ। ਜੈਨ 'ਪੌਮਚਾਰਿਉ' ਵਿਚ ਰਾਵਣ ਇਕ ਤ੍ਰਾਸਦਿਕ ਨਾਇਕ ਵਜੋਂ ਦਿਖਾਇਆ ਗਿਆ ਹੈ ਜੋ ਰਾਮ ਕੋਲੋਂ ਨਹੀਂ ਬਲਕਿ ਲਕਸ਼ਮਣ ਹੱਥੋਂ ਮਾਰਿਆ ਜਾਂਦਾ ਹੈ ਜੋ ਹਰ ਤਰ੍ਹਾਂ ਦੇ ਜੈਨ ਗੁਣਾਂ ਦਾ ਧਾਰਣੀ ਹੈ ਜਿਸ ਵਿਚ ਅਹਿੰਸਾ ਵੀ ਸ਼ਾਮਿਲ ਹੈ।

ਇਵੇਂ ਹੀ ਮਹਾਭਾਰਤ ਦੇ ਕਈ ਰੂਪ ਓਨੇਂ ਹੀ ਰੌਚਿਕ ਨੇ। ਜੈਨ ਮੱਤ ਬਾਈਵੇਂ ਤੀਰੰਥਕਾਰ ਅਰਿਸ਼ਤਾਨੇਮੀ ਅਤੇ ਪਾਂਡਵ ਅਤੇ ਯਾਦਵ (ਉਹ ਰਾਜ ਸੰਘ ਜਿਸ ਨਾਲ ਕ੍ਰਿਸ਼ਨ ਵਿ?ਰਸ਼ਣੀ ਸਬੰਧਿਤ ਹਨ) ਚੇਲੇ ਹਨ।ਮਗਧ ਦੇ ਰਾਜਾ ਜਰਾਸੰਧ ਤੇ ਯਾਦਵਾਂ ਦਰਮਿਆਨ ਵੱਡਾ ਯੁੱਧ ਹੁੰਦਾ ਹੈ ਜਿਸ ਵਿਚ ਪਾਂਡਵ ਯਾਦਵਾਂ ਵੱਲੋਂ ਲੜਦੇ ਹਨ ਅਤੇ ਸਮੁੱਚੇ ਰੂਪ 'ਚ ਬਲ ਬਹਾਦਰੀ 'ਤੇ ਨਹੀਂ ਤਿਆਗ ਅਤੇ ਜੈਨ ਗੁਣਾਂ ਅਤੇ ਸਿੱਖਿਆਵਾਂ 'ਤੇ ਹੈ। ਇਸ ਮਹਾਕਾਵਿ ਦਾ ਪ੍ਰਭਾਵ ਪ੍ਰਾਚੀਨ ਸਮਿਆਂ ਤੋਂ ਪਹਿਲਾਂ ਤੱਕ ਵੀ ਬਣਿਆ ਰਿਹਾ।ਅਕਬਰ ਵੱਲੋਂ ਕਰਵਾਏ ਮਹਾਭਾਰਤ ਦੇ ਫ਼ਾਰਸੀ 'ਚ ਅਨੁਵਾਦ 'ਰਜ਼ਮਨਾਮਾ' ਦਾ ਮੁਗ਼ਲ ਦਰਬਾਰ ਦੀ ਸਾਮਰਾਜਵਾਦੀ ਸੌਂਦਰਯ 'ਤੇ ਬਹੁਤ ਅਸਰ ਸੀ। ਆਧੁਨਿਕ ਸਮਿਆਂ 'ਚ ਮਹਾਤਮਾ ਗਾਂਧੀ ਦੇ ਰਾਮਰਾਜ ਦੇ ਸਟੇਟ ਬਾਰੇ ਸੰਕਲਪ ਅਤੇ ਵਰਤਮਾਨ ਦੌਰ 'ਚ ਹਿੰਦੂਤੱਵਵਾਦੀ ਰਾਜਨੀਤੀ 'ਤੇ ਬਹੁਤ ਵੱਡਾ ਪ੍ਰਭਾਵ ਹੈ ਜਿਸ ਕਾਰਣ ਅਯੋਧਿਆ ਸਥਿਤ ਬਾਬਰੀ ਮਸਜਿਦ ਢਾਹ ਦਿੱਤੀ ਗਈ।

ਹਿੰਸਾ ਅਤੇ ਅਹਿੰਸਾ ਭਗਵਦ ਗੀਤਾ ਦੀਆਂ ਕਈ ਵਿਆਖਿਆਵਾਂ ਦਾ ਕੇਂਦਰੀ ਮੁੱਦਾ ਹੈ। ਭਗਵਦ ਗੀਤਾ ਆਧੁਨਿਕ ਭਾਰਤੀ ਰਾਜਨੀਤਕ ਪ੍ਰਵਚਨ ਦਾ ਪ੍ਰਮੁੱਖ ਤੱਤ ਹੈ। ਮਹਾਤਮਾ ਗਾਂਧੀ ਨੇ ਵੀ ਭਗਵਦ ਗੀਤਾ ਨੂੰ ਅਹਿੰਸਾ ਦੀ ਦ੍ਰਿਸ਼ਟੀ ਤੋਂ ਪੜ੍ਹਿਆ।ਪਰ ਉਸਦੀ ਵਿਆਖਿਆ ਕਈ ਹੋਰ ਵਿਆਖਿਆਵਾਂ ਵਾਂਗ ਹੀ ਇਕ ਵਿਆਖਿਆ ਹੈ ਜੋ ਕਿ ਹਿੰਸਾ ਨੂੰ ਕਰੱਤਵ ਦੇ ਨੁਕਤਾ ਨਿਗਾਹ ਤੋਂ ਉਚਿਤ ਠਹਿਰਾਉਂਦੀ ਹੈ ਜਿਸ ਵਿਚ ਨਾ ਤਾਂ ਮਰਨ ਵਾਲੇ ਤੇ ਨਾ ਹੀ ਮਾਰਨ ਵਾਲੇ ਦਾ ਕੋਈ ਦੋਸ਼ ਹੈ।ਜੇ. ਰੋਬਰਟ ਓਪਨਹਾਈਮਰ ਨੇ ਭਗਵਦ ਗੀਤਾ ਦੇ ਇਸੇ ਸ਼ਲੋਕ ਦਾ ਹਵਾਲਾ ਦਿੱਤਾ ਸੀ ਜਿਸ ਵਿਚ ਕਰੱਤਵ ਦੇ ਦ੍ਰਿਸ਼ਟੀਕੋਣ ਤੋਂ 16 ਜੁਲਾਈ 1945 ਨੂੰ ਨਿਊ ਮੈਕਸੀਕੋ ਵਿਖੇ ਸੰਸਾਰ ਦਾ ਸੱਭ ਤੋਂ ਪਹਿਲਾ ਪ੍ਰਮਾਣੂ ਪਰੀਖਣ ਕੀਤਾ ਗਿਆ ਸੀ।

ਇਸਤੋਂ ਇਲਾਵਾ ਪ੍ਰਾਚੀਨ ਭਾਰਤ ਦੇ ਹੋਰ ਗ੍ਰੰਥਾਂ ਵਿਚੋਂ ਭਾਸ ਦੇ ਕਾਵਿ ਨਾਟਕਾਂ ਵਿਚ ਹਿੰਸਾ 'ਤੇ ਚਰਚਾ ਹੋਈ ਹੈ।ਅੱਜ ਵੀ ਕੇਰਲ ਵਿਚ ਕੁਟੀਅੱਟਮ ਮੰਦਿਰਾਂ ਦੇ ਨਾਟ ਮੰਚਾਂ 'ਤੇ ਭਾਸ ਦੇ ਨਾਟਕਾਂ ਦਾ ਮੰਚਨ ਹੁੰਦਾ ਹੈ। 1905 'ਚ ਕੌਟਲਿਯ ਦੇ ਅਰਥਸ਼ਾਸਤਰ ਦੀ ਮੁੜ ਖੋਜ ਨਾਲ ਪ੍ਰਾਚੀਨ ਭਾਰਤੀ ਰਾਜਨੀਤਕ ਵਿਚਾਰ ਤੇ ਸੋਚ ਦਾ ਮੁੜ ਆਕਲਨ ਕੀਤਾ ਗਿਆ। ਵੀਹਵੀਂ

ਸਦੀ ਦੇ ਆਰੰਭ 'ਚ ਬੰਗਾਲ, ਕੌਟਲਿਆ ਉਰਫ਼ ਚਾਣਕਿਆ ਨੂੰ ਭਾਰਤੀ ਬੌਧਿਕ ਚਰਚਾਵਾਂ, ਨਾਵਲਾਂ ਅਤੇ ਥੀਏਟਰ 'ਚ ਜ਼ਰੂਰੀ ਤੱਤ ਵਜੋਂ ਮੁੜਕਲਪਿਤ ਕੀਤਾ ਗਿਆ।

ਸਾਹਿਤ ਵਿਚ ਉਪਦੇਸ਼ਾਤਮਕ ਕਥਾਵਾਂ ਜੋ ਰਾਜਨੀਤਕ ਤੱਤਾਂ ਵਜੋਂ ਬਹੁਤ ਅਮੀਰ ਹੁੰਦੀਆਂ ਹਨ ਉਹ ਬੜੀ ਤੇਜ਼ੀ ਨਾਲ ਪੜ੍ਹੀਆਂ ਜਾਂਦੀਆਂ ਹਨ। ਬੋਧੀ ਸਤੂਪਾਂ ਵਿਚ ਮੂਰਤੀਆਂ ਦੀ ਘਾੜਤ ਰਾਹੀਂ ਪ੍ਰਸਤੁਤ ਹੋਈਆਂ ਜਾਤਕ ਕਥਾਵਾਂ ਦੇ ਕਈ ਸਥਾਨ ਹਨ। ਬਾਅਦ 'ਚ ਇਨ੍ਹਾਂ ਦੀ ਪਾਠਗਤ ਪੇਸ਼ਕਾਰੀ ਦੀਆਂ ਕਥਾਵਾਂ ਜਾਤਕਮਾਲਾ, ਮਹਾਵਾਸਤੂ ਅਤੇ ਅਵਾਦਾਨ ਕਲਪਤ ਵਿਚ ਮਿਲਦੀਆਂ ਹਨ। ਪੰਚਤੰਤਰ ਦੀ ਬੜੀ ਵਿਸਤ੍ਰਿਤ ਦੇਣ ਹੈ। ਨੌਵੀਂ ਦੱਸਵੀ ਸਦੀ ਦੇ ਹਿੱਤੋਪਦੇਸ਼ ਦਾ ਬਿਰਤਾਂਤ ਅਤੇ ਪੰਚਤੰਤਰ ਦੀ ਕਹਾਣੀਆਂ 'ਬ੍ਰਿਹਤਕਥਾਮੰਜਰੀ' ਅਤੇ 'ਕਥਾਸਰਿਤਸਾਗਰ' ਵਿਚ ਮੁੜ ਪੇਸ਼ ਹੋਈਆਂ। ਪਚਤੰਤਰ ਦੀਆਂ ਕਹਾਣੀਆਂ ਦੀ ਮੂਰਤੀਆਂ 'ਚ ਪੇਸ਼ ਭਾਰਤ ਤੋਂ ਇਲਾਵਾ ਬੰਗਲਾਦੇਸ਼ ਅਤੇ ਇੰਡੋਨੇਸ਼ੀਆ 'ਚ ਵੀ ਮਿਲਦੀਆਂ ਹਨ। ਅੱਜ ਵੀ ਇਹ ਨਿਰੰਤਰ ਰੂਪ 'ਚ ਵੱਡਾ ਪ੍ਰੇਰਨਾ ਸਰੋਤ ਹੈ ਜਿਵੇਂ ਏ. ਰਾਮਾਚੰਦਰਨ ਦੀ ਚਿੱਤਰ ਕਲਾ ਲੜੀ "Fables Without Morals"ਤੋਂ ਪਤਾ ਲਗਦਾ ਹੈ। ਇਨ੍ਹਾਂ ਪਾਠਾਂ ਦਾ ਲਗਾਤਰ ਪ੍ਰਚਲਣ, ਵਿਅਖਿਆ ਅਤੇ ਮੁੜ ਵਿਆਖਿਆ ਇਨ੍ਹਾਂ ਰਾਹੀ ਰਾਜਨੀਤਕ ਵਿਚਾਰਾਂ 'ਤੇ ਬਹਿਸ ਅਤੇ ਸੰਵਾਦਾਂ ਵਿਚ ਰਾਜਨੀਤਕ ਹਿੰਸਾ ਦਾ ਮੁੱਦਾ ਜੀਵੰਤ ਰੂਪ 'ਚ ਬਰਕਰਾਰ ਹੈ।

ਜਿਨ੍ਹਾਂ ਗ੍ਰੰਥਾਂ ਦਾ ਭਾਰਤ ਵਿਚ ਰਾਜਨੀਤਕ ਵਿਚਾਰਾਂ 'ਤੇ ਦੀਰਘ ਕਾਲੀ ਪ੍ਰਭਾਵ ਪਿਆ ਉਹੀ ਦਰਅਸਲ ਬਾਹਰਲੇ ਦੇਸ਼ਾਂ ਵਿਚ ਵੀ ਗਏ। ਪੂਰਵ ਆਧੁਨਿਕ ਸਮਿਆਂ 'ਚ ਯੂਰਪ, ਏਸ਼ੀਆ ਅਤੇ ਅਫਰੀਕਾ 'ਚ ਵਸਤ ਵਿਓਪਾਰ ਦੇ ਨਾਲ ਨਾਲ ਵਿਚਾਰਾਂ ਦਾ ਸੰਚਾਰ ਅਤੇ ਪ੍ਰਚਾਰ ਵੀ ਹੋਇਆ। ਸ਼ੈਲਡਨ ਪੋਲਕ ਨੇ ਇਸ ਵੱਲ ਧਿਆਨ ਦਿਵਾਇਆ ਹੈ ਕਿ ਕਿਵੇਂ ਸੰਸਕ੍ਰਿਤ ਭਾਸ਼ਾ ਅਤੇ ਗ੍ਰੰਥ ਭਾਰਤ ਉਪਮਹਾਦੀਪ ਦੀ ਸੀਮਾਂ ਤੋਂ ਬਾਹਰ ਗਏ ਅਤੇ ਕਿਵੇਂ ਸੰਸਕ੍ਰਿਤ ਦਾ ਵਿਸ਼ਵੀਕਰਣ ਹੋਇਆ। ਓ. ਡਬਲਿਊ. ਵੋਲਟਰਸ ਸੁਝਾਉਂਦਾ ਹੈ ਕਿ ਕਿਵੇਂ ਭਾਰਤੀ ਸਾਂਸਕ੍ਰਿਤਕ ਪਰੰਪਰਾ ਦੀ ਸਾਰਵਭੌਮਿਕਤਾ ਅਤੇ ਲਚਕਤਾ ਕਾਰਣ ਇਹ ਦੂਰ ਦੂਰ ਦੀਆਂ ਭੂਗੋਲਿਕ ਅਤੇ ਸੱਭਿਆਚਾਰਕ ਥਾਵਾਂ 'ਤੇ ਪਹੁੰਚ ਕੇ ਪ੍ਰਸੰਗਿਕਤਾ ਗ੍ਰਹਿਣ ਕਰ ਗਈ। ਪਰ ਫਿਰ ਵੀ ਅਜੇ ਬਹੁਤ ਕੁਝ ਸਮਝਣਯੋਗ ਹੈ ਜਿਵੇਂ ਇਸਦੇ ਪੂਰਵਆਧੁਨਿਕ ਸਮਿਆਂ 'ਚ ਪੂਰੇ ਏਸ਼ੀਆ 'ਚ ਫੈਲ ਜਾਣ ਦੇ ਕਿਹੜੇ ਸੱਭਿਆਚਾਰਕ ਅੰਤਰਕਿਰਿਆ ਏਜੰਟ ਸਨ। ਵਿਸ਼ਵੀ ਪਰਿਪੇਖ 'ਚ ਰਾਜਨੀਤਕ ਵਿਚਾਰਾਂ ਦੇ ਇਤਿਹਾਸ ਨੂੰ ਜਾਨਣ ਲਈ ਸਾਨੂੰ ਆਪਣੀ ਸੋਚ ਦੇ ਪੁਰਤਾਨ ਤਰੀਕਿਆਂ ਨੂੰ ਜਿਵੇਂ ਬਿਦੇਸ਼ੀ ਪ੍ਰਭਾਵਾਂ ਅਤੇ ਭਾਰਤੀਅਤਾ ਵਿਚਲੀ ਦੁਵੱਲਤਾ ਨੂੰ ਤੱਜਣਾ ਪਵੇਗਾ ਅਤੇ ਇਸ ਤੱਤ ਦੀ ਪਛਾਣ ਕਰਨੀ ਪਵੇਗੀ ਕਿ ਵਿਚਾਰ ਸੱਭਿਆਚਾਰਾਂ ਦੇ ਬਹੁਵੰਦੇ, ਅੰਤਰਕਿਰਿਆਵੀ ਅਤੇ ਅੰਤਰਸਬੰਧਾਂ ਰਾਹੀਂ ਯਾਤਰਾ ਕਰਦੇ ਹੀ ਹਨ ਇਨ੍ਹਾਂ ਵਿਚ ਅਕਸਰ ਹੈਰਾਨਕੁੰਨ ਕਾਇਆਕਲਪ ਵੀ ਹੁੰਦਾ ਹੈ।

ਭਾਰਤੀ ਰਾਜਨੀਤਕ ਵਿਚਾਰਾਂ ਦੂਰ ਦੁਰਾਡੀਆਂ ਧਰਤੀਆਂ 'ਚੇ ਧਰਮ ਅਤੇ ਰਾਜਨੀਤੀ ਸੰਧੀਆਂ ਰਾਹੀਂ ਵੀ ਪਹੁੰਚੇ। ਦੱਖਣੀ ਏਸ਼ੀਆਈ ਕਾਨੂੰਨ ਪਰੰਪਰਾ ਨੇ ਅਰਥਸ਼ਾਸਤਰ ਅਤੇ ਧਰਮਸ਼ਾਸਤਰ ਦੇ ਪ੍ਰਭਾਵ ਨਾਲ ਇਸਲਾਮੀ ਅਤੇ ਚੀਨੀ ਕਾਨੂੰਨ ਦੇ ਵਿਚਾਰਾਂ ਵੀ ਆਪਣੇ ਅਨਸਾਰ ਢਾਲ ਲਏ। ਬਰਮਾ ਦਾ ਕਾਨੂੰਨ ਗ੍ਰੰਥ 'ਧੰਮਾਥਾਤਸ' ਨਾਗਰਿਕ ਅਤੇ ਅਪਰਾਧਿਕ ਕਾਨੂੰਨ ਬਾਰੇ ਹੈ ਬ੍ਰਹਾਮਣੀ ਅਤੇ ਬੋਧੀ ਪਰੰਪਰਾਵਾਂ 'ਚੋਂ ਆਪਣੀਆਂ ਜੜ੍ਹਾਂ ਰੱਖਦਾ ਹੈ ਪਰ

ਇਸਦਾ ਵੱਥ ਕਾਫ਼ੀ ਵਿਲੱਖਣ ਹੈ। ਇਹ ਮਹਾਨ ਰਾਜਾ ਮਹਾਸਮੰਤਾ ਦਾ ਮੰਨੂ ਨੂੰ ਪਹਿਲਾ ਕਾਨੂੰਨ ਮੰਤਰੀ ਦੱਸਦਾ ਹੈ। ਰਾਜਾਸ਼ਾਹੀ ਦੀ ਸੰਸਥਾ ਦੀ ਵਿਅਖਿਆ ਕਰਦਿਆਂ ਧੰਮਾਥਾਤਸ ਰਾਜਾ ਦੇ ਅਧਿਕਾਰਾਂ ਜਿਵੇਂ ਕਰ ਉਗਰਾਹਣ, ਸਜ਼ਾ ਦੇਣ 'ਤੇ ਧਿਆਨ ਕੇਂਦ੍ਰਿਤ ਕਰਦਾ ਹੈ। ਜਾਵਾ ਅਤੇ ਬਾਲੀ ਦੇ ਕਾਨੂੰਨ ਕੁਤਾਰਾਮਾਨਾਵਾ 'ਤੇ ਮਨੂਸਿਮਰਿਤੀ ਦਾ ਅਤੇ ਕਮੰਡਕ ਦੇ ਨੀਤੀਸਾਰ ਪ੍ਰਤੱਖ ਪ੍ਰਭਾਵ ਦਿਖਾਈ ਦਿੰਦਾ ਹੈ।

ਕੁਝ ਕੁ ਬਹੁਤ ਹੀ ਪ੍ਰਭਾਵਸ਼ਾਲੀ ਭਾਰਤੀ ਲਿਖਤਾਂ ਉਹ ਹਨ ਜਿਨ੍ਹਾਂ 'ਚ ਨੈਤਿਕ/ਸਦਾਚਾਰਕ ਅਤੇ ਰਾਜਨੀਤਕ ਪ੍ਰਤੱਖਣ ਇਕ ਦੂਜੇ 'ਚ ਰੌਚਕ ਬਿਰਤਾਂਤਕੀ ਸਰੂਪ 'ਚ ਉਲਝਿਆ ਪਿਆ ਹੈ। ਭਾਰਤ ਅਤੇ ਦੱਖਣ ਪੂਰਬੀ ਦੇਸ਼ਾਂ ਵਿਚਲਾ ਪੁਰਾਣਾ ਦੀਰਘਕਾਲੀ ਅੰਤਰਕਿਰਿਆ ਦਾ ਰੂਪਾਂਤਰਣੀ ਰੂਪ ਮਹਾਭਾਰਤ ਅਤੇ ਰਾਮਾਇਣ 'ਚ ਬਹੁਤ ਵਧੀਆ ਢੰਗ ਨਾਲ ਪ੍ਰਸਤੁਤ ਹੋਇਆ ਹੈ। ਮਹਾਕਾਵਾਂ 'ਚ ਦੱਖਣੀ ਪੂਰਬੀ ਦੇਸ਼ਾਂ ਦਾ ਜੀਵਨ ਵਿਸ਼ਾਲ ਬਹੁਵੰਦਤਾਵਾਂ ਅਤੇ ਅਤਿ ਦੀ ਸੱਭਿਆਚਾਰਕ ਅਨਕੂਲਤਾ 'ਚ ਪੇਸ਼ ਹੋਇਆ ਹੈ ਜਿਸ ਵਿਚ ਕੇਂਦਰ 'ਚ ਰੱਖੀ ਰਾਜਨੀਤਕ ਹਿੰਸਾ ਨੂੰ ਮੁੜ ਘੜਿਆ ਗਿਆ ਹੈ। ਉਦਾਹਰਣ ਸਰੂਪ ਮਲਾਇਆ ਦੀ ਰਮਾਇਣ ਦਾ ਨਾਮ 'ਹਿਕਾਇਤ ਸ੍ਰੀ ਰਾਮ' ਹੈ ਜਿਸ 'ਤੇ ਅਰਬੀ ਅਤੇ ਫ਼ਾਰਸੀ ਸਹਿਤ ਰੂਪਾਂ ਦਾ ਪ੍ਰਭਾਵ ਹੈ ਅਤੇ ਇਸ ਮਹਾਕਾਵਿਕ ਕਥਾ ਨੂੰ ਇਸਲਾਮੀ ਦ੍ਰਿਸ਼ਟੀਕੋਣ ਤੋਂ ਕਈ ਨਵੇਂ ਪ੍ਰਾਰੂਪ ਮੁੜਸਿਰਜਤ ਹੋਏ ਹਨ। ਨੌਜਵਾਨ ਰਾਵਣ ਨੂੰ ਉਸਦੇ ਬੁਰੇ ਆਚਰਣ ਲਈ ਸਜ਼ਾ ਵਜੋਂ ਬੁਕਿਤ ਸਰੰਦੀਪ (ਸ੍ਰੀ ਲੰਕਾ) ਭੇਜਿਆ ਜਾਂਦਾ ਹੈ ਅਤੇ ਨਬੀ ਅੱਲਾਹ ਮੂਹਰੇ ਸਫ਼ਲਤਾ ਪੂਰਵਕ ਢੰਗ ਨਾਲ ਉਸਦਾ ਮਸਲਾ ਪੇਸ਼ ਕਰਦੇ ਹਨ ਅਤੇ ਰਾਵਣ ਨੂੰ ਚਾਰ ਰਾਜ ਦਾਨ ਹਿੱਤ ਇਸ ਸ਼ਰਤ ਨਾਲ ਦਿੱਤੇ ਜਾਂਦੇ ਹਨ ਕਿ ਉਹ ਬਿਨਾ ਕਿਸੇ ਗ਼ਲਤੀ ਦੇ ਨਿਆਪੂਰਣ ਢੰਗ ਨਾਲ ਰਾਜ ਕਰੇਗਾ। ਕੰਬੋਡੀਆ ਦੇ ਅੰਗਕੋਰ ਮੰਦਿਰ ਵਿਚ ਵਿਸ਼ਨੂੰ ਦੀਆਂ ਮੂਰਤੀਆਂ ਆਪਣੀ ਦੱਖਣ ਪੂਰਬੀ ਏਸ਼ੀਆ ਦੀ ਮੂਰਤੀ ਕਲਾ ਦਾ ਉੱਤਮ ਨਮੂਨਾ ਹਨ ਜਿਸ 'ਚ ਮਹਾਕਾਵਿ ਦੀ ਕਥਾ ਨੂੰ ਖਾਮੇਰ ਵਿਚਾਰਾਂ ਦੇ ਰੰਗ ਦੀ ਪੁੱਠ ਦਿੱਤੀ ਹੈ।

ਬੋਧੀ ਜਾਤਕ ਕਥਾਵਾਂ ਵਿਚਲੇ ਰਾਜਨੀਤਕ ਵਿਚਾਰ ਵੀ ਦੂਰ ਦੂਰ ਤੱਕ ਯਾਤਰਾ ਰਾਹੀਂ ਪਹੁੰਚੇ। ਪਾਲੀ 'ਚ ਮਿਲਦੇ ਜਾਤਕਾਂ ਦਾ ਦੱਖਣ ਪੂਰਬੀ ਏਸ਼ੀਆਈ ਰੂਪ 'ਪਾਨਸਾ ਜਾਤਕ' (ਪੰਜਾਹ ਜਾਤਕ) ਦੇ ਸੰਗ੍ਰਹਿ ਵਜੋਂ ਪ੍ਰਸਿੱਧ ਹੈ। ਜਾਤਕ ਕਥਾਵਾਂ ਦਾ ਕਲਾਤਮਕ ਰੂਪ ਜਾਵਾ ਦੇ ਬੋਰਬੁਦਰ ਅਤੇ ਚੁਲਾ ਪਾਟੋਨ ਚੇਦੀ ਅਤੇ ਥਾਈਲੈਂਡ ਦੇ ਵੱਤ ਸੀ ਚੁਨ ਮੰਦਿਰਾਂ 'ਚ ਮਿਲਦਾ ਹੈ। ਮਾਇਨਮਾਰ 'ਚ ਜਾਤਕ ਕਥਾਵਾਂ ਚਿੱਤਰਕਲਾ ਦੇ ਰੂਪ 'ਚ ਵੇਤਕਾਈ ਮੰਦਿਰ 'ਚ ਬਾਗਾਨ ਦੇ ਆਨੁਕ ਸਤੂਪ 'ਚ ਮਾਰਕ ਯੂ ਦੇ ਸ਼ਿਥਾਔਂਗ ਮੰਦਿਰ 'ਚ ਪਾਈਆਂ ਜਾਂਦੀਆਂ ਹਨ। ਮੱਧ ਏਸ਼ੀਆ ਅਤੇ ਚੀਨ ਵਿਚ ਵੀ ਜਾਤਕ ਕਥਾਵਾਂ ਮਿਲਦੀਆਂ ਹਨ ਜਿਵੇਂ ਪੂਰਬੀ ਤਰਕੀਸਤਾਨ ਦੀਆਂ ਕਿਜ਼ਲ ਗੁਫ਼ਾਵਾਂ 'ਚ ਦੁਹੁਆਂਨ ਦੇ ਮਾਗਾਔਂਗਰੋਤੋ ਅਤੇ ਤਿੱਬਤੀ ਤਨਖਾ ਚਿੱਤਰਕਲਾ 'ਚ ਪਾਈਆਂ ਜਾਂਦੀਆਂ ਹਨ। ਜਾਤਕ ਕਥਾਵਾਂ ਸ੍ਰੀਲੰਕਾ 'ਚ ਲੇਨੀਵਿਹਾਰ ਅਤੇ ਯਾਪਾਹੁਵਾ ਵਿਖੇ ਕੇਂਡੀ ਕਾਲ ਦੀ ਗੁਫ਼ਾ ਵਿਚੋਂ ਵੀ ਲੱਭੀਆਂ। ਅੱਜ ਵੀ ਜਾਤਕ ਕਥਾਵਾਂ ਦੱਖਣੀ ਪੂਰਬੀ ਏਸ਼ੀਆ ਅਤੇ ਸ੍ਰੀ ਲੰਕਾ 'ਚ ਪਾਠ ਪੁਸਤਕਾਂ, ਕੌਮਿਕ ਕਿਤਾਬਾਂ, ਕਲਾ, ਨਾਟਕਾਂ ਅਤੇ ਫਿਲਮਾਂ 'ਚੋਂ ਦੇਖੀਆਂ ਜਾ ਸਕਦੀਆਂ ਹਨ।

ਜਾਤਕ ਕਥਾਵਾਂ ਵਿਚ ਮਿਲਦਾ ਰਾਜਨੀਤਕ ਦਯਾ ਅਤੇ ਅਨੁਕੰਪਾ ਦਾ ਸੰਦੇਸ਼ ਵਿਸ਼ਾਲ

ਰੂਪ 'ਚ ਦੱਖਣੀ ਅਤੇ ਪੂਰਬੀ ਖੇਤਰਾਂ 'ਚ ਫੈਲਿਆ। 'ਪੰਚਤੰਤਰ' ਵਿਚ ਸਦਾਬਹਾਰ ਰਾਜਨੀਤਕ ਅਤੇ ਨਿੱਜੀ ਸਰੋਕਾਰਾਂ ਜਿਨ੍ਹਾਂ ਵਿਚ ਹਿੰਸਾ ਅਤੇ ਵਿਵਹਾਰਕ ਪਰਿਪੇਖਾਂ ਅਤੇ ਤਨਜ਼ ਅਤੇ ਹਾਸਰੱਸ ਨਾਲ ਭਰਪੂਰ ਕਥਾਵਾਂ ਸ਼ਾਮਿਲ ਹਨ, ਨੇ ਪੱਛਮ ਵੱਲ ਸਫ਼ਰ ਕੀਤਾ। ਛੇਵੀਂ ਸਦੀ 'ਚ ਈਰਾਨ ਦੇ ਬਹੁਭਾਸ਼ਾਕਾਰ ਸਯੱਦ ਅਲ ਅੰਦਲੂਸੀ ਨੇ ਪਹਿਲਵੀ 'ਚ 'ਪੰਚਤੰਤਰ' ਦਾ ਅਨੁਵਾਦ 'ਕਾਲੀਲਾ ਵਾ ਦੀਮਾਹ' ਦੇ ਨਾਮ ਹੇਠ ਕੀਤਾ ਜਿਸ ਵਿਚ ਸਦਾਚਾਰਾਂ 'ਚ ਅਤੇ ਪਾਲਣ ਪੋਸ਼ਣ ਦੀਆਂ ਕਮੀਆਂ ਨੂੰ 'ਚ ਸਧਾਰਣ ਲਿਆਉਣ ਦੀ ਗੱਲ ਕੀਤੀ ਗਈ। ਗਿਆਰਵੀਂ ਸਦੀ ਦਾ ਅਰਬੀ ਵਿਦਵਾਨ ਅਲ ਬਰੂਨੀ ਪੰਚਤੰਤਰ ਦਾ ਫੈਲਾਅ ਫ਼ਾਰਸੀ, ਅਰਬੀ ਅਤੇ ਹਿੰਦੀ 'ਚ ਇਸਤਰ੍ਹਾਂ ਹੋਇਆ ਕਿ ਇਹ ਆਪਣੇ ਸੰਸਕ੍ਰਿਤ ਦੇ ਮੂਲ ਰੂਪ ਤੋਂ ਬਹੁਤ ਭਿੰਨ ਹੋ ਗਿਆ। ਗਿਆਰਵੀਂ ਸਦੀ ਤੱਕ ਪੰਚਤੰਤਰ ਯੂਰਪ ਪਹੁੰਚ ਗਿਆ। ਅਤੇ ਸੋਲ੍ਹਵੀਂ ਸਦੀ ਤੱਕ ਇਸਦੇ ਅੰਗਰੇਜ਼ੀ, ਯੂਨਾਨੂ, ਲਾਤੀਨੀ, ਜਰਮਨ, ਇਤਾਲਵੀ, ਸਪੇਨੀ, ਚੈੱਕ ਅਤੇ ਪੁਰਾਤਨ ਸਲੋਵਨਿਕ ਰੂਪ ਸਾਹਮਣੇ ਆ ਚੁੱਕੇ ਸਨ। ਜੋਜਾਨਸ ਹਰਤਲ ਨੇ ਕੁਝ ਪੰਜਾਹ ਭਾਸ਼ਾਵਾਂ 'ਚ ਇਸਦੇ ਕੁਝ ਦੋ ਸੌ ਰੂਪਾਂ ਦੀ ਹੋਂਦ ਦਾ ਹਵਾਲਾ ਦਿੱਤਾ ਹੈ। ਇੰਝ ਵੀ ਲਗਦਾ ਹੈ ਕਿ ਪੰਚਤੰਤਰ ਨੇ ਅਰੇਬੀਅਨ ਨਾਈਟਸ, ਲਾ ਫੋਨਤੇਨ ਅਤੇ ਰਹੱਸਵਾਦੀ ਸੂਫ਼ੀ ਸਾਹਿਤ ਨੂੰ ਵੀ ਪ੍ਰਭਾਵਿਤ ਕੀਤਾ। ਭਾਰਤੀ ਰਾਜਨੀਤਕ ਵਿਚਾਰਾਂ ਅਤੇ ਕਵਿਤਾ ਪ੍ਰਤੀ ਜਾਗਰਤੀ ਕਈ ਦੱਖਣੀ ਪੂਰਬੀ ਲਿਖਤਾਂ ਅਤੇ ਪਾਠਾਂ 'ਚ ਪਾਈ ਜਾਂਦੀ ਹੈ ਜੋ ਰਾਜਨੀਤਕ ਸੱਤਾ ਅਤੇ ਇਸ 'ਚ ਮੌਰੂਸੀ ਰੂਪ 'ਚ ਪਾਈ ਹਿੰਸਾ ਨੂੰ ਨਿਆਉਚਿਤ ਠਹਿਰਾਉਣ ਦੇ ਨਾਲ ਸੌਂਦਰਯਾਤਮਕਤਾ ਵੀ ਪ੍ਰਦਾਨ ਕਰਦੀਆਂ ਹਨ। ਕੰਬੋਡੀਆਈ ਲਿਖਤਾਂ ਵਿਚਲੀ ਸੰਸਕ੍ਰਿਤ ਕਵਿਤਾ ਵਿਚ ਵਿਚਾਰਾਂ, ਵੱਥ ਅਤੇ ਸੂਖ਼ਮਤਾ ਦੀ ਪੱਧਰ 'ਤੇ ਇਸਦੀ ਭਾਰਤੀ ਸ਼ਿਲਾਲੇਖਾਂ 'ਚ ਪਾਈ ਜਾਂਦੀ ਉਸਤਿਤ ਨਾਲ ਤੁਲਨਾ ਕੀਤੀ ਜਾ ਸਕਦੀ ਹੈ। ਅੰਗਕੋਰ ਸ਼ਿਲਾਲੇਖਾਂ 'ਚ ਮਹਾਨ ਭਾਰਤੀ ਕਵੀਆਂ ਜਿਵੇਂ ਕਾਲੀਦਾਸ, ਭੈਰਵੀ ਅਤੇ ਭਾਨਭੱਟ ਦਾ ਹਵਾਲਾ ਮਿਲਦਾ ਹੈ। ਦੱਸਵੀਂ ਸਦੀ ਦੀ ਪੂਰਵ ਰੂਪ ਸ਼ਿਲਾਲੇਖ 'ਚ ਰਘੂਵੰਸ਼ ਦੀਆਂ ਕਈ ਘਟਨਾਵਾਂ, ਚਰਿੱਤਰਾਂ ਅਤੇ ਵਿਚਾਰਾਂ ਦਾ ਭੁਲੇਖਾ ਮਿਲਦਾ ਹੈ। ਤੇਰ੍ਹਵੀਂ ਸਦੀ ਦੇ ਗ੍ਰੰਥ ਸਮਾਨਸੰਤਕਾ ਵਿਚ ਜਾਵਾ ਭਾਸ਼ਾ 'ਚ ਕਾਲੀਦਾਸ ਦੀ ਰਾਜਕੁਮਾਰ ਅਜ ਅਤੇ ਰਾਜਕੁਮਾਰੀ ਇੰਦੂਮਤੀ ਦੀ ਕਹਾਣੀ ਦਾ ਰੂਪ ਮਿਲਦਾ ਜੁਲਦਾ ਹੈ।

ਭਾਰਤੀ ਰਾਜਨੀਤਕ ਵਿਚਾਰ ਜ਼ਮੀਨੀ ਰਸਤਿਆਂ ਦੇ ਨਾਲ ਨਾਲ ਸਮੁੰਦਰੀ ਰਾਹਾਂ ਰਾਹੀਂ ਵੀ ਮੁਹਾਵਰਿਆਂ, ਕਹਾਵਤਾਂ, ਹਿਕਾਇਤਾਂ, ਪਦਾਂ ਬੋਲ/ਉਚਾਰ ਅਤੇ ਲਿਖਤ ਰੂਪ ਨਿੱਜੀ ਅਤੇ ਸੰਗ੍ਰਹਿਾਂ ਰਾਹੀਂ ਫੈਲੇ। ਪੰਚਤੰਤਰ, ਹਿੱਤੋਪਦੇਸ਼, ਭਰਥਰੀਹਰੀ ਦੇ ਸ਼ਲੋਕਾਂ, ਚਾਣਕਿਆ ਨਾਲ ਜੁੜੇ ਪਦਾਂ ਦਾ ਪ੍ਰਭਾਵ ਤਿੱਬਤ, ਮੱਧ ਏਸ਼ੀਆ, ਸ੍ਰੀ ਲੰਕਾ, ਮਾਇਨਮਾਰ, ਥਾਈਲੈਂਡ, ਜਾਵਾ ਅਤੇ ਬਾਲੀ 'ਤੇ ਵੀ ਪਿਆ। ਇਨ੍ਹਾਂ ਸਾਰੇ ਪਦਾਂ 'ਚ ਰਾਜਨੀਤੀ ਦੇ ਅਰਥ ਦ੍ਰਿਸ਼ਟੀਕੋਣ ਅਤੇ ਬੋਧ ਦਾ ਚਰਚਾ ਹੋਇਆ ਜਿਸ ਵਿਚ ਰਾਜਨੀਤਕ ਸੱਤਾ ਅਤੇ ਹਿੰਸਾ ਦੀ ਵਿਵਹਾਰਕ ਪਹੁੰਚ ਪ੍ਰਬਲ ਹੈ।

ਭਾਰਤੀ ਸ਼ਿਲਾਲੇਖੀ ਲਿਖਤਾਂ ਦਾ ਦੱਖਣੀ ਪੂਰਬੀ ਏਸ਼ੀਆ ਦੀਆਂ ਰਾਜਸ਼ਾਹੀ ਦੇ ਪੁਰਾਲੇਖਾਂ 'ਤੇ ਵੀ ਪ੍ਰਭਾਵ ਪਿਆ। ਰਾਜਸ਼ਾਹੀ ਦੇ ਬਹਾਦੁਰੀ ਦੇ ਪੱਖ ਨੂੰ ਹੋਰਾਂ ਤੱਤਾਂ ਨਾਲ ਜੋੜਕੇ ਰਾਜੇ ਦੀ ਸ਼ਕਤੀ ਨੂੰ ਨਿਅਉਚਿੱਤਤਾ ਬਖ਼ਸ਼ਣ ਦੀ ਅਤੇ ਉਸਦਾ ਜਸ਼ਨ ਮਨਾਉਣ ਨਾਲ ਇਕ ਸੰਤੁਲਨ ਸਿਰਜਣ ਦਾ ਯਤਨ ਕੀਤਾ ਗਿਆ ਹੈ। ਸੰਸਕ੍ਰਿਤ ਭਾਸ਼ਾ, ਭਾਰਤੀ ਗ੍ਰੰਥ ਅਤੇ ਭਾਰਤੀ

ਰਾਜਨੀਤਕ ਸ਼ਬਦਾਵਲੀ 'ਚ ਵੀਅਤਨਾਮ ਦੇ ਚੰਪਾ ਤੱਤਾਂ ਵਿਚ ਰਾਜੇ ਦੇ ਬਾਰੇ ਸਜ਼ਾ ਦੇਣ ਵਾਲੇ, ਯੋਧਾ ਹੋਣ ਤੇ ਵਿਵੱਸਥਾ ਕਾਇਮ ਰੱਖਣ ਵਾਲੇ ਵਿਚਾਰਾਂ ਵਜੋਂ ਪੇਸ਼ ਕੀਤਾ ਗਿਆ ਹੈ। ਸੱਤਵੀਂ ਸਦੀ ਦੇ ਸ਼ਿਲਾਲੇਖ 'ਤਰਾ ਕੀਊ' ਵਿਚ ਰਾਜਾ ਪ੍ਰਕਾਸਧਰਮਾ ਦਾ ਵਰਨਣ ਹੈ ਜਿਸਨੇ ਦੰਡ ਅਤੇ ਭੇਦ ਦੀ ਨੀਤੀ ਨਾਲ ਵੈਰੀ ਨੂੰ ਮਾਤ ਦਿੱਤੀ। ਗਿਆਰਵੀਂ ਸਦੀ ਦੇ 'ਮਾਈ-ਸੋਨ' ਨਾਮੀਂ ਸ਼ਿਲਾਲੇਖ 'ਚ ਰਜਾ ਜੈ ਇੰਦਰਵਰਮਾਦੇਵ ਦਾ ਵਰਨਣ ਹੈ ਜਿਸ ਨੇ ਅਨੁਕੰਪਾ, ਦਯਾ, ਉਦਾਰਤਾ ਨਾਮੀ ਤ੍ਰਿਵਰਗ ਨੀਤੀ ਨਾਲ ਸਾਸ਼ਨ ਕੀਤਾ।

ਭਾਰਤੀ ਸੰਸਕ੍ਰਿਤ ਗ੍ਰੰਥਾਂ ਅਤੇ ਪੁਰਾਲੇਖਾਂ ਦਾ ਪ੍ਰਭਾਵ ਪੁਰਾਤਨ ਖਾਮੇਰ ਅਤੇ ਜਾਵਾ ਸ਼ਿਲਾਲੇਖਾਂ 'ਤੇ ਵੀ ਪਿਆ। ਇਨ੍ਹਾਂ ਵਿਚ ਮਨੂੰ ਦਾ ਹਵਾਲਾ ਹੈ, ਚਾਰ ਵਰਣਾਂ ਅਤੇ ਆਸ਼ਰਮਾਂ ਦਾ ਸੰਦਰਭ ਹੈ ਅਤੇ ਮਹਾਭਾਰਤ ਅਤੇ ਰਾਮਾਇਣ ਦੇ ਚਰਿੱਤਰਾਂ ਦੇ ਪ੍ਰਸੰਗ ਹਨ। ਰਾਜੇ ਦੀ ਸੈਨਿਕ ਸ਼ਕਤੀ ਦੇ ਨਾਲ ਨਾਲ ਬੋਧੀ ਅਤੇ ਹਿੰਦੂ ਧਾਰਮਿਕ ਵਿਚਾਰਾਂ 'ਤੇ ਵੀ ਬਲ ਦਿੱਤਾ ਗਿਆ ਹੈ। ਉਦਾਹਰਣ ਵਜੋਂ ਅੱਠਵੀਂ ਸਦੀ ਦੀ ਕੇਲੁਰਕ ਦੇ ਸੰਸਕ੍ਰਿਤ ਭਾਸ਼ਾ ਦੇ ਸ਼ਿਲਾਲੇਖ 'ਚ ਰਾਜਾ ਇੰਦਰਸੰਗਰਾਮਧੰਨਜਯ ਦੇ ਦਾਨ ਪੁੰਨ ਅਤੇ ਦਯਾ ਦੇ ਵਰਨਣ ਦੇ ਨਾਲ ਨਾਲ ਉਸ ਵੱਲੋਂ ਆਪਣੇ ਸ਼ਕਤੀਸ਼ਾਲੀ ਦੁਸ਼ਮਨ 'ਤੇ ਜਿੱਤ ਪ੍ਰਾਪਤ ਕਰਨ ਦੀ ਵੀ ਵਿਆਖਿਆ ਹੈ। ਕੰਗਲ ਤੋਂ ਮਿਲੇ ਸ਼ਿਲ਼ਾਲੇਖ ਵਿਚਰਾਜਾ ਸੰਜੇ ਦੀ ਚਰਚਾ ਹੈ ਜਿਸਨੇ ਧਰਤੀ ਦੀ ਸ਼ਕਤੀਸ਼ਾਲੀ ਮਨੂੰ ਵਾਂਗ ਰੱਖਿਆ ਕੀਤੀ। ਅਕਸਰ ਜਾਵਾ ਲਿਖਤਾਂ 'ਚ ਜ਼ਮੀਨ ਦਾਨ ਕਰਨ ਅਤੇ ਜੰਗਾਂ ਯੁੱਧਾਂ ਦੇ ਵੀ ਪ੍ਰਸੰਗ ਮਿਲਦੇ ਹਨ। ਦੱਸਵੀਂ ਸਦੀ ਦੀ 'ਕੁਬੁਕੁਬੂ' 'ਚ ਉਨ੍ਹਾਂ ਨੂੰ ਜ਼ਮੀਨ ਦਾਨ ਦੇਣ ਦਾ ਜ਼ਿਕਰ ਹੈ ਜਿਨ੍ਹਾਂ ਨੇ ਬਾਲੀ 'ਤੇ ਹਮਲਾ ਸਫ਼ਲ ਬਣਾਉਣ 'ਚ ਸਹਾਇਤਾ ਕੀਤੀ। ਕਿਤੇ ਕਿਤੇ ਕਰ ਮੁਕਤੀ ਦੇ ਵੀ ਹਵਾਲੇ ਲਿਦੇ ਹਨ ਪਰ ਇਨ੍ਹਾਂ ਦੀ ਪ੍ਰਕਿਰਤੀ ਭਾਰਤ 'ਚ ਮਿਲਦੇ ਕਰ ਮੁਕਤੀ ਤੋਂ ਭਿੰਨ ਹੈ। ਇਸ ਸੱਭ ਤੋਂ ਪਤਾ ਲਗਦਾ ਹੈ ਕਿ ਜ਼ਮੀਨ ਦੇਣ ਅਤੇ ਕਰ ਮੁਕਤੀ ਰਾਜਨੀਤੀ ਦਾ ਹਿੱਸਾ ਸੀ ਜੋ ਭਾਰਤ ਤੋਂ ਜਾਵਾ ਪਹੁੰਚਿਆ।

ਇਸੇ ਤਰ੍ਹਾਂ ਸਰਾਪ ਦੇਣ ਦੀ ਧਮਕੀ ਦਾ ਵਿਚਾਰ ਭਾਰਤੀ ਵਿਹਾਰ 'ਤੋਂ ਹੀ ਦੱਖਣੀ ਪੂਰਬੀ ਏਸ਼ੀਆ 'ਚ ਗਿਆ ਪਰ ਇਸ ਦਾ ਸੁਭਾਅ ਕਾਫ਼ੀ ਭਿੰਨ ਹੈ। ਦੱਖਣੀ ਸੁਮਾਤਰਾ ਵਿਚ ਮਲਯ ਰਾਜਾ ਸ੍ਰੀਵਿਜਯ ਦੇ ਸ਼ਿਲਾਲੇਖ 'ਚ ਕਰੋਧ ਨੂੰ ਟਕਰਾਓ ਤੇ ਜੰਗ ਵਜੋਂ ਦਿਖਾਇਆ ਗਿਆ ਹੈ। ਸੱਤਵੀਂ ਸਦੀ ਦੇ ਤੇਲਗਾ ਸ਼ਿਲਾਲੇਖ 'ਚ ਅਠਾਈ ਸਤਰਾਂ ਦੀ ਹਿੰਸਕ ਸਰਾਪਾਂ ਦੀ ਸੂਚੀ ਹੈ ਜੋ ਕਿ ਰਾਜੇ ਦੇ ਹੱਕ 'ਚ ਇਕ ਤਰ੍ਹਾਂ ਦੀ ਸੰਭਵ ਧਮਕੀ ਹੈ। ਇਨ੍ਹਾਂ ਵਿਚ ਸੱਭ ਨੂੰ ਚਿਤਾਵਨੀ ਦਿੱਤੀ ਹੈ ਕਿ ਜੇ ਉਨ੍ਹਾਂ ਨੇ ਕਿਸੇ ਤਰ੍ਹਾਂ ਦੀ ਰਾਜੇ ਵਿਰੁਧ ਸ਼ਾਜਿਸ਼ ਰਚੀ ਤਾਂ ਉਹ ਸਰਾਪ ਦੇ ਭਾਗੀਦਾਰ ਹੋਣਗੇ। ਭਾਵੇਂਕਿ ਇਸ ਸ਼ਿਲਾਲੇਖ 'ਚ ਕਈ ਸੰਸਕ੍ਰਿਤ ਪਦਾਂ ਦੀ ਵਰਤੋਂ ਹੋਈ ਹੈ ਪਰ ਸਮੁੱਚੇ ਰੂਪ 'ਚ ਰਾਜਨੀਤਕ ਹਿੰਸਾ ਦੀ ਚਿੰਤਾ ਦਾ ਪ੍ਰਗਟਾਵਾ ਹੋਇਆ ਹੈ। ਪਰ ਇਸਦੇ ਜਾਦੂਈ ਉਪਚਾਰ ਦਾ ਭਾਰਤੀ ਲਿਖਤਾਂ 'ਚ ਕਿਤੇ ਕੋਈ ਚਰਚਾ ਨਹੀਂ ਮਿਲਦਾ।

ਰਾਜਨੀਤਕ ਵਿਚਾਰਾਂ ਤੋਂ ਇਲਾਵਾ ਸੈਨਿਕ ਵਿਚਾਰ ਵਿਵਹਾਰਾਂ ਦੀ ਯਾਤਰਾ ਵੀ ਹੋਈ। ਥਾਮਸ ਆਰ. ਟਰਾਉਟਮਾਨ ਨੇ ਇਸ ਉਪਮਹਾਦੀਪ ਤੋਂ ਜੰਗੀ ਹਾਥੀ ਦਾ ਸੰਸਾਰ ਦੀਆਂ ਦੂਜੀਆਂ ਥਾਵਾਂ ਤੱਕ ਪੁੱਜਣ ਦਾ ਬੜਾ ਰੌਚਿਕ ਦਸਤਾਵੇਜ਼ ਪੇਸ਼ ਕੀਤਾ ਹੈ। ਪੱਛਮ ਵੱਲ ਇਸਦੇ ਵਿਸਤਾਰ ਦਾ ਕਾਰਣ ਸੈਨਿਕ ਭਿੜਤਾਂ, ਰਾਜਿਆਂ ਤੇ ਬਾਦਸ਼ਾਹਾਂ 'ਚ ਵਾਪਰੇ ਆਦਾਨ ਪ੍ਰਦਾਨ, ਜੰਗ ਦੇ ਮੈਦਾਨਾਂ 'ਚੋਂ ਹਾਥੀਆਂ ਨੂੰ ਕਬਜ਼ੇ 'ਚ ਲੈ ਲੈਣ, ਤੋਹਫ਼ਿਆਂ ਦੇ ਰੂਪ 'ਚ ਭੇਟ ਕਰਨ ਅਤੇ

ਸ਼ਰਧਾਂਜਲੀਆਂ ਦੇਣ ਕਾਰਣ ਹੋਇਆ। ਪੂਰਬ ਵੱਲ ਦੱਖਣੀ ਪੂਰਬੀ ਏਸ਼ੀਆਈ ਦੇਸ਼ਾਂ 'ਚ ਨਵੇਂ ਰਾਜ ਨਿਰਮਤ ਹੋਣ ਨਾਲ, ਰਾਜਿਆਂ ਦੇ ਆਪਸੀ ਆਦਾਨ ਪ੍ਰਦਾਨ ਅਤੇ ਸਬੰਧ ਆਦਿ ਸੱਭਿਆਚਾਰਕ ਸੰਚਾਰ ਦੀ ਪ੍ਰਕਿਰਿਆ ਹੀ ਪ੍ਰਮੁੱਖ ਰੂਪ 'ਚ ਰਹੇ। ਚਤੁਰਰੰਗ ਬੱਲ ਸੈਨਾ ਦੇ ਭਾਰਤੀ ਵਿਚਾਰ ਅੰਗੋਕਰ ਵਾਟ ਦੀਆਂ ਮੂਰਤੀਆਂ 'ਚ ਜੰਗੀ ਹਾਥੀਆਂ ਦੇ ਘੜੇ ਜਾਣ 'ਚ ਵੀ ਝਲਕਦੇ ਹਨ। ਚੱਕਰਵਿਊ ਅਤੇ ਜਵਾਬੀ ਚੱਕਰਵਿਊ ਦੇ ਭਾਰਤੀ ਲਿਖਤਾਂ 'ਚ ਵਰਨਣ ਅਤੇ ਵਿਆਖਿਆ ਸਤਾਰਵੀਂ ਸਦੀ ਦੀਆਂ ਦੱਖਣੀ ਏਸ਼ੀਆਈ ਸੈਨਿਕ ਲਿਖਤਾਂ 'ਚ ਮਿਲਦੀ ਹੈ। ਸਮਾਜ ਦੇ ਕੁਲੀਨ ਵਰਗਾਂ ਵੱਲੋਂ ਸ਼ਿਕਾਰ ਕਰਨ ਦੀਆਂ ਸ਼ੈਲੀਆਂ ਪੁਰਤਾਨ ਅਤੇ ਮੱਧਕਾਲ ਦੇ ਸੰਸਾਰ 'ਚ ਇਨ੍ਹਾਂ ਦਾ ਪ੍ਰਯੋਗ ਬਾਅਦ ਯੂਰੇਸ਼ੀਆ ਤੱਕ ਫੈਲਿਆ।

ਦੱਖਣ ਪੂਰਬੀ ਏਸ਼ੀਆਈ ਦੇਸ਼ਾਂ ਅਤੇ ਭਾਰਤ ਦਰਮਿਆਨ ਸੱਭਿਆਚਾਰਕ ਆਦਾਨ ਪ੍ਰਦਾਨ ਦੇ ਹਵਾਲੇ ਤਾਂ ਮਿਲਦੇ ਹਨ ਪਰ ਚੀਨ ਅਤੇ ਭਾਰਤ ਵਿਚਕਾਰ ਰੇਸ਼ਮ ਅਤੇ ਬੁੱਧ ਮੱਤ ਦੇ ਆਵਾਗਮਨ ਤੋਂ ਇਲਾਵਾ ਹੋਰ ਹਵਾਲੇ ਬਹੁਤ ਘੱਟ ਮਿਲਦੇ ਹਨ। ਸੰਸਕ੍ਰਿਤ ਕਾਵਿ ਨੇ ਛੇਵੀਂ ਸਦੀ ਦੀ ਚੀਨੀ ਕਾਵਿ ਸ਼ੈਲੀ 'ਤੇ ਪ੍ਰਭਾਵ ਮਿਲਦੇ ਹਨ। ਚੀਨੀ ਚਿੱਤਰਕਲਾ ਦੇ ਛੇ ਸਿਧਾਂਤ, ਭਾਰਤੀ ਦਰਸ਼ਨ ਦੇ ਸਿਧਾਂਤ ਦਾ ਹੀ ਆਤਮਸਾਤੀਕਰਣ ਹੈ। ਵਿਕਟਰ ਐਮ. ਹੇਅਰ ਦਾ ਕਹਿਣਾ ਹੈ ਕਿ ਪ੍ਰਾਚੀਨ ਚੀਨੀ ਅਤੇ ਭਾਰਤੀ ਸੱਭਿਆਚਾਰਾਂ ਵਿਚਲੀ ਅੰਤਰਕਿਰਿਆ ਬਹੁਤ ਵਿਸ਼ਾਲ ਵਰਤਾਰਾ ਹੈ ਜਿਸ 'ਚ ਬੁੱਧ ਮੱਤ ਇਕ ਛੋਟਾ ਹਿੱਸਾ ਹੈ। ਰਾਜਨੀਤਕ ਵਿਚਾਰਾਂ ਦੇ ਖੇਤਰ ਵਿਚ ਅਰਥਸ਼ਾਸਤਰ ਅਤੇ 'ਸੁਨ ਜ਼ੀ' ਵਿਚ ਗੁਪਤਚਰਾਂ ਦੇ ਮਹੱਤਵ ਬਾਰੇ ਬੜੀ ਹੈਰਾਨਕੁੰਨ ਸਮਾਨਤਾ ਹੈ। ਪੰਜਵੀਂ ਛੇਵੀਂ ਈਸਾ ਪੂਰਵ ਦੀ ਚੀਨੀ ਲਿਖਤ 'ਮੋ ਜ਼ੀ' ਅਤੇ ਤੀਜੀ ਸਦੀ ਈਸਾ ਪੂਰਵ ਦੇ ਯੂਨਾਨੀ ਗੰ?ਰਥ 'ਟੈਕਟਿਸ' ਕਬਜ਼ਾ ਨੀਤੀ ਬਾਰੇ ਕਈ ਵਿਚਾਰ ਮਿਲਦੇ ਜੁਲਦੇ ਹਨ। ਹੈਰਾਨੀ ਦੀ ਗੱਲ ਹੈ ਕਿ ਮਕਾਨਕੀ ਜੁਗਤਾਂ ਅਤੇ ਸੁਰੰਗਾਂ ਦੇ ਖੋਦੇ ਜਾਣ ਵਾਲੇ ਨੁਕਤੇ ਅਰਥਸ਼ਾਸਤਰ ਵਿਚ ਵੀ ਮਿਲਦੇ ਹਨ। ਇਹ ਯੂਰੇਸ਼ੀਆ ਦੇ ਇਨ੍ਹਾਂ ਇਲਾਕਿਆਂ ਦੀ ਸਾਂਝੀ ਸੈਨਿਕ ਵਿਚਾਰਾਂ ਦੀ ਵਿਰਾਸਤ ਵੱਲ ਵੱਡਾ ਸੰਕੇਤ ਹੈ।

ਵਿਓਪਾਰੀ, ਕੂਟਨੀਤਕ, ਧਾਰਮਿਕ ਯਾਤਰੀ, ਕਿੱਤਾਮੂਲਕ ਹੁਨਰੀ, ਪਰਵਾਸੀ, ਕਲਾਕਾਰ, ਸ਼ਿਲਪੀ ਅਤੇ ਸੈਨਿਕ ਗ੍ਰੰਥਾਂ, ਲਿਖਤਾਂ, ਕਲਾਕਿਰਤਾਂ ਅਤੇ ਵਿਚਾਰਾਂ ਨੂੰ ਪੂਰੇ ਏਸ਼ੀਆ ਤੇ ਯੂਰਪ ਦੇ ਦੂਰ ਦਰਾਜ ਇਲਾਕਿਆਂ 'ਚ ਫੈਲਾਉਣ ਦੇ ਵਾਹਕ ਰਹੇ ਹਨ। ਪਰ ਇਨ੍ਹਾਂ ਸਾਰਿਆਂ 'ਚ ਸੱਭ ਤੋਂ ਵੱਧ ਪ੍ਰਭਾਵਸ਼ਾਲੀ ਬੌਧਿਕ ਅਤੇ ਧਾਰਮਿਕ ਕੁਲੀਨਤਾ ਸੀ ਜਿਨ੍ਹਾਂ ਨੇ ਰਾਜ ਦਰਬਾਰਾਂ 'ਚ ਗ੍ਰੰਥਾਂ ਰਾਹੀਂ ਬਹੁਮੁੱਲੇ ਵਿਚਾਰਾਂ ਨਾਲ ਨਿਪੁੰਨਤਾ ਲਿਆਂਦੀ। ਬ੍ਰਾਹਮਣੀ ਅਨੁਸ਼ਠਾਨਕਾਰਾਂ ਅਤੇ ਸੰਸਕ੍ਰਿਤ ਲਿਖਤਾਂ ਦੇ ਬੁੱਧੀਜੀਵੀ ਵਿਦਵਾਨਾਂ ਦੇ ਵਿਚਾਰ ਧਰਮਸ਼ਾਸਤਰ ਦੇ ਅਦੇਸ਼ਾਂ ਤੋਂ ਬੇਪਰਵਾਹ ਸਮੁੰਦਰਾਂ ਤੋਂ ਪਾਰ ਸਫ਼ਰ ਕਰ ਗਏ। ਫਾਹਯਾਨ ਅਤੇ ਹਿਊਨਸਾਂਗ ਜਿਹੇ ਬੋਧੀ ਭਿਖਸ਼ੂ ਵੀ ਧਾਰਮਿਕ ਬੌਧਕ ਸੰਚਾਰ ਦੇ ਮਹੱਤਵਪੂਰਣ ਵਾਹਕ ਬਣੇ। ਮਾਇਨਮਾਰ ਅਤੇ ਸ੍ਰੀਲੰਕਾ ਦੇ ਬੋਧੀ ਮੱਠਾਂ ਵਿਚਾਲੇ ਵੀ ਭਿਖਸ਼ੂਆਂ ਰਾਹੀਂ ਆਦਾਨ ਪ੍ਰਦਾਨ ਹੁੰਦਾ ਰਿਹਾ। ਬਾਅਦ 'ਚ ਪੁਰਾਤਨ ਥੇਰਾਵੇਦ ਪਰੰਪਰਾ ਏਸ਼ੀਆਈ ਮੁਲਕਾਂ 'ਚ ਬੋਧੀ ਸੰਚਾਰਤੰਤਰ ਦਾ ਕਾਰਣ ਬਣੀ। ਭਿਖਸ਼ੂਆਂ ਰਾਹੀਂ ਵਿਚਾਰਾਂ, ਲਿਖਤਾਂ, ਸੂਚਨਾਵਾਂ, ਕਲਾ ਕਿਰਤਾਂ ਦੇ ਆਦਾਨ ਪ੍ਰਦਾਨ ਦੇ ਵਿਸ਼ਵੀ ਕੇਂਦਰਾਂ ਵਜੋਂ ਇਹ ਸਥਾਨ ਪ੍ਰਸਿੱਧ ਹੋਏ; ਮੱਧ ਏਸ਼ੀਆ ਵਿਚ ਕੂਚਾ, ਚੀਨ ਵਿਚ ਚਾਂਗਾਨ, ਪੂਰਬੀ ਭਾਰਤ 'ਚ ਨਾਲੰਦਾ, ਦੱਖਣੀ ਭਾਰਤ 'ਚ ਨਾਗਰਜੁਨਕੋਂਡਾ, ਅਨੁਰਾਧਾਪੁਰਾ ਸ੍ਰੀ ਲੰਕਾ 'ਚ ਅਤੇ ਸੁਮਾਤਰਾ

'ਚ ਸ੍ਰੀਵਿਜਯਾ। ਵਿਚਾਰਾਂ 'ਤੇ ਪ੍ਰਭਾਵ ਸਿਰਫ਼ ਲੋਕਾਂ ਰਾਹੀਂ ਪ੍ਰਚਲਿਤ ਨਹੀਂ ਹੋਏ ਬਲਕਿ ਲਿਖਤਾਂ ਅਤੇ ਪਦਾਰਥਕ ਵਸਤਾਂ ਰਾਹੀਂ ਵੀ ਵਿਚਾਰਾਂ ਦਾ ਪ੍ਰਚਲਣ ਹੋਇਆ। ਪਵਿੱਤਰ ਕਲਾ ਕਿਰਤਾਂ, ਪੁਰਾਲੇਖਾਂ, ਬਿੰਬਾਂ, ਪੱਤਰਾਂ, ਅਤੇ ਮੋਹਰਾਂ ਆਦਿ ਰਾਹੀਂ ਵੀ ਵਿਚਾਰਾਂ ਦੇ ਚੱਲਣ ਤੁਰਦਾ ਰਿਹਾ। ਇਥੋਂ ਤੱਕ ਕਿ ਸਥਿਰ ਕੇਂਦਰ ਜਿਵੇਂ ਬੋਧ ਗਯਾ ਦੇ ਮਹਾਬੋਧੀ ਮੰਦਿਰ ਦੀ ਵੀ ਏਸ਼ੀਆਈ ਬੋਧੀ ਪਰਿਕਲਪਨਾ 'ਚ ਮਹੱਤਵਪੂਰਣ ਭੂਮਿਕਾ ਰਹੀ।

ਏਸ਼ੀਆ 'ਚ ਭਾਰਤੀ ਵਿਚਾਰਾਂ ਦਾ ਵਿਸਤ੍ਰਿਤ ਪ੍ਰਚਲਣ ਜਿਸ 'ਚ ਰਾਜਨੀਤਕ ਵਿਚਾਰ ਵੀ ਸ਼ਾਮਿਲ ਹਨ, ਦੀ ਰਾਜਨੀਤਕ ਜਿੱਤ ਜਾਂ ਭਾਸ਼ਾ ਦੀ ਉਤਮਤਾ ਜਿਵੇਂ ਕਿ ਸੰਸਕ੍ਰਿਤ ਰਾਹੀਂ ਵਿਆਖਿਆ ਨਹੀਂ ਹੋ ਸਕਦੀ। ਸ਼ਾਇਦ ਭਾਰਤ ਦੀ ਵਿਕਸਤ ਵਿਚਾਰ ਪ੍ਰਣਾਲੀ ਜਿਸ 'ਚ ਬੌਧਿਕ ਵਿਚਾਰ, ਮਹਾਕਾਵਿ ਅਤੇ ਬਿਰਤਾਂਤ ਸੰਸਕ੍ਰਿਤ ਭਾਸ਼ਾ ਪਰੰਪਰਾ ਰਾਹੀਂ ਹੀ ਪ੍ਰਗਟ ਹੋਏ, ਇਸੇ ਕਾਰਣ ਇਨ੍ਹਾਂ ਦਾ ਉਨ੍ਹਾਂ ਸਮਿਆਂ 'ਚ ਸ਼ਕਤੀਸ਼ਾਲੀ ਵਿਸਤਾਰ ਹੋਇਆ। ਕਹਿਣ ਦਾ ਭਾਵ ਹੈ ਕਿ ਇਸ ਬੰਦ ਦਰਵਾਜ਼ੇ ਦੀ ਸੰਸਕ੍ਰਿਤ ਹੀ ਪ੍ਰਤਿਸ਼ਠਿਤ ਕੁੰਜੀ ਹੈ। ਇਸ ਦੇ ਨਾਲ ਹੀ ਭਾਰਤ ਨੇ ਬਹੁਤ ਸ਼ਕਤੀਸ਼ਾਲੀ ਅਤੇ ਸੱਭਿਆਚਾਰਕ ਅਨੁਕੂਲਨ ਵਾਲੀਆਂ ਹਿੰਦੂ ਅਤੇ ਬੋਧੀ ਧਰਮ ਦੀਆਂ ਦੋ ਧਾਰਮਿਕ ਪਰੰਪਰਾਵਾਂ ਦੀ ਵੱਡੀ ਭੂਮਿਕਾ ਰਹੀ। ਭਾਰਤ ਤੋਂ ਦੱਖਣੀ ਪੂਰਬੀ ਏਸ਼ੀਆਈ ਦੇਸ਼ਾਂ ਵੱਲ ਵਿਚਾਰਾਂ ਦਾ ਵਹਾਅ ਤਾਂ ਹੋਇਆ ਪਰ ਇਨ੍ਹਾਂ ਦੇਸ਼ਾਂ ਤੋਂ ਭਾਰਤ ਵੱਲ ਵਹਾਅ ਬਾਰੇ ਬੜੀ ਘੱਟ ਜਾਣਕਾਰੀ ਹੈ। ਭਾਵੇਂ ਕਿ ਇਹ ਨੁਕਤਾ ਥੋੜ੍ਹਾ ਟੇਢਾ ਹੈ ਪਰ ਇੰਝ ਲਗਦਾ ਹੈ ਕਿ ਦੱਖਣੀ ਪੂਰਬੀ ਏਸ਼ੀਆਈ ਮੁਲਕਾਂ ਨੇ ਮਸਾਲਿਆਂ ਅਤੇ ਲੱਕੜ ਤੇ ਚੀਨ ਨੇ ਰੇਸ਼ਮ ਤੋਂ ਇਲਾਵਾ ਵੀ ਭਾਰਤ ਵੱਲ ਬਹੁਤ ਕੁਝ ਭੇਜਿਆ। ਇਸ ਵਾਸਤੇ ਹੋਰ ਡੂੰਘੀ ਖੋਜ ਦੀ ਜ਼ਰੂਰਤ ਹੈ।

ਪਹਿਲੀ ਸਹਿੰਸਰ ਸ਼ਤਾਬਦੀ ਦੇ ਅੱਧ 'ਚ ਭਾਰਤੀ ਸੱਭਿਆਚਾਰਕ ਲੈਣ ਦੇਣ ਚੱਲ ਰਿਹਾ ਸੀ ਜਿਸ 'ਚ ਰਾਜਨੀਤਕ ਵਿਚਾਰ ਵੀ ਸ਼ਾਮਿਲ ਹਨ। ਪਰ ਅਹਿੰਸਾ ਇਸਦਾ ਮਹੱਤਵਪੂਰਣ ਹਿੱਸਾ ਨਹੀਂ ਰਿਹਾ। ਅਹਿੰਸਾ ਪ੍ਰਾਚੀਨ ਭਾਰਤੀ ਰਾਜਨੀਤਕ ਪ੍ਰਵਚਨ ਦਾ ਵਿਸ਼ੇਸ਼ ਦਿੱਖ ਵਾਲਾ ਨਕਸ਼ ਨਹੀਂ ਰਿਹਾ। ਹਿੰਸਾ ਅਤੇ ਅਹਿੰਸਾ ਵਿਚਲੇ ਤਣਾਓ ਦਾ ਪਛਾਣ ਹਮੇਸ਼ਾ ਬਣੀ ਰਹੀ। ਇਹ ਪਛਾਣ ਜੋ ਸਮਾਜਿਕ ਨੈਤਿਕਤਾ 'ਚੋਂ ਉਭਰਦੀ ਹੈ, ਸਾਰੀਆਂ ਸੰਕੀਰਨ ਵੰਡਾਂ ਤੋਂ ਪਰ੍ਹਾਂ ਇਕ ਹਜ਼ਾਰ ਸਾਲ ਦੇ ਵਿਚਾਰ ਵਿਮਰਸ਼ ਨੂੰ ਦੂਸਰੀਆਂ ਥਾਵਾਂ 'ਤੇ ਹੂ ਬ ਹੂ ਲਾਗੂ ਨਹੀਂ ਕਰ ਸਕੀ। ਹਿੰਸਾ ਅਤੇ ਅਹਿੰਸਾ ਵਿਚਲਾ ਇਹ ਤਣਾਓ ਪ੍ਰਾਚੀਨ ਕਾਲ ਤੋਂ ਵਰਤਮਾਨ ਸਮਿਆਂ ਆਉਂਦੇ ਆਉਂਦੇ ਤੇ ਮਹਾਤਮਾ ਗਾਂਧੀ ਅਤੇ ਜਵਾਹਰ ਲਾਲ ਨਹਿਰੂ ਤੀਕ ਅਪੜਦਾ ਹੋਰ ਸਧਾਰਣੀਕ੍ਰਿਤ ਸਰੂਪ ਅਖ਼ਤਿਆਰ ਕਰ ਗਿਆ।

ਭਾਵੇਂਕਿ ਅਸ਼ੋਕ ਨੂੰ ਭਾਰਤ ਵਿਚੋਂ ਇਕ ਦਮ ਭੁਲਾਅ ਨਹੀਂ ਦਿੱਤਾ ਗਿਆ ਪਰ ਉਸਦੀ ਜ਼ਿਆਦਾ ਪ੍ਰਸਿੱਧੀ ਦੂਜੇ ਏਸ਼ੀਆਈ ਦੇਸ਼ਾਂ ਵਿਚ ਕਿਤੇ ਵੱਧ ਹੈ ਅਤੇ ਇਸਨੂੰ ਬੋਧੀ ਲੋਕ ਕਥਾਵਾਂ ਨੇ ਹੋਰ ਫੈਲਾਇਆ ਕਿਉਂ ਕਿ ਇਹ ਅਸ਼ੋਕ ਦਾ ਮਿਸਾਲੀ ਰਾਜੇ ਵਾਂਗ ਉਤਸਵ ਮਨਾਉਂਦੀਆਂ ਹਨ। ਇਹ ਲੋਕ ਕਥਾਵਾਂ ਅਸ਼ੋਕ ਨੂੰ ਬਹੁਤ ਪ੍ਰਾਚੀਨ ਭਾਰਤ ਵੱਡੇ ਅਹਿੰਸਾਵਾਦੀ ਵਜੋਂ ਨਹੀਂ ਪੇਸ਼ ਕਰਦੀਆਂ ਬਲਕਿ ਇਹ ਉਸਦੀ ਬਹੁਤ ਮਹਾਨ ਧਰਮ ਪ੍ਰਵਰਤਕ, ਧਮ ਅਤੇ ਸੰਘ ਦੇ ਸਰਪ੍ਰਸੱਤ, ਸਤੂਪਾਂ ਅਤੇ ਮਠਾਂ ਦੇ ਨਿਰਮਾਣਕਰਤਾ ਵਜੋਂ ਪ੍ਰਸੰਸਾ ਕਰਦੀਆਂ ਹਨ। ਸ੍ਰੀਲੰਕਾ 'ਚ ਉਹ ਮਹਿੰਦਰ ਅਤੇ ਸੰਘਮਿੱਤਰਾ ਦੇ ਪਿਤਾ ਵਜੋਂ ਪ੍ਰਸਿੱਧ ਹੈ ਜਿਨ੍ਹਾਂ ਨੇ ਸ੍ਰੀ ਲੰਕਾ 'ਚ ਬੁੱਧ ਮੱਤ ਫੈਲਾਉਣ 'ਚ

ਮਹੱਤਵਪੂਰਣ ਭੂਮਿਕਾ ਨਿਭਾਈ। ਅਸ਼ੋਕ ਮਹਾਨ ਦੀ ਬੋਧੀ ਰਾਜੇ ਵਜੋਂ ਸਿਮਰਤੀ ਕਈ ਪ੍ਰਸੰਗਾਂ 'ਚ ਅਚਾਨਕ ਸਾਹਮਣੇ ਆ ਜਾਂਦੀ ਹੈ। ਦੱਖਣੀ ਥਾਈਲੈਂਡ 'ਚ ਤੇਹਰਵੀਂ ਸਦੀ ਦੇ ਚਾਇਆ ਸ਼ਿਲਾਲੇਖ 'ਚ ਧਰਮਰਾਜਾ ਨੂੰ ਮਹਾਨ ਬੋਧੀ ਰਾਜਾ ਵਜੋਂ ਪੇਸ਼ ਕੀਤਾ ਗਿਆ ਹੈ ਜਿਸਨੇ ਰਾਜਨੀਤੀ 'ਚ ਧਰਮਮੋਕਸ਼ ਦੀ ਨੀਤੀ ਅਪਣਾਈ। ਬਰਮਾ 'ਚ ਅਸ਼ੋਕ ਦੀ ਯਾਦ ਨੂੰ ਬੋਧ ਬਿਰਖ ਅਤੇ ਬੋਧ ਗਯਾ ਨਾਲ ਜੋੜਕੇ ਸਿਮਰਿਆ ਜਾਂਦਾ ਹੈ। ਚੀਨ 'ਚ ਵੀ ਅਸ਼ੋਕ ਦੇ ਬੁੱਤਾਂ ਦੀ ਪਰੰਪਰਾ ਹੈ ਜਿਸਨੂੰ ਰਹੱਸਵਾਦੀ ਅਤੇ ਪਰਾਭੌਤਿਕ ਸ਼ਕਤੀਆਂ ਦੇ ਰੂਪ 'ਚ ਦੇਖਿਆ ਜਾਂਦਾ ਹੈ ਲੋਕਾਂ ਦੀ ਕਿਸਮਤ ਦੀ ਭਵਿੱਖਬਾਣੀ ਕਰਦੇ ਹਨ।

ਅਸ਼ੋਕ ਦੇ ਸ਼ਿਲਾਲੇਖਾਂ 'ਚ ਉਹ ਆਪਣੇ ਆਪ ਨੂੰ ਵਿਸ਼ਵੀ ਰਾਜੇ ਵਜੋਂ ਪੇਸ਼ ਕਰਦਾ ਹੈ। ਉਹ ਆਪਣੀ ਧੱਮ ਰਾਹੀਂ ਕੀਤੀਆਂ ਜਿੱਤਾਂ ਨੂੰ ਪੱਛਮ ਦੇ ਕਈ ਯੂਨਾਨੀ ਮਿੱਥਕ ਜੇਤੂਆਂ ਨਾਲ ਆਪਣੀ ਸਮਰੂਪਤਾ ਦਰਸਾਉਂਦਾ ਹੈ। ਪਰ ਤਾਂ ਵੀ ਪੱਛਮੀ ਸਰੋਤਾਂ ਨੇ ਉਸਨੂੰ ਇਕ ਦਮ ਨਜ਼ਰਅੰਦਾਜ਼ ਕੀਤਾ ਹੈ। ਕਾਇਰੋ ਤੋਂ ਪਹਿਲੀ ਸਦੀ ਈਸਾ ਪੂਰਵ ਦੇ ਜੱਗ 'ਤੇ ਲਿਖੇ ਪੁਰਾਲੇਖ ਦੀ ਕਥਾ ਅਨੁਸਾਰ ਸਮੁੰਦਰ ਪੀਣ ਦੀ ਘਟਨਾ ਦਾ ਉਲੇਖ ਹੈ। ਪੰਚਤੰਤਰ ਦੀ ਯਹੂਦੀ ਅੱਗਾਧ ਪਲਿਟਰਾਕ ਦੇ ਸੈਪਟਮ, ਸਾਪਐਂਟੀਅਮ ਕੋਨਵੀਵੀਅਮ ਨਾਲ ਵੀ ਕੁਝ ਸਮਰੂਪਤਾਵਾਂ ਹਨ। ਇਸ ਜੱਗ 'ਤੇ ਪਾਰੋਆਹ ਵੱਲੋਂ ਸਮੁੰਦਰ ਪੀਣ ਦਾ ਜ਼ਿਕਰ ਹੈ ਜੋ ਅਸੋਕੇ ਵੱਲੋਂ ਲਿਖਿਆ ਗਿਆ ਹੈ। ਇਕ ਅੰਦਾਜ਼ੇ ਅਨੁਸਾਰ ਇਹ ਮੌਰਿਆ ਰਾਜਾ ਅਸ਼ੋਕ ਹੀ ਹੈ। ਅਸ਼ੋਕ ਦੀ ਭਾਰਤ ਦੇ ਵਰਤਮਾਨ ਸੱਤਾ ਨੂੰ ਦਰਸਾਉਂਦੇ ਸਤੰਭ ਦੇ ਨਿਸ਼ਾਨ ਆਪਣੀ ਸ਼ਕਤੀ ਪ੍ਰਾਚੀਨ ਭਾਰਤ ਦੇ ਮਹਾਨ ਰਾਜਾ ਅਸ਼ੋਕ ਤੋਂ ਹੀ ਲੈਂਦਾ ਹੈ। ਬਿਹਾਰ ਦੀ ਕੁਸ਼ਵਾਹਾ ਜਾਤੀ ਦੇ ਲੋਕ ਆਪਣੇ ਆਪ ਨੂੰ ਅਸ਼ੋਕ ਦੇ ਵੰਸ਼ਜ ਮੰਨਦੇ ਹਨ। ਇਸ ਤਰ੍ਹਾਂ ਦੀ ਰਾਜਨੀਤਕ ਨਿਮਿੱਤਣ ਦਾ ਇਹੀ ਭਾਵ ਨਿਕਲਦਾ ਹੈ ਕਿ ਪ੍ਰਾਚੀਨ ਵਿਚਾਰਾਂ ਅਤੇ ਬਿੰਬਾਂ ਦੀ ਇਤਿਹਾਸਕਤਾ ਨੂੰ ਵਰਤਮਾਨ ਦਾ ਗੌਰਵ ਕਿਵੇਂ ਬਣਾਇਆ ਜਾਂਦਾ ਹੈ।

ਸ਼ਾਂਤੀ ਨੂੰ ਪਿਆਰ ਕਰਨ ਵਾਲੇ, ਅਹਿੰਸਵਾਦੀ ਭਾਰਤ ਦਾ ਬੜੇ ਯਤਨਾਂ ਨਾਲ ਘੜੇ ਗਏ ਸਵੈਬਿੰਬ ਦੇ ਪਿੱਛੇ ਸਮਾਜਿਕ ਅਤੇ ਰਾਜਨੀਤਕ ਹਿੰਸਾ ਵੀ ਕਾਰਜਸ਼ੀਲ ਰਹੀ ਹੈ। ਇਹ ਪ੍ਰਾਚੀਨ ਭਾਰਤ ਦੇ ਤਿੰਨ ਅਹਿੰਸਾ ਦੇ ਵਿਚਾਰਕਾਂ/ਬੁਲਰਿਆਂ ਜਿਵੇਂ ਮਹਾਵੀਰ ਜੈਨ, ਬੁੱਧ ਅਤੇ ਅਸ਼ੋਕ ਦੀਆਂ ਸਿਮਰਤੀਆਂ ਨਾਲ ਜੁੜੀ ਹੈ। ਗਹਿਨ ਸਮਾਜਿਕ ਅਤੇ ਰਾਜਨੀਤਕ ਟਕਰਾਵਾਂ ਅਤੇ ਹਿੰਸਾ ਤੋਂ ਇਨ੍ਹਾਂ ਸੋਚਵਾਨਾਂ ਦੀ ਅਣਦੇਖੀ ਜਾਂ ਅਧੂਰੀ ਸਮਝ ਇਸ ਗੁੰਝਲਦਾਰ ਮਸਲੇ ਅਤੇ ਵਿਸ਼ੇ ਦਾ ਸਮੇਂ ਸਮੇਂ ਸਵੈਪ੍ਰਸ਼ੰਸਕ ਸ਼ਬਦ ਆਡੰਬਰਾਂ ਅਤੇ ਰਾਜਨੀਤਕ ਹਿੱਤਾਂ ਕਾਰਣ ਰੂੜ੍ਹੀਬੱਧ ਸਧਾਰਣੀਕਰਨ ਕਰਦੀ ਰਹੀ ਹੈ। ਅੰਬੇਦਕਰ ਨੇ ਬੁੱਧ ਮੱਤ ਦਾ ਆਦਰਸ਼ੀਕ੍ਰਿਤ ਸਧਾਰਣੀਕਰਨ ਕਰਕੇ ਇਸਨੂੰ ਸਮਾਜਿਕ ਬਰਾਬਰਤਾ ਦੇ ਆਯੋਜਨ ਲਈ ਪ੍ਰਯੋਗ ਕੀਤਾ। ਮਹਾਤਮਾ ਗਾਂਧੀ ਅਤੇ ਜਵਾਹਰ ਲਾਲ ਨਹਿਰੂ ਨੇ ਪ੍ਰਾਚੀਨ ਅਹਿੰਸਕ ਭਾਰਤ ਦੀ ਮਿੱਥ ਉਪਰ ਆਧਾਰਿਤ ਅਹਿੰਸਾ ਦੇ ਸਿਧਾਂਤ ਉੱਤੇ ਸੁਤੰਤਰਤਾ ਦੀ ਲਹਿਰ ਖੜ੍ਹੀ ਕੀਤੀ। ਅੱਜ ਇਸ ਅਹਿੰਸਾ ਦੇ ਵਿਚਾਰ ਨੂੰ ਉਗਰ ਭਾਰਤੀਅਤਾ ਤੋਂ ਪ੍ਰੇਰਿਤ ਉਹ ਨਵੀਂ ਰਾਜਨੀਤੀ ਚੇਤਨ ਅਤੇ ਪ੍ਰਣਾਲੀਬੱਧ ਤਰੀਕੇ ਨਾਲ ਚੁਣੌਤੀ ਦੇ ਰਹੀ ਹੈ ਜੋ ਸਵਾਰਕਰ ਦੇ ਵਿਚਾਰਾਂ ਦਾ ਅਨੁਸਰਣ ਕਰਦੀ ਹੈ। ਅਜੇ ਇਹ ਕਹਿਣਾ ਜਲਦੀ ਹੋਵੇਗੀ ਇਨ੍ਹਾਂ ਦੋਹਾਂ 'ਚੋਂ ਕਿਹੜਾ ਬਿੰਬ ਲੰਮੇ ਸਮਿਆਂ ਦੇ ਰੂਪ 'ਚ ਜੀਵਤ ਰਹੇਗਾ।

ਪਰ ਅਤਿ ਦੇ ਹਿੰਸਕ ਅਤੇ ਅਹਿੰਸਕ ਆਦਰਸ਼ਾਂ ਵਿਚਕਾਰ ਇਕ ਹੋਰ ਸੰਭਾਵਨਾ ਪਈ ਹੈ ਪ੍ਰਾਚੀਨ ਭਾਰਤ ਦੀ ਰਾਜਨੀਤੀ ਦੇ ਇਤਿਹਾਸ ਅਤੇ ਵਿਚਾਰ ਦਰਮਿਆਨ ਤਣਾਓ ਨੂੰ ਮੇਲ ਅਤੇ ਬਿਖਰਾਓ, ਨਿਰੰਤਰਤਾ ਅਤੇ ਪਰਿਵਰਤਨ ਆਦਿ ਤੱਤਾਂ ਦੇ ਪਰਿਪੇਖ ਤੋਂ ਮੁੜਉਸਾਰ ਕੇ ਸਮਝਣ ਦਾ ਯਤਨ ਕਰਨਾ। ਪ੍ਰਾਚੀਨ ਭਾਰਤ 'ਚ ਰਾਜਨੀਤਕ ਹਿੰਸਾ ਦਾ ਅਦ੍ਰਿਸ਼ੀਕਰਣ ਅਤੇ ਉਚਿਤੀਕਰਣ ਕਰਨਾ ਕਦੇ ਵੀ ਪੂਰੀ ਤਰ੍ਹਾਂ ਨਹੀਂ ਬੰਦ ਹੋਇਆ ਹੈ। ਇਸੇ ਕਾਰਣ ਇਸਨੂੰ ਪ੍ਰਸ਼ਨਧੀਨ ਕਰ ਆਲੋਚਨਾ ਵੀ ਕੀਤੀ ਗਈ ਹੈ, ਸ਼ੱਕ ਅਤੇ ਅਸਹਿਮਤੀ ਵੀ ਪ੍ਰਗਟ ਕਰਨਾ ਬੰਦ ਹੋਇਆ ਹੈ। ਕੀ ਅੱਜ ਦੇ ਭਾਰਤ ਕੋਲ ਅਜਿਹੀ ਯੋਗਤਾ ਜਾਂ ਕੁੱਵਤ ਹੈ ਕਿ ਆਪਣੇ ਹਿੰਸਕ ਭੂਤ ਅਤੇ ਵਰਤਮਾਨ ਦੇ ਯਥਾਰਥ ਦਾ ਓਸੇ ਉਤਸਾਹ ਅਤੇ ਗੰਭੀਰਤਾ ਨਾਲ ਸਾਹਮਣਾ ਕਰ ਸਕੇ ਜੋ ਇਸ ਬਾਰੇ ਦੋ ਹਜ਼ਾਰ ਸਾਲ ਤੋਂ ਹੁੰਦਾ ਰਿਹਾ ਹੈ। ਇਸਦਾ ਦਾ ਕੋਈ ਨਿਸਚਿਤ ਉੱਤਰ ਸੰਭਵ ਪ੍ਰਤੀਤ ਨਹੀਂ ਹੁੰਦਾ। ਇਹ ਪ੍ਰਸ਼ਨ ਵਰਤਮਾਨ ਅਤੇ ਭੂਤ ਵਿਚਲੇ ਹਿੰਸਕ ਸਬੰਧਾਂ ਦੇ ਉਤੇਜਕ ਸੁਭਾਅ ਦੀ ਸੰਭਾਵਨਾਵਾਂ ਨੂੰ ਗਹਿਰਾਈ 'ਚ ਜਾ ਕੇ ਖੰਗਾਲਿਆ ਜਾ ਸਕੇਗਾ। ਅੰਤ 'ਚ ਪ੍ਰਾਚੀਨ ਭਾਰਤ 'ਚ ਰਾਜਨੀਤਕ ਹਿੰਸਾ ਉਪਰ ਵਿਚਾਰ ਚਰਚਾ ਭਾਰਤੀ ਇਤਿਹਾਸ, ਪਛਾਣ ਅਤੇ ਰਾਜਨੀਤਕ ਵਿਚਾਰ ਤੋਂ ਪਰ੍ਹਾਂ ਦੀ ਮਹੱਤਤਾ ਰੱਖਦੀ ਹੈ। ਇਹ ਸਾਡੀ ਇਸ ਨੂੰ ਸਮਝਣ 'ਚ ਸਹਾਇਤਾ ਕਰਦੀ ਹੈ ਕਿ ਪ੍ਰਾਚੀਨ ਭਾਰਤ 'ਚ ਇਸ ਮਸਲੇ ਨੂੰ ਕਿਵੇਂ ਸਮਝਿਆ ਗਿਆ ਅਤੇ ਇਹ ਸਾਰੇ ਕੀਮਤੀ ਸਰੋਤ ਵੀ ਸਾਨੂੰ ਇਸ ਬਾਰੇ ਸੋਚਣ ਲਈ ਮਜਬੂਰ ਕਰਦੇ ਹਨ ਕਿ ਸਾਡੇ ਵਰਤਮਾਨ ਸਮਿਆਂ 'ਚ ਰਾਜਨੀਤਕ ਹਿੰਸਾ ਦੀ ਵੱਧ ਰਹੀ ਸਮੱਸਿਆ ਨਾਲ ਕਿਵੇਂ ਨਜਿੱਠਿਆ ਜਾਵੇ?


ਬਲਬੀਰ ਪਰਵਾਨਾ ਦਾ ਨਾਵਲੀ ਸੰਸਾਰ




ਬਲਬੀਰ ਪਰਵਾਨਾ ਪੰਜਾਬੀ ਨਾਵਲ ਸਿਰਜਣਕਾਰੀ ਦੇ ਖੇਤਰ ਵਿਚ ਇਕ ਅਜਿਹਾ ਨਾਵਲਕਾਰ ਹੈ ਜਿਹੜਾ ਵਿਧਾਗਤ ਪਰਿਵਰਤਨ ਦਾ ਵਾਹਕ ਰਿਹਾ ਹੈ। ਗਲਪਕਾਰੀ ਦੇ ਖੇਤਰ ਵਿਚ ਉਹ ਮਿੰਨੀ ਕਹਾਣੀ ਤੋਂ ਸ਼ੁਰੂ ਕਰਕੇ ਕਹਾਣੀ ਅਤੇ ਨਾਵਲਿਟ ਰਾਹੀਂ ਨਾਵਲ ਦੇ ਖੇਤਰ ਵਿਚ ਪ੍ਰਵੇਸ਼ ਕਰਦਾ ਹੈ। ਉਹ ਪੰਜਾਬੀ ਸਮਾਜ ਦੀ ਹਰੇ ਇਨਕਲਾਬ ਤੋਂ ਬਾਅਦ ਦੀ ਵਾਸਤਵਿਕਤਾ ਨੂੰ ਨਾਵਲਕਾਰੀ ਦਾ ਅਧਾਰ ਬਣਾਉਂਦਾ ਹੈ। ਅਜਿਹਾ ਕਰਦੇ ਹੋਏ ਉਸ ਦੀ ਸਿਰਜਣਕਾਰੀ ਦਾ ਕੇਂਦਰ ਮਨੁੱਖੀ ਵਿਹਾਰ ਬਣਦਾ ਹੈ। ਇਸ ਵਿਹਾਰ ਵਿਚੋਂ ਅਜੋਕੇ ਸਮਾਜ ਦੀ ਜੀਵਨ-ਜਾਚ ਦਾ ਵਿਹਾਰਕ ਮਾਡਲ ਸਾਹਮਣੇ ਆਉਂਦਾ ਹੈ। ਇਸ ਮਾਡਲ ਵਿਚੋਂ ਜਿਹੜਾ ਪੰਜਾਬੀ ਮਨੁੱਖ ਸਾਹਮਣੇ ਆਉਂਦਾ ਹੈ ਉਹ ਰਿਸ਼ਤਿਆਂ ਵਿਚਲੇ ਹਰ ਆਦਰਸ਼ ਤੋਂ ਮੁਕਤ ਹੈ। ਉਹ ਜਿਸ ਇਲਾਕਾਈ ਪਰਿਵੇਸ਼ ਨੂੰ ਛੂਹਦਾ ਹੈ ਉਸ ਰਾਹੀਂ ਸਮੁੱਚੇ ਪੰਜਾਬੀ ਸਭਿਆਚਾਰਕ ਵਿਹਾਰ ਨੂੰ ਸੰਬੋਧਿਤ ਹੁੰਦਾ ਹੈ। ਉਸ ਦੇ ਸਿਰਜਣੀ ਵਰਤਾਰੇ ਨੂੰ 'ਬਹੁਤ ਸਾਰੇ ਚੁਰਸਤੇ' ਤੋਂ ਲੈ ਕੇ 'ਸ਼ੋਅ-ਰੂਮ' ਤਕ ਦੇ ਸਫ਼ਰ ਰਾਹੀਂ ਸਮਝਿਆ ਜਾ ਸਕਦਾ ਹੈ। -ਰਜਨੀਸ਼ ਬਹਾਦਰ ਸਿੰਘ

# ਸਮਕਾਲੀ ਪੰਜਾਬੀ ਕਹਾਣੀ : ਮੂਲ ਵਿਸ਼ਾ ਰੁਝਾਨ ਅਤੇ ਵਿਧਾਨ

-ਡਾ. ਨਵਜੋਤ ਕੌਰ

ਸਮਕਾਲੀ ਕਹਾਣੀ ਤੋਂ ਭਾਵ ਹੈ-ਵੀਹਵੀਂ ਸਦੀ ਦੇ ਉਤਾਰ ਅਤੇ ਇੱਕਵੀਂ ਸਦੀ ਦੇ ਆਰੰਭ ਤੋਂ ਬਾਅਦ ਦੀ ਕਹਾਣੀ, ਜਦੋਂ ਕਿ ਵਿਸ਼ਵੀਕਰਨ ਨੇ ਉਦਾਰੀਕਰਨ ਤੇ ਨਿੱਜੀਕਰਨ ਦੀ ਪ੍ਰਕਿਰਿਆ ਨੂੰ ਪ੍ਰਗਤੀਸ਼ੀਲ ਕੀਤਾ। ਵਿਭਿੰਨ ਪੜਾਵਾਂ ਵਿਚੋਂ ਲੰਘਦਿਆਂ ਆਪਣੇ ਅਜੋਕੇ ਸਰੂਪ ਤੱਕ ਪਹੁੰਚੀ, ਆਧੁਨਿਕ ਚੇਤਨਾ ਅਧੀਨ ਰਚੀ ਜਾ ਰਹੀ ਸਮਕਾਲੀ ਪੰਜਾਬੀ ਕਹਾਣੀ ਨੇ ਪਰੰਪਰਾਗਤ ਕੱਟੜ ਹੱਦ ਬੰਦੀਆਂ ਤੋਂ ਗੁਰੇਜ਼ ਕਰਦਿਆਂ, ਅਜੋਕੇ ਜਟਿਲ ਮਨੁੱਖੀ ਜੀਵਨ ਦੇ ਅਨੁਰੂਪ ਹੀ ਬਹੁਪਰਤੀ ਵਰਤਾਰੇ ਦੀ ਤਸ਼ਬੀਹ ਕੀਤੀ ਹੈ। ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਦੇ ਆਰ-ਪਾਰ ਫੈਲੀ ਇਸ ਕਹਾਣੀ ਨੇ ਸਾਧਾਰਨ ਤੋਂ ਵਿਸ਼ੇਸ਼ ਤੱਕ ਦੇ ਹਰ ਪੈਰਾਡਾਈਮ ਨੂੰ ਆਪਣੇ ਕਲੇਵਰ ਵਿਚ ਨਿਰੂਪਤ ਕਰਦਿਆਂ-ਨਾਰੀ ਅਤੇ ਦਲਿਤ ਸਰੋਕਾਰਾਂ,ਰਿਸ਼ਤਿਆਂ ਦੀ ਟੁੱਟ-ਭੱਜ ਅਤੇ ਤਣਾਓ,ਕਿਸਾਨੀ ਸੰਕਟ ਅਤੇ ਆਰਥਿਕਤਾ ਦੀ ਮਾਰ,ਜਟਕਾ ਅਣਖ ਅਤੇ ਹਉਮੈਂ, ਏਜੰਟਾਂਅਤੇ ਡੇਰਿਆਂ ਦੀ ਲੁੱਟ, ਔਰਤ-ਮਰਦ ਸੰਬੰਧਾਂ ਦੀ ਨਵੀਨ ਪੇਸ਼ਕਾਰੀ, ਪਰਵਾਸ ਧਾਰਨ ਦੀਆਂ ਸਮੱਸਿਆਵਾਂ ਆਦਿ ਵਿਸ਼ਿਆਂ ਨਾਲ ਸੰਬੰਧਿਤ ਨਵੇਂ ਆਯਾਮ ਸਿਰਜੇ ਹਨ।ਹੱਥਲੇ ਪਰਚੇ ਦਾ ਮਨਸ਼ਾ ਚੌਥੇ ਪੜਾਅ ਵਿਚ ਸਿਰਜਣਾ ਕਰ ਰਹੇ ਕਹਾਣੀਕਾਰਾਂਦੀਆਂ ਕਹਾਣੀਆਂ ਨੂੰ ਪੇਸ਼ ਕਰਨਾ ਹੈ। ਆਧੁਨਿਕ ਜੀਵਨ ਵਿਚ ਦਰਪੇਸ਼ ਸਮੱਸਿਆਵਾਂ ਨੂੰ ਮੁਖ਼ਾਤਬ ਇਹ ਕਹਾਣੀਆਂ ਲਗਾਤਾਰ ਬਦਲਾਓ ਦੀ ਪ੍ਰਕਿਰਿਆ ਵਿਚ ਪਏ ਗਤੀਸ਼ੀਲ ਯਥਾਰਥ ਨੂੰ ਉਸਦੇ ਲੁਪਤ ਅਲੁਪਤ ਸਰੂਪ ਵਿਚ ਪੇਸ਼ ਕਰਨ ਦੀ ਚੇਸ਼ਟਾ ਕਰਦੀਆਂ ਹਨ। ਅਜੋਕੇ ਮਨੁੱਖ ਵਿਚ ਉਪਜੇ ਉਪਭੋਗੀ, ਸਵਾਰਥੀ ਅਤੇ ਦਮਨਕਾਰੀ ਚਰਿੱਤਰ ਦੀ ਪੇਸ਼ਕਾਰੀ ਕਰਨ ਵਾਲੀ ਚੌਥੇ ਪੜਾਅ ਦੀ ਇਸ ਕਹਾਣੀ ਦੀ ਮੁੱਖ ਟੇਕ ਸਮਾਜਕ ਯਥਾਰਥ ਅਤੇ ਮਨੋ ਯਥਾਰਥ ਵਿਚਲੇ ਦਵੰਦ'ਤੇ ਟਿਕੀ ਹੋਈ ਹੈ। ਸਮੁੱਚੇ ਰੂਪ ਵਿਚ ਇਸ ਕਹਾਣੀ ਨੇ ਮਨੁੱਖ ਅਤੇ ਮਨੁੱਖ ਦੀਆਂ ਉਹਨਾਂ ਦੁਸ਼ਵਾਰੀਆਂ ਉੱਤੇ ਫੋਕਸ ਕੀਤਾ ਹੈ, ਜਿਹਨਾਂ ਨਾਲ ਅੱਜ ਦਾ ਮਨੁੱਖ ਦੋ-ਚਾਰ ਹੁੰਦਾ ਹੋਇਆ, ਨਿਘਾਰ ਦੀ ਅਵਸਥਾ ਵੱਲ ਅਗ੍ਰਸਰ ਹੋ ਰਿਹਾ ਹੈ।

ਸਮਕਾਲੀ ਪੰਜਾਬੀ ਕਹਾਣੀ ਦੀ ਅਗਰਭੂਮੀ ਵਿਚ ਕਾਰਜਸ਼ੀਲ ਮਸਲਿਆਂ ਦੇ ਵਿਸ਼ਲੇਸ਼ਣ ਸਮੇਂ ਆਰਥਿਕਤਾ ਇਕ ਅਹਿਮ ਮਸਲਾ ਹੈ। ਤਿੜਕ ਰਹੀ ਅਰਥ ਵਿਵਸਥਾ ਨਿਮਨ ਕਿਸਾਨੀ ਦੀ ਤ੍ਰਾਸਦੀ ਦਾ ਆਧਾਰ ਬਣਦਿਆਂ ਸਮਾਜਕ ਮੁੱਲਾਂ ਦੀ ਅਧੀਨਗੀ ਤੋਂ ਇਨਕਾਰੀ ਹੋ ਜਾਂਦੀ ਹੈ।ਪੰਜਾਬ ਦੇ ਪੇਂਡੂ ਸਮਾਜਚਾਰੇ ਵਿਚ ਉੱਚ ਜਾਤੀ ਦਾ ਮਾਡਲ ਰੂਪ ਜੱਟ ਜਾਤ ਹੈ। ਜਿਸਦਾ ਆਧਾਰ ਜ਼ਮੀਨ ਹੈ ਪਰ ਇਹ ਜਮਾਤ ਘੱਟ ਜਾਂ ਬੇਜ਼ਮੀਨੀ ਹੋਣ ਕਾਰਨ ਆਰਥਿਕਤਾ ਦੇ ਤਹਿਤ ਆਪਣੀ ਅਸਲ ਹੋਂਦ ਗੁਆ ਕੇ ਸੰਕਟ ਦੇ ਐਸੇ ਚੱਕਰਵਿਊ ਵਿਚ ਘੁੰਮ ਰਹੀ ਹੈ,ਜਿਸ ਵਿਚੋਂ ਖ਼ਲਾਸੀ ਲਈ ਜਾਂ ਤਾਂ ਕਿੱਤਾ ਪਰਿਵਰਤਨ ਜਾਂ ਆਤਮਘਾਤ ਦੇ ਰਾਹ ਪੈਂਦੀ ਹੈ।

ਜੱਟ ਰੂਪ ਦੇ ਮੂਲ ਮਾਡਲ ਦੀ ਅਕਸ ਤਬਦੀਲੀ ਦਾ ਇਹ ਪ੍ਰਵਚਨ ਡਬੋਲ਼ੀਆ(ਬਲਵਿੰਦਰ ਗਰੇਵਾਲ)ਕਹਾਣੀ ਵਿਚ ਵੱਖਰੇ ਹੀ ਨਕਸ਼ ਅਖ਼ਤਿਆਰ ਕਰਦਾ ਹੈ। ਦੁਨੀਆ ਦਾ ਅੰਨਦਾਤਾ ਕਹਾਉਣ ਵਾਲਾ ਜੱਟ ਕਿਸਾਨ ਜਦੋਂ ਜ਼ਿੰਦਗੀ ਜਿਊਣ ਦਾ ਆਹਰ ਕਰਦਾ ਹੋਇਆ, ਡਬੋਲ਼ੀਏ ਦੀ ਸ਼ਰੇਣੀ ਵਿਚ ਪ੍ਰਵੇਸ਼ ਕਰਦਾ ਹੈ ਤਾਂ ਇਸ ਪਰਿਵਰਤਨਸ਼ੀਲਤਾ

ਦੇ ਕਾਰਨਾਂ ਨੂੰ ਦਰਸਾਉਂਦੀ ਸੰਬੰਧਿਤ ਕਹਾਣੀ ਹੋਂਦ ਦੀ ਤ੍ਰਾਸਦੀ ਅਤੇ ਰੋਟੀ ਦੇ ਜੁਗਾੜ ਨੂੰ ਸਮਾਂਤਰ ਰੂਪ ਵਿਚ ਚਿਤਰਦੀ ਹੈ। ਘੱਟ ਜ਼ਮੀਨ ਕਾਰਨ ਮੰਦੀ ਆਰਥਿਕਤਾ ਦਾ ਸੰਤਾਪ ਹੰਢਾਉਂਦਾ ਬਲਕਾਰ ਆਪਣੇ ਪਿਓ ਵਾਂਗ ਡੁੱਬ ਕੇ ਮਰਨ ਦੀ ਥਾਂ, ਰੁਜ਼ਗਾਰ ਪਰਿਵਰਤਨ ਤਾਂ ਕਰ ਲੈਂਦਾ ਹੈ ਪਰ ਨਿਮਨ ਕੰਮ ਅਪਣਾਉਣ ਕਾਰਨ ਗਿਲਾਨੀ ਨਾਲ ਭਰਿਆ, ਉਹ ਭੇਸ ਵਟਾ ਕੇ ਡਬੋਲ਼ੀਏ ਦਾ ਕਾਰਜ ਕਰਦਿਆਂ ਘਰਦਿਆਂ ਨਾਲ ਫੈਕਟਰੀ ਵਿਚ ਨੌਕਰੀ ਕਰਨ ਦਾ ਝੂਠ ਬੋਲਦਾ ਹੈ।ਕਦੇ ਨਾ ਡੁੱਬਣ ਦਾ ਗਰਵ ਕਰਦੇ ਮੀਤ ਅਤੇ ਕਦੇ ਨਾ ਡੋਲਣ ਦਾ ਹੌਸਲਾ ਰੱਖਦੇ ਸਾਧੂ ਸਿੰਘ,ਜਿਹਨਾਂ ਨੂੰ ਪਾਣੀ ਵੀ ਰਾਹ ਦਿੰਦੇ ਸਨ,ਦਾ ਡੁੱਬਕੇ ਮਰਨਾ, ਦੋਹਾਂ ਦੁਆਰਾ ਆਤਮ ਹੱਤਿਆ ਕਰਨ ਦਾ ਸੰਕੇਤ ਦਿੰਦਾ ਹੈ।ਦੋਹਾਂ ਦੀ ਮੌਤ ਦਾ ਕੇਂਦਰੀ ਕਾਰਕ ਆਰਥਿਕਤਾ ਸੀ। ਰੋਟੀ ਲਈ ਨਿਮਨ ਕਾਰਜ ਕਰਦੇ ਹੋਣ ਕਾਰਨ ਮੀਤ ਦਾ ਰਿਸ਼ਤਾ ਟੁੱਟ ਜਾਂਦਾ ਹੈ ਅਤੇ ਘੱਟ ਆਮਦਨੀ ਕਾਰਨ ਸਾਧੂ ਸਿੰਘ ਦਾ ਵਾਲ-ਵਾਲ ਕਰਜ਼ਾਈ ਹੋ ਜਾਂਦਾ ਹੈ। ਹੁਣ ਇਹੀ ਦੋਵੇਂ ਸੰਕਟ ਬਲਕਾਰ ਉੱਤੇ ਮੰਡਰਾਅ ਰਹੇ ਹਨ।

ਜੇ ਜਿਉਂਦਾ ਹੁੰਦਾ ਮੇਰੇ ਕੰਮ ਨੂੰ ਪਤਾ ਨਹੀਂ ਕੀ ਕਹਿੰਦਾ, ਬਲਕਾਰ ਨੇ ਉਦਾਸ ਮਨ ਨਾਲ ਸੋਚਿਆ- "ਮੁਰਦਾਰ ਖਾਨੇਓਂ..ਲੋਕਾਂ ਦੇ ਦੁੱਖ 'ਚੋਂ ਸੁੱਖ ਭਾਲਦੇ ਓਂ ਹੋਰ ਕਰਦੇ ਓਂ ਕਮਾਈਆਂ ਤੁਸੀਂ, ਉਹਦੇ ਅੰਦਰ ਸਾਧੂ ਬੋਲਦਾ। ਇਹ ਅਹਿਸਾਸ ਖ਼ਾਸ ਤੌਰ 'ਤੇ ਉਦੋਂ ਉਹਦੇ ਅੰਦਰ ਜ਼ੋਰ ਮਾਰਦਾ ਜਦੋਂ ਉਹਨੂੰ ਕਿਸੇ ਲਾਸ਼ ਦੇ ਪੈਸੇ ਮੂੰਹ ਅੱਡ ਕੇ ਮੰਗਣੇ ਪੈਂਦੇ।[1]

ਆਰਥਿਕ ਵਿਵਸਥਾ ਦਾ ਜਟਿਲ ਤੰਤਰ ਵਿਧਾਨ ਨਿਮਨ ਕਿਸਾਨੀ ਦੇ ਵਿਰੋਧ ਵਿਚ ਖੜ੍ਹਾ ਨਜ਼ਰੀ ਪੈਂਦਾ ਹੈ ਤਾਂ ਜੱਟ ਦਾ ਸਵੈ ਬਹੁਤ ਸਾਰੇ ਅੰਤਰ ਵਿਰੋਧਾਂ ਨੂੰ ਭੋਗਦਾ ਹੋਇਆ ਦੁਬਿਧਾ ਵਿਚ ਫਸ ਜਾਂਦਾ ਹੈ। ਇਕ ਪਾਸੇ ਉਹ ਜ਼ਿੰਦਗੀ ਜਿਊਣ ਲਈ ਬਹੁਤ ਤਰਸਯੋਗ ਸਥਿਤੀ ਦਾ ਭਾਗੀਦਾਰ ਬਣਦਾ ਹੈ ਤਾਂ ਦੂਜੇ ਪਾਸੇ ਉਹ ਆਪਣੇ ਅੰਦਰ ਜੱਟ ਅਣਖ ਨੂੰ ਵੀ ਕਾਇਮ ਰੱਖਣ ਦੀ ਕੋਸ਼ਿਸ਼ ਕਰਦਾ ਹੈ। ਦਲਾਲੀ ਤੱਕ ਦੇ ਕੰਮ ਨੂੰ ਵੀ ਮਾੜਾਗਿਣਦਾ ਸਾਧੂ ਸਿੰਘ ਤਿੰਨ ਕਿੱਲਿਆਂ ਦੀ ਵਾਹੀ ਲਈ ਹੀ ਕਿਸ਼ਤਾਂ 'ਤੇ ਟਰੈਕਟਰ ਲੈ ਆਉਂਦਾ ਅਤੇ ਇਕ ਬਾਂਹ ਤੋਂ ਨਕਾਰਾ ਹੋ ਕੇ ਵੀ ਵਾਹੀ ਦਾ ਕੰਮ ਨਾ ਛੱਡਦਾ ਹੋਇਆ ਆਖ਼ੀਰ ਕਰਜ਼ੇ ਦੀ ਮਾਰ ਹੇਠ ਮਾਰਿਆ ਜਾਂਦਾ ਹੈ। ਇਹ ਕਹਾਣੀ ਮਨੁੱਖ ਦੇ ਅਣਮਨੁੱਖੀਪਣ 'ਤੇ ਚੋਟ ਕਰਦੀ ਹੈ ਕਿ ਕਿਸ ਤਰ੍ਹਾਂ ਆਰਥਿਕ ਮੰਦਹਾਲੀ ਮਨੁੱਖ ਨੂੰ ਉਸਦੀ ਨੈਤਿਕਤਾ ਤੋਂ ਗਿਰਾ ਦਿੰਦੀ ਹੈ। ਮੀਤ ਹੁਰੀਂ ਲਾਲਚ ਵਿਚ ਆਏ ਹੋਰ ਦੀ ਥਾਂ ਕਿਸੇ ਹੋਰ ਦੀ ਲਾਸ਼ ਕੱਢਣ ਨੂੰ ਤਿਆਰ ਹੋ ਜਾਂਦੇ ਹਨ ਕਿਉਂਕਿ ਬਹੁਤੇ ਦਿਨ ਪਾਣੀ ਵਿਚ ਰਹਿਣ ਕਾਰਨ ਲਾਸ਼ ਦੀ ਸਹੀ ਪਹਿਚਾਣ ਕਰਨੀ ਸੰਬੰਧੀਆਂ ਲਈ ਔਖੀ ਹੋ ਜਾਂਦੀ ਹੈ।

ਆਰਥਿਕ ਸਥਿਰਤਾ ਦਾ ਅਗਲਾ ਪ੍ਰੇਰਕ ਵਿਦੇਸ਼ ਬਣਦਾ ਹੈ।ਅੱਗ ਬੰਨ੍ਹਣ ਵਾਲੇ(ਜਤਿੰਦਰ ਹਾਂਸ)ਕਹਾਣੀ ਬੇਜ਼ਮੀਨੇ ਜੱਟ ਵਰਗ ਦੇ ਉਸ ਰੂਪ ਨੂੰ ਚਿਤਰਿਤ ਕਰ ਰਹੀ ਹੈ,ਜੋ ਆਪਣੀ ਉੱਚ ਸ਼?ਰੇਣੀ ਨੂੰ ਪਿੱਛੇ ਤੱਜ ਕੇ ਕਾਮਾ ਸ਼ੇ?ਰਣੀ ਵਿਚ ਤਬਦੀਲ ਹੋ ਰਿਹਾ ਹੈ। ਰੋਜ਼ੀ-ਰੋਟੀ ਦੀ ਸਾਧਨ ਪੂਰਤੀ ਦੀ ਜਦੋ-ਜਹਿਦ ਉਸ ਨੂੰ ਪਰਵਾਸੀ ਬਣਾਉਂਦਿਆਂ, ਭਾਂਡੇ ਮਾਂਜ ਕੇ ਪੈਸੇ ਕਮਾਉਣ 'ਤੇ ਲਗਾ ਦਿੰਦੀ ਹੈ। ਵਿਦੇਸ਼ ਜਾਣ ਦਾ ਪ੍ਰਮੁੱਖ ਕਾਰਨ ਪੈਸੇ ਇਕੱਤਰ ਕਰਕੇ ਵਾਪਸ ਵਤਨ ਪਰਤ ਕੇ ਸੁਖਮਈ ਜ਼ਿੰਦਗੀ ਬਤੀਤ ਕਰਨਾ ਹੈ। ਪਰੰਤੂ ਪੂੰਜੀਵਾਦੀ ਵਿਵਸਥਾ ਵਿਚ ਪੈਸੇ ਕਮਾਉਣੇ ਸਰਲ ਪ੍ਰਕਿਰਿਆ ਨਹੀਂ ਹੈ ਕਿਉਂਕਿ ਵਿਦੇਸ਼ ਜਾਣ ਲਈ ਕਰਜ਼ਾ ਚੁੱਕਣਾ ਪੈਂਦਾ ਹੈ ਅਤੇ ਕਰਜ਼ੇ ਨਾਲ ਵਿੰਨ੍ਹੀ ਜੱਟ ਦੀ ਰੀੜ੍ਹ ਦੀ ਹੱਡੀ ਸਾਰੀ ਉਮਰ ਸਿੱਧੀ ਨਹੀਂ ਹੁੰਦੀ ਜਿਸ ਕਾਰਨ ਆਖ਼ੀਰ ਉਹ

ਫਾਹਾ ਲੈ ਲੈਂਦਾ ਹੈ।

ਸਾਂਝੇ ਟੱਬਰਾਂ ਵਿਚ ਪਈਆਂ ਵੰਡੀਆਂ ਜ਼ਮੀਨਾਂ ਵਿਚ ਲਕੀਰਾਂ ਖਿੱਚ ਦਿੰਦੀਆਂ ਹਨ।ਜਿਸ ਕਾਰਨ ਆਰਥਿਕਤਾ ਅਸਥਿਰ ਹੋ ਜਾਦੀ ਹੈ ਅਤੇ ਆਰਥਿਕ ਸਥਿਤੀ ਸੁਖਾਵੀਂ ਕਰਨ ਲਈ ਵਿਦੇਸ਼ ਜਾਣ ਦੀ ਦਿਨ-ਬ-ਦਿਨ ਵਧੀ ਰੁਚੀ ਦਾ ਜਹਾਜ਼ ਵਾਲੀ ਟੈਂਕੀ (ਅਜਮੇਰ ਸਿੱਧੂ) ਕਹਾਣੀ ਵਿਚ ਵਡੇਰਾ ਚਿਤਰਨ ਕਰਦਿਆਂ ਵਿਅੰਗ ਕਸਿਆ ਗਿਆ ਹੈ ਕਿ ਕਿਸ ਤਰ੍ਹਾਂ ਹਾਲਾਤ ਦੀ ਕਠੋਰਤਾ ਬੰਦੇ ਦੇ ਸੁਪਨਿਆਂ ਨੂੰ ਸਿਰੇ ਨਹੀਂ ਚੜ੍ਹਨ ਦਿੰਦੀ ਹੈ। ਆਰਥਿਕਤਾ ਦੀ ਮਾਰ ਖਾਦੇ ਬੰਦੇ ਦਾ ਫ਼ਾਇਦਾ ਦੋ ਧਿਰਾਂ ਉਠਾਂਦੀਆਂ ਹਨ- ਪੈਸੇ ਕਮਾਉਣ ਦੇ ਸੁਨਹਿਰੀ ਸੁਪਨੇ ਦਿਖਾ ਕੇ ਏਜੰਟ ਅਤੇ ਕਰਜ਼ਾ ਦੇ ਕੇ ਸਹਾਇਤਾ ਕਰਨ ਦਾ ਢੌਂਗ ਰਚਦਿਆਂ ਵੱਡੇ ਜ਼ਿਮੀਦਾਰ, ਆਮ ਬੰਦੇ ਦੇ ਪੱਲੇ ਕੱਖ ਨਹੀਂ ਛੱਡਦੇ। ਰਹਿੰਦੀ ਕਸਰ ਤੀਜੀ ਧਿਰ ਡੇਰੇ ਵਾਲੇ ਬਾਬੇ ਆਸ਼ੀਰਵਾਦ ਦੇਣ ਦੇ ਨਾਂ 'ਤੇ ਪੂਰੀ ਕਰ ਲੈਂਦੇ ਹਨ। ਸਿੱਧੂ ਸਮੱਸਿਆ ਦੇ ਕਾਰਨ-ਕਾਰਜ ਵੱਲ ਵੀ ਇਸ਼ਾਰਾ ਕਰਦਾ ਹੈ ਕਿ ਇਕ ਪਾਸੇ ਵਿਸ਼ਵੀਕਰਨ ਦੀ ਉਚਾਈ ਨੂੰ ਛੂੰਹਦੇ ਜਹਾਜ਼ ਵਰਗੇ ਸਾਧਨਾਂ ਦੀ ਵਰਤੋਂ ਦੀ ਲੋਚਾ ਹੈ ਪਰ ਦੂਜੇ ਪਾਸੇ ਇਸ ਮਕਸਦ ਪੂਰਤੀ ਲਈ ਸੰਤਾਂ ਦੀ ਓਟ ਲਈ ਜਾਂਦੀ ਹੈ। ਸ਼ਰਧਾਮਈ ਭਾਵਨਾ ਵਿਚ ਵਹਿ ਕੇ ਹੀ ਸੰਤਾਂ ਦੇ ਕਹੇ, ਬਿਨਾਂ ਕਿਸੇ ਲਿਖਤ ਪੜ੍ਹਤ ਦੇ ਅੱਠ ਲੱਖ ਰੁਪਏ ਏਜੰਟਨੂੰ ਦੇ ਦਿੱਤੇ ਜਾਂਦੇ ਹਨ। ਜੇਕਰ ਜੀਤਾ ਭਲਵਾਨ ਵਰਗੇ ਚੇਤਨ ਵਿਅਕਤੀ, ਲੋਕਾਂ ਨੂੰ ਕੱਚ-ਸੱਚ ਦਿਖਾਉਣ ਦੀ ਕੋਸ਼ਿਸ਼ ਕਰਦੇ ਹਨ ਤਾਂ ਉਹ ਹੋਰਾਂ ਨੂੰ ਨਿੰਮ ਵਰਗੇ ਪ੍ਰਤੀਤ ਹੁੰਦੇ ਹਨ। ਜੱਟ ਬਰਾਦਰੀ ਦੇ ਵੱਡੇ-ਛੋਟੇ ਵਰਗ ਹੋਣ ਕਾਰਨ ਜਮਾਤੀ ਹਿੱਤਾਂ ਵਿਚ ਤਾਂ ਫ਼ਰਕ ਹੋ ਸਕਦਾ ਹੈ ਪਰ ਇਕੋ ਜਾਤ ਹੋਣ ਕਾਰਨ ਜਾਤੀਗਤ ਖ਼ਾਸੀਅਤਾਂ ਉਹੀ ਹਨ। ਇਸ ਲਈ ਇਕ ਨਿਮਨ ਕਿਸਾਨ ਵੀ ਜਦੋਂ ਧਨਾਢ ਕਿਸਾਨ ਵਾਂਗ ਜੀਣਾ ਸ਼ੁਰੂ ਕਰਦਾ ਹੈਤਾਂ ਕਰਜ਼ਾਈ ਹੋਇਆ ਖ਼ੁਦਕੁਸ਼ੀ ਕਰਦਾ ਹੈ। ਦਲਜਿੰਦਰ ਵਰਗੇ ਜੱਟਾਂ ਦੀਆਂ ਉਮੰਗਾਂ ਤਾਂ ਮੂਰਤਾ ਸਿੰਘ ਵਾਂਗ ਵੱਡੀਆਂ ਹਨ ਪਰ ਆਰੇ ਉੱਤੇ ਕੰਮ ਕਰਨ ਵਿਚ ਉਹਨਾਂ ਨੂੰ ਹੀਣਤਾ ਮਹਿਸੂਸ ਹੁੰਦੀ ਹੈ।

ਮੂਰਤਾ ਸੁੰਹ ਤਾਂ ਪਿੰਡ ਵਿਚ ਪੜ੍ਹਿਆ ਲਿਖਿਆ ਵੀ ਸਾਰਿਆਂ ਤੋਂ ਜ਼ਿਆਦਾ ਸੀ।ਖੇਤੀ ਮਾਹਿਰ ਸੀ ਸਫਲ ਕਿਸਾਨ।ਚਾਹੇ ਖੇਤੀ ਦੇ ਨਵੇਂ ਸੰਦ ਲੈਣੇ ਹੋਣ, ਚਾਹੇ ਕੋਠੀ ਬਣੌਣੀ ਹੋਵੇ ਤੇ ਚਾਹੇ ਬੱਚਿਆਂ ਨੂੰ ਕਾਨਵੈਂਟ ਸਕੂਲ ਵਿਚ ਪੜੌਣਾ ਹੋਵੇ, ਇਲਾਕੇ ਵਿਚ ਉਹ ਮੋਹਰੀ ਬਣਿਆ। ਪਤਾ ਨਈ ਕਿਹੜੀ-ਕਿਹੜੀ ਬੈਂਕ ਤੋਂ ਲੋਨ ਲਿਆ ਹੋਣਾ।ਸਰਕਾਰੇ ਦਰਬਾਰੇ, ਬੀਜਾਂ ਦੀਆਂ ਕੰਪਨੀਆਂ ਸਭ ਨਾਲ ਉਹਦਾ ਮੇਲ-ਜੌਲ ਸੀ।ਬਸ ਕੁਰਕੀ ਦੇ ਵਾਰੰਟ ਆਏ ਸੀ।ਸਾਰੇ ਟੱਬਰ ਨੂੰ ਸਲਫਾਸ ਦੇ ਦਿੱਤੀ। "ਆਹ ਜਿਹੜੇ ਟੀ.ਵੀ. ਘਰਾਂ 'ਚ ਰੱਖਿਓ ਆ, ਨਵੀਆਂ-ਨਵੀਆਂ ਚੀਜ਼ਾਂ ਖਰੀਦਣ ਲਈ ਇਹ ਉਕਸਾਉਂਦੇ ਆ। ਖੇਤੀ ਦੇ ਸਾਮਰਾਜੀ ਮਾਡਲ ਨੇ ਕਈ ਮੂਰਤਾ ਸੁੰਹ ਖਾ ਲਏ।[12]

ਸਮੇਂ ਦੇ ਬਦਲਣ ਨਾਲ ਮਹਿੰਗੇ ਚੜ੍ਹਾਵਿਆਂ ਦਾ ਰੁਝਾਨ ਇਕ ਸਟੇਟਸ ਸਿੰਬਲ ਬਣ ਚੁੱਕਾ ਹੈ।ਜਿਸ ਮਾਇਆਵੀ ਜ਼ਿੰਦਗੀ ਨੂੰ ਧਰਮ ਦਾ ਸਿਧਾਂਤ ਤਿਲਾਂਜਲੀ ਦੇਣ ਦੀ ਸਿੱਖਿਆ ਦਿੰਦਾ ਹੈ, ਉਸ ਮਾਇਆ ਦੀ ਦਾਤ ਮੰਗਣ ਹੀ ਲੋਕ ਗੁਰੂ ਘਰ ਜਾਂਦੇ ਅਤੇ ਕ੍ਰਿਪਾ ਹੋ ਜਾਣ ਉੱਤੇ ਵਿਦੇਸ਼ੋਂ ਆਏ ਲੋਕ ਆਪਣੇ ਪੈਸੇ ਦਾ ਰੋਹਬ ਪਾਉਣ ਲਈ ਪਿੰਡ ਵੱਡੀਆਂ ਕੋਠੀਆਂ ਬਣਾਉਂਦੇ ਅਤੇ ਲੱਖਾਂ ਦਾ ਦਾਨ ਦਿੰਦੇ ਹਨ,ਜਿਹਨਾਂ ਨੂੰ ਦੇਖ ਕੇ ਭੁੱਖੇ ਮਰਦੇ ਬੰਦੇ ਦੇ ਮਨ ਵਿਚ ਵੀ ਵਿਦੇਸ਼ ਜਾਣ ਦੀ ਹਿਰਸ ਪੈਦਾ ਹੁੰਦੀ ਹੈ।ਹਰਦੇਵ ਦੇ ਪੈਸੇ ਦੇ ਜਲੌਅ ਨੂੰ ਦੇਖ ਕੇ ਦਲਜਿੰਦਰ ਦੇ ਮਨ ਵਿਚ

ਵਿਦੇਸ਼ ਜਾਣ ਦੀ ਚਾਹਤ ਪੈਦਾ ਹੋ ਜਾਂਦੀ ਹੈ ਪਰ ਵਾਰ-ਵਾਰ ਕੋਸ਼ਿਸ਼ ਕਰਨ ’ਤੇ ਵੀ ਆਰਥਿਕਤਾ ਦੀ ਅਤਿ ਘਾਟ ਅਤੇ ਏਜੰਟਾਂ ਦੀ ਠੱਗੀ ਕਾਰਨ ਨਾ-ਉਮੀਦ ਹੋਇਆ,ਉਹ ਭੱਜੀ ਪਾਤਰ ਵਾਂਗ ਆਤਮਘਾਤ ਦੇ ਰਾਹ ਪੈਂਦਾ ਹੈ। ਬਾਹਰ ਜਾ ਕੇ ਆਪਣਾ ਖ਼ੂਨ ਵੀ ਪੈਸੇ ਦੇ ਰੰਗ ਕਾਰਨ ਬੇਰੰਗ ਹੋ ਜਾਂਦਾ ਹੈ। ਸਾਂਝੇ ਘਰ ਵਿਚੋਂ ਬਾਹਰ ਗਿਆ ਪਹਿਲਾਂ ਦਲਜਿੰਦਰ ਦਾ ਤਾਇਆ ਅਤੇ ਫਿਰ ਭਰਾ ਆਰਥਿਕ ਪੱਖੋਂ ਸੌਖਾਲੇ ਹੋ ਜਾਣ ਉੱਤੇ ਵੀ ਮਗਰਲਿਆਂ ਦੀ ਸਾਰ ਨਹੀਂ ਲੈਂਦੇ ਹਨ। ਇੰਜ ਨਿਮਨ ਕਿਸਾਨੀ ਦੇ ਸੰਕਟਾਂ ਦਾ ਧੁਰਾ, ਮਾੜੀ ਆਰਥਿਕਤਾ ਦੀ ਚੱਕੀ ਵਿਚ ਪਿਸਦਾ ਸੰਬੰਧਿਤ ਕਹਾਣੀ ਦਾ ਕੇਂਦਰੀ ਪਾਤਰ, ਖੁੱਸ ਰਹੀ ਜ਼ਮੀਨ ਅਤੇ ਖਿੰਡ ਰਹੀ ਮਾਨਸਿਕਤਾ ਦਾ ਸੰਤਾਪ ਭੋਗਦਾ ਹੈ। ਵਿਰੋਧੀ ਸਥਿਤੀ ਸਾਹਵੇਂ ਇਸ ਪਾਤਰ ਦੀਆਂ ਸੰਭਾਵਨਾਵਾਂ ਦਮ ਤੋੜਦੀਆਂ ਵਧੇਰੇ ਮਾਰਮਿਕ ਮਾਹੌਲ ਪੈਦਾ ਕਰਦੀਆਂ ਹਨ।

ਸਿਉਂਕ ਦੀ ਤਰ੍ਹਾਂ ਲੋਕਾਈ ਨੂੰ ਅੰਦਰੋਂ ਖੋਖਲਾ ਕਰ ਰਿਹਾ ਡੇਰਾਵਾਦ ਧਰਮ ਦੀ ਆੜ ਵਿਚ ਲੋਕਾਂ ਨੂੰ ਦੁੱਖਾਂ ਤੋਂ ਨਿਜਾਤ ਦਿਵਾਉਣ ਦਾ ਫ਼ਰੇਬ ਰਚਾ ਕੇ,ਲੋਕ ਮਾਨਸਿਕਤਾ ਨੂੰ ਆਪਣੇ ਨਿੱਜੀ ਹਿੱਤਾਂ ਲਈ ਵਰਤਣ ਤੋਂ ਗੁਰੇਜ਼ ਨਹੀਂ ਕਰਦਾ ਹੈ।ਇਹਨਾਂ ਧਾਰਮਿਕ ਸਥਾਨਾਂ ਦੇ ਸੰਚਾਲਕ ਬਹੁਕੀਮਤੀ ਅਤੇ ਸੁੰਦਰ ਸਜਾਵਟੀ ਤਖ਼ਤਾਂ ’ਤੇ ਬਿਰਾਜੇ, ਪਵਿੱਤਰ ਮਨੁੱਖ ਹੋਣ ਦਾ ਦੰਭ ਰਚਦਿਆਂ ਆਪਣੀ ਸਫ਼ੈਦਪੋਸ਼ੀ ਦੇ ਓਹਲੇ ਵਿਚ ਧਰਮ ਸਥਾਨਾਂ ਨੂੰ ਭ੍ਰਿਸ਼ਟ ਕਾਰਜਾਂ ਦੇ ਅੱਡੇ ਵਜੋਂ ਵਰਤ ਰਹੇ ਹਨ।ਸੰਗਤ ਦੇ ਜ਼ਿਹਨ ਅੰਦਰ ਉਹਨਾਂ ਦੀ ਛਵੀ ਮਹਾਂਪੁਰਸ਼ਾਂ ਵਾਲੀ ਹੈ ਪਰ ਇਹ ਉਹ ਦਾਨਵ ਹਨ,ਜਿਹੜੇ ਸਭ ਕੁਝ ਭਖ ਜਾਂਦੇ ਹਨ। ਪਾਤਸ਼ਾਹ (ਸੁਖਜੀਤ) ਕਹਾਣੀ ਵਿਚ ਇਸ ਪਾਖੰਡ ਦੇ ਅਡੰਬਰ ਨੂੰ ਡੇਰਾ ਕਲਚਰ ਦੇ ਅੰਦਰੂਨੀ ਕੋਹਜ ਦੀਆਂ ਬਦ ਫੈਲੀਆਂ ਰਾਹੀਂ ਪੇਸ਼ ਕੀਤਾ ਗਿਆ ਹੈ।ਲੁਕਾਓ-ਪ੍ਰਗਟਾਓ ਦੀ ਜੁਗਤ ਵਰਤਦਿਆਂ ਕਹਾਣੀਕਾਰ ਨੇ ਕਹਾਣੀ ਦੇ ਸ਼ੁਰੂ ਵਿਚ ਹੀ ਅਸਲ ਘਟਨਾ ਬਾਰੇ ਫੌਰੀ ਵਿਗੋਪਨ ਵਜੋਂ ਮਾਸਟਰ ਅਜੈਬ ਸਿੰਘ ਦੇ ਸੰਗਲਾਂ ਵਿਚ ਨਰੜੇ ਹੋਣ ਦਾ ਦੱਸ ਕੇ ਵਿਲੰਬਤ ਵਿਗੋਪਨ ਰਾਹੀਂ ਇਸ ਘਟਨਾ ਬਾਰੇ ਖੰਡ-ਖੰਡ ਜਾਣਕਾਰੀ ਪ੍ਰਦਾਨ ਕੀਤੀ ਹੈ।ਹਰਖ-ਸੋਗ ਰਹਿਤ ਹੋਇਆ ਅਜੈਬ ਸਿੰਘ ਦਾ ਬਾਪ ਅਮਰ ਸਿੰਘ, ਉਹ ਅੱਠ ਕਿੱਲੇ ਡੇਰੇ ਨੂੰ ਚੜ੍ਹਾਉਣ ਦਾ ਫ਼ੈਸਲਾ ਕਰ ਲੈਂਦਾ ਹੈ, ਜਿਹਨਾਂ ਅੱਠਾਂ ਕਿੱਲਿਆਂ ਪਿੱਛੇ ਉਹ ਕਈ ਵਾਰ ਸ਼ਰੀਕਾਂ ਨਾਲ ਖ਼ੈਬੜਿਆ ਸੀ। ਬਾਪ ਨੂੰ ਇਸ ਕਰਮ ਤੋਂ ਹੋੜਣ ਲਈ, ਡੇਰੇ ਉਸ ਨੂੰ ਮਿਲਣ ਗਿਆ ਅਜੈਬ ਸਿੰਘ, ਡੇਰੇ ਵਾਲਿਆਂ ਦੀ ਚਾਲ ਦਾ ਸ਼ਿਕਾਰ ਹੋ ਸੰਗਲਾਂ ਵਿਚ ਬੰਨ੍ਹਿਆ ਜਾਂਦਾ ਹੈ ਤਾਂ ਜੋ ਕਿ ਉਹ ਜ਼ਮੀਨ ਦੀ ਰਜਿਸਟਰੀ ਹੋਣ ਤੱਕ ਕੋਈ ਹੀਲਾ ਵਸੀਲਾ ਨਾ ਕਰ ਸਕੇ।ਸਭ ਪਾਸਿਓਂ ਮੁਰਛਿਤ ਹੋਏ ਅਜੈਬ ਸਿੰਘ ਵਿਚ ਉਸ ਦਾ ਹੀ ਸਾਬਕਾ ਵਿਦਿਆਰਥੀ ਸੁਖਵਿੰਦਰ ਜੋ ਕਿ ਆਪ ਅਜਿਹੇਜਾਲ ਵਿਚ ਫਸਿਆ ਸੀ, ਮੁੜ ਤੋਂ ਹੌਸਲਾ ਭਰਦਾ ਹੈ ਕਿ ਉਹ ਪਾਤਸ਼ਾਹ ਅੱਗੇ ਫਰਿਆਦ ਕਰਨ ਦੀ ਥਾਂ ਆਪਣੇ ਹੱਕ ਨੂੰ ਪਹਿਚਾਣੇ,ਜਿਸ ਕਾਰਨ ਪ੍ਰਸਥਿਤੀ ਤੋਂ ਬਲਸ਼ਾਲੀ ਢੰਗ ਨਾਲ ਬਾਹਰ ਨਿਕਲਦਾ ਹੋਇਆ ਅਜੈਬ ਸਿੰਘ ਡੇਰੇ ਵਾਲਿਆਂ ਮੂਹਰੇ ਦਹਾੜ ਪੈਂਦਾ ਹੈ;

> ਗੱਲ ਸੁਣ ਛੋਟੇ ਪਾਤਸ਼ਾਹ, ਜਾਹ ਕਹਿਦੇ ਆਪਣੇ ਓਸ ਵੱਡੇ ਪਾਤਸ਼ਾਹ ਨੂੰ ਕਿ ਪਾਤਸ਼ਾਹ ਉਹ ਨਹੀਂ ਮੈਂ ਹਾਂ ਮੈਂ ਕਹਿਦੇ ਉਸ ਨੂੰ ਕਿ ਸਿਰਫ਼ ਰਜਿਸਟਰੀ ਕਰਾਉਣ ਨਾਲ ਜ਼ਮੀਨ ਉਹਦੀ ਨਹੀਂ ਹੋ ਗਈ। ਦੇਖੂ ਮੈਂ ਉਹਦਾ ਕਿਹੜਾ ਟਰੈਕਟਰ ਐਸ ਪਾਤਸ਼ਾਹ ਦੀ ਹਿੱਕ ਤੋਂ ਲੰਘ ਕੇ ਜ਼ਮੀਨ ’ਚ ਜਾਊ। ਕਹਿੰਦਾ ਉਹ ਹਿੱਕ ਥਾਪੜਦਾ ਹੋਇਆ ਪਾਤਸ਼ਾਹ ਵਾਲੀ ਸ਼ਾਨ ਨਾਲ ਕਿਲੇ ਵਰਗੀ ਕੁਟੀਆ ਵਿਚੋਂ ਬਾਹਰ ਨੂੰ ਤੁਰ

ਪਿਆ।[3]

ਸਥਾਪਤੀ, ਕਿਰਤ ਦਾ ਹਮੇਸ਼ਾ ਸੌਖਾ ਰਾਹ ਲੱਭਦੀ ਹੈ ਅਤੇ ਇਸ ਮਨਸੂਬੇ ਨੂੰ ਧਰਮ ਆਸ਼ਰਮ ਵੀ ਪੂਰਾ ਕਰ ਰਹੇ ਹਨ। ਇਹ ਆਸ਼ਰਮ ਅਧਿਆਤਮਕਤਾ ਦੇ ਨਾਂ ਹੇਠ ਮਲਟੀ ਬਰਾਂਡ ਦੇ ਉਹ ਸੇਲ ਕਾਉਂਟਰ ਹਨ, ਜਿੱਥੇ ਧਰਮ ਦੇ ਨਾਮ 'ਤੇ ਕਈ ਕੁਝ ਵੇਚਦਿਆਂ ਧਰਮ ਦਾ ਵਪਾਰੀਕਰਨ ਕੀਤਾ ਜਾ ਰਿਹਾ ਹੈ। ਕਹਾਣੀ ਗੋਲ ਗੋਲ ਘੁੰਮਦਿਆਂ (ਕੁਲਵੰਤ ਗਿੱਲ)ਦੀ ਮਾਂ ਅਮ੍ਰਿਤਾ ਸਾਗਰ ਦਾ ਮੁੱਖ ਉਪਦੇਸ਼ ਮੋਹ ਮਾਇਆ ਤੋਂ ਨਿਰਲੇਪ ਰਹਿੰਦਿਆਂ, ਮਨ ਦੀ ਇਕਾਗਰਤਾ ਦਾ ਅਭਿਆਸ ਕਰਨਾ ਹੈ। ਪਰੰਤੂ ਸਵਾਮੀ ਨਿਰਮਲ ਸਾਗਰ ਦੀ ਕ੍ਰਿਪਾ ਦ੍ਰਿਸ਼ਟੀ ਸਦਕਾ ਜਲਦੀ ਹੀ ਭਜਨ ਮੰਡਲੀ ਦੀ ਮੁਖੀ ਤੋਂ ਤਰੱਕੀ ਕਰਦੀ ਹੋਈ ਆਸ਼ਰਮ ਦੀ ਗੱਦੀ ਦੀ ਹੱਕਦਾਰ ਬਣ ਚੁੱਕੀ ਅਮ੍ਰਿਤਾ, ਸਵਾਮੀ ਦੇ ਇੰਤਕਾਲ ਮਗਰੋਂ ਸਾਗਰ ਆਸ਼ਰਮ ਨੂੰ 'ਸਾਗਰ ਮੈਡੀਟੇਸ਼ਨਰਿਜ਼ੋਰਟ' ਦਾ ਕੇਂਦਰ ਬਣਾ ਦਿੰਦੀ ਹੈ। ਜਿੱਥੇ ਧਿਆਨ ਦੀਆਂ ਕਲਾਸਾਂ ਦੇ ਨਾਲ-ਨਾਲ ਸਵੀਮਿੰਗ ਪੂਲ, ਟੇਬਲ ਟੈਨਿਸ, ਮਸਾਜ ਕੇਂਦਰ,ਜਿੰਮ ਦੀਆਂ ਸੁਵਿਧਾਵਾਂਅਤੇ ਖ਼ੂਬਸੂਰਤ ਜਿਲਦਾਂ ਵਿਚ ਮਾਂ ਅਮ੍ਰਿਤਾ ਸਾਗਰ ਦਾ ਧਾਰਮਿਕ ਸਾਹਿਤ ਤੇ ਡੀ.ਵੀ.ਡੀਜ਼ ਵੀ ਮਿਲਦੀਆਂ ਹਨ।

ਇਹਨਾਂ ਆਸ਼ਰਮ ਸਥਾਨਾਂ ਨੇ ਆਪਣੀ ਸ਼ੌਹਰਤ ਪ੍ਰਾਪਤੀ ਦੇ ਹਾਬੜੇਪਣ ਦੀ ਤ੍ਰਿਪਤੀ ਲਈ ਮੀਡੀਏ ਦੇ ਸਾਧਨ ਨੂੰ ਸਭ ਤੋਂ ਵੱਧ ਵਰਤਿਆ ਹੈ। ਤਿੰਨ ਦਿਨਾਂ ਤੱਕ ਆਸਥਾ ਚੈਨਲ 'ਤੇ ਅਮ੍ਰਿਤ ਵਰਸ਼ਾ ਪ੍ਰੋਗਰਾਮ ਦੇ ਲਾਈਵ ਟੈਲੀਕਾਸਟ ਹੋਣ ਦੇ ਤੀਸਰੇ ਦਿਨ ਦੀ ਪ੍ਰਕਿਰਿਆ ਵਿਚ ਰੁਕਾਵਟ ਆ ਜਾਣ ਕਾਰਨ ਇਸਦੇ ਸੰਚਾਲਕ ਪ੍ਰੇਮ ਪਾਲ ਨੂੰ ਮਾਂ ਅਮ੍ਰਿਤਾ ਦੀਆਂ ਕ੍ਰੋਧਿਤ ਨਜ਼ਰਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਕਿਉਂਕਿ ਤੀਸਰੇ ਦਿਨ ਦੇ ਖ਼ਾਸ ਮੌਕੇ 'ਤੇ ਦੋ ਸੌ ਦੇਸ਼ਾਂ ਦੀ ਜਨਤਾ ਨੇ ਇਸ ਮਹਾਂ ਉਤਸਵ ਦੇ ਨਜ਼ਾਰੇ ਨੂੰ ਤੱਕਣਾ ਸੀ ਪਰ ਲਾਈਵ ਟੈਲੀਕਾਸਟ ਨਾ ਹੋਣ ਕਾਰਨ ਸਾਗਰ ਆਸ਼ਰਮ ਅਤ੍ਰਿਪਤ ਰਹਿ ਜਾਂਦਾ ਹੈ ਕਿਉਂਕਿ ਮਾਂ ਅਮ੍ਰਿਤਾ ਪ੍ਰੋਗਰਾਮ ਦੇ ਲਾਈਵ ਨਾ ਹੋਣ ਕਾਰਨ ਅਤ੍ਰਿਪਤ ਹੈ।

ਚੌਥੇ ਪੜਾਅ ਦੀ ਪੰਜਾਬੀ ਕਹਾਣੀ ਅਨਿਸ਼ਚਿਤਤਾਵਾਦ ਨੂੰ ਅਪਣਾਉਂਦਿਆਂ ਇਹ ਦਰਸਾਉਂਦੀ ਹੈ ਕਿ ਮਨੁੱਖੀ ਵਿਹਾਰ ਦੀ ਮੁਕੰਮਲ ਸਮਝ ਦਾ ਦਾਅਵਾ ਤਾਂ ਵਿਗਿਆਨ ਵੀ ਨਹੀਂ ਕਰ ਸਕਦਾ।ਜਿਸ ਕਾਰਨ ਕਹਾਣੀ ਦੇ ਕੇਂਦਰੀ ਪਾਤਰ ਦੇ ਪਿਛੋਕੜ ਵਿਚ ਕਾਰਜਸ਼ੀਲ ਪ੍ਰੇਰਕਾਂ ਦਾ ਬਿਆਨ ਕਰਨ ਪਿੱਛੋਂ ਵੀ ਮੂਲ ਪ੍ਰਸ਼ਨ ਉਵੇਂ ਦਾ ਉਵੇਂ ਬਰਕਰਾਰ ਰਹਿੰਦਾ ਹੈ ਕਿ ਉਹ ਅਜਿਹਾ ਵਿਹਾਰ ਕਿਉਂ ਅਪਣਾ ਰਿਹਾ ਹੈ।

ਡਾ.ਧਨਵੰਤ ਕੌਰ ਅਨੁਸਾਰ :

> ਅਜੋਕੇ ਪੂੰਜੀਵਾਦੀ ਯੁੱਗ ਬੋਧ ਅਤੇ ਜੀਵਨ ਨੇ ਜਿਸ ਮਾਨਵੀ ਦਬਾਓ,ਦਮਨ,ਖੁੜ, ਬਿਮਾਰ ਜਾਂ ਬੇਗਾਨਗੀ ਦਾ ਮਾਹੌਲ ਸਿਰਜਿਆ ਹੈ,ਸਧਾਰਨ ਮਾਨਵ ਅੰਦਰੋਂ-ਬਾਹਰੋਂ ਨਿਰੰਤਰ ਤੋੜ-ਭੰਨ ਅਤੇ ਅੱਛੇ-ਬੁਰੇ ਦੇ ਉਲਝਵੇਂ ਸਰੋਕਾਰਾਂ ਵਿਚ ਘਿਰਿਆ ਪਿਆ ਹੈ,ਇਸ ਕਰਕੇ ਅੱਜ ਦਾ ਨਾਇਕ ਆਦਰਸ਼ ਮਨੁੱਖ ਨਹੀਂ ਅਤੇ ਨਾ ਹੀ ਨਾਇਕਾ ਪਰੀ ਵਰਗੀ, ਅਛੋਹ ਕੁਆਰੀ ਜਾਂ ਹੁਸਨਮੰਦ ਆਦਰਸ਼ ਦਾ ਮੁਜੱਸਮਾ ਹੈ। ਨਵੀਂ ਕਹਾਣੀ ਵਿਚ ਪਾਤਰ ਦੇ ਫੰਕਸ਼ਨਜ਼ ਬਦਲ ਕੇ ਖਲਤ-ਮਲਤ ਹੋ ਗਏ ਹਨ।[4]

ਅੱਜ ਦੀ ਕਹਾਣੀ ਦੇ ਬਦਲਦੇ ਰੂਪਾਂ ਵਿਚ ਇਕ ਅਹਿਮ ਮਸਲਾ, ਜਵਾਨ ਔਰਤ-

ਮਰਦ ਦੁਆਰਾ ਵਿਆਹ ਜਿਹੀ ਪਵਿੱਤਰ ਸੰਸਥਾ ਦਾ ਮਨਫ਼ੀਕਰਨ ਕਰਦਿਆਂ ਚੰਮ ਰਸ ਦੀਆਂ ਰੁਚੀਆਂ ਵਿਚ ਗਲਤਾਨ ਹੋ ਕੇ ਅਖ਼ਲਾਕੀ ਗਿਰਾਵਟ ਦੀਆਂ ਨੀਵਾਣਾਂ ਨੂੰ ਛੂੰਹਣਾ ਹੈ।ਵਰਤਮਾਨ ਨੂੰ ਤਵਜੋਂ ਦਿੰਦਾ ਅਜਿਹਾ ਮਨੁੱਖ ਕਾਮੁਕ ਇੱਛਾਵਾਂ ਲਈ ਬਾਹਰੀ ਰਿਸ਼ਤਿਆਂ ਨੂੰ ਸੰਨ੍ਹ ਲਾਉਂਦਾ ਹੈ।ਹੁਣ ਦੀ ਔਰਤ ਵੀ ਆਪਣੇ ਲਾਭ-ਹਿੱਤ ਜਾਂ ਮਾਨਸਿਕ ਸੁੱਖ ਲਈ ਓਪਰੇ ਮਰਦਾਂ ਸੰਗ ਵਿਚਰਨ ਵਿਚ ਝਿਜਕਦੀ ਨਹੀਂ ਹੈ। ਪੇਂਜੀ ਦੇ ਫੁੱਲ (ਸਾਂਵਲ ਧਾਮੀ) ਕਹਾਣੀ ਔਰਤ ਅੰਦਰ ਬੱਝੀ ਨੈਤਿਕਤਾ ਦੀ ਮਿੱਥ ਨੂੰ ਤੋੜ ਕੇ ਔਰਤ ਦੇ ਅੰਦਰੂਨੀ ਤੇ ਬਹਿਰੂਨੀ ਧਰਾਤਲਾਂ ਨੂੰ ਉਸ ਦੀਆਂ ਜਿਨਸੀ ਕਮਜ਼ੋਰੀਆਂ ਸਮੇਤ ਪੇਸ਼ ਕਰਦੀ ਹੈ।

ਪ੍ਰੋ.ਬਾਜਵਾ ਦੀ ਲਲਕ ਤੇ ਮੰਗ ਨੂੰ ਪਹਿਚਾਣਦੀ ਹੋਈ ਮੈਂ-ਪਾਤਰ ਉਸ ਨਾਲ ਨਿਰੰਤਰ ਨੇੜਤਾ ਤੇ ਵਿੱਥ ਦੀ ਖੇਡ ਖੇਡਦੀ ਹੋਈ, ਕਿਸੇ ਪ੍ਰਕਾਰ ਦੇ ਧਰਮ ਸੰਕਟ ਤੋਂ ਬਾਹਰ ਰਹਿੰਦੀ ਹੈ ਕਿਉਂਕਿ ਉਹ ਜਾਣਦੀ ਹੈ ਕਿ ਜੇਕਰ ਉਸ ਨੇ ਸਭ ਹੱਦਾਂ ਮਿਟਾ ਲਈਆਂ ਤਾਂ ਉਹ ਉਸ ਨੂੰ ਛੇਤੀ ਹੀ ਛੱਡ ਕੇ ਚਲਾ ਜਾਏਗਾ, ਜਿਸ ਲਈ ਪਿਛਲੇ ਦੋ ਸਾਲਾ ਤੋਂ ਉਹ ਉਸ ਦੀ ਤੜਫ ਨੂੰ ਹੋਰ ਤਿਖੇਰਾ ਕਰਦੀ ਆਰਹੀ ਹੈ।ਖ਼ੁਦ ਨੂੰ ਕ੍ਰਾਂਤੀਕਾਰੀ ਕਹਿਣ ਵਾਲੇ ਬਾਜਵੇ ਦਾ ਪ੍ਰੀਤ ਦੀ ਚੁੰਨੀ ਨੂੰ ਤੁਣਕਾ ਜਿਹਾ ਮਾਰਕੇ ਬੁਲਾਉਣਾ ਅਤੇ ਕਿਸੇ ਕੁੜੀ ਦਾ ਸ਼ਾਰਟ ਲਿਸਟ ਹੋਏ ਬਿਨਾਂ ਵੀ.ਸੀ. ਦੁਆਰਾ ਇੰਟਰਵਿਊ ਵਿਚ ਬੁਲਾਉਣ ਦੀ ਉਦਾਹਰਨ ਦੇਣਾ, ਉਸ ਦੇ ਬਦ ਇਰਾਦਿਆਂ ਵੱਲ ਇਸ਼ਾਰਾ ਕਰਦੇ ਹਨ।ਪ੍ਰੀਤ ਪੂਰੀ ਚੇਤਨ ਵੀ ਹੈ ਕਿ ਜਦੋਂ ਕਿਸੇ ਮਰਦ ਦੀ ਨੀਅਤ ਬਦਨੀਤ ਹੋਵੇ ਤਾਂ ਉਹ ਗੁੜ੍ਹਿਆ ਹੋਇਆ ਫਿਲਾਸਫਰ ਬਣਨ ਦੀ ਕੋਸ਼ਿਸ਼ ਕਰਦਾ ਹੈ ਪਰ ਫਿਰ ਵੀ ਉਹ ਖ਼ੁਦ ਵਰਤੀਂਦੀ ਜਾ ਰਹੀ ਹੈ, ਬਾਜਵੇ ਨੂੰ ਆਪਣੀ ਨੌਕਰੀ ਲਈ ਵਰਤਣ ਵਾਸਤੇ।ਸਮਾਜਕ ਢਾਂਚੇ ਵਿਚ ਅਜਿਹੇ ਸੰਬੰਧਾਂ ਦੀ ਉਤਪਤੀ ਸਮਾਜ ਨੂੰ ਕਲੰਕਿਤ ਕਰਦੀ ਹੋਈ ਨੈਤਿਕ ਮੁੱਲ ਵਿਧਾਨ ਨੂੰ ਵੀ ਹਾਸ਼ੀਆਗ੍ਰਸਤ ਕਰਦੀ ਹੈ। ਇੰਜ ਮਰਦ ਦੀ ਖੁੱਲ੍ਹ ਨੂੰ ਠੱਲ ਪਾਉਣ ਦੀ ਥਾਂ ਆਪ ਹੀ ਇਸ ਦੇ ਸਮਰੂਪ ਬਹੁਜਿਨਸੀ ਸੰਬੰਧਾਂ ਨੂੰ ਭੋਗਦੀ ਸੰਬੰਧਿਤ ਕਹਾਣੀ ਦੀ ਪਾਤਰ ਵਿਰੋਧਾਭਾਸੀ ਚਰਿੱਤਰ ਬਣ ਕੇ ਉਭਰਦੀ ਹੋਈ ਅੰਤ ਨੂੰ ਮਰਦ ਪ੍ਰਵਚਨ ਨੂੰ ਹੀ ਸਥਾਪਿਤ ਕਰ ਰਹੀ ਹੈ।

ਇੱਥੇ ਸੁਆਲ ਪੈਦਾ ਹੁੰਦਾ ਹੈ ਕਿ ਔਰਤ ਦੀ ਰੂੜ੍ਹੀਗਤ ਸਥਿਤੀ ਦੇ ਟਾਕਰੇ, ਪ੍ਰੀਤ ਵੱਲੋਂ ਆਤਮ ਨਿਰਣੈ ਅਤੇ ਸੁਤੰਤਰ ਹੋਂਦ ਦਾ ਮੁਹਾਂਦਰਾ ਸਥਾਪਿਤ ਕਰਨ ਲਈ ਕੀਤੇ ਯਤਨ ਕੀ ਨੈਤਿਕ ਪੱਧਰ ’ਤੇ ਵਿਆਪਕ ਪ੍ਰਵਾਨਗੀ ਦਾ ਸੰਕਲਪ ਸਥਾਪਿਤ ਕਰਦੇ ਹਨ? ਆਪਣੇ ਪੈਰਾਂ ’ਤੇ ਖੜ੍ਹਨ ਲਈ ਕਈ ਦੁਰਾਹਾਂ ’ਤੇ ਭਟਕੀ ਉਹ ਮਰਦ ਕਮੀਨਗੀ ਨੂੰ ਜਲਦੀ ਫੜ ਲੈਂਦੀ ਹੋਈ ਵੀ ਮਰਦ ਦੀ ਚੰਗਿਆਈ ਨੂੰ ਪੜ੍ਹਣ ਵਿਚ ਅਸਫਲ ਰਹਿੰਦੀ ਹੈ ਜਿਸ ਕਾਰਨ ਉਹ ਨੱਬੇ ਕਿੱਲਿਆਂ ਵਾਲੇ ਆਪਣੇ ਇਕ ਆਸ਼ਕ ਦੀ ਐਸ਼ੋ-ਇਸ਼ਰਤ ਉੱਤੋਂ, ਆਪਣੇ ਉਸ ਅਜੀਜ਼ ਪਰ ਗ਼ਰੀਬ ਪ੍ਰੇਮੀ ਦੀ ਮੁਹੱਬਤ ਵਾਰ ਦਿੰਦੀ ਹੈ ਜਿਸ ਨੇ ਹੁਣ ਤੱਕ ਉਸਦੀ ਪਸੰਦੀ ਦੇ ਫੁੱਲਾਂ ਵੀ ਨੂੰ ਆਪਣੇ ਫਾਰਮ ਹਾਊਸ ਦਾ ਸ਼ਿੰਗਾਰ ਬਣਾਈ ਰੱਖਿਆ ਸੀ।ਕਥਾਕਾਰ ਨੇ ਅਣਕਿਆਸਤਾ ਦੀ ਜੁਗਤ ਵਰਤਦਿਆਂ ਪ੍ਰੀਤ ਦੇ ਉਸ ਅਤੀਤੀ ਪ੍ਰੇਮੀ ਨੂੰ ਸਬਬੀ ਬਾਜਵਾ ਦਾ ਮਿੱਤਰ ਦਰਸਾਇਆ ਹੈ,ਜਿਸ ਦੇ ਫਾਰਮ ਹਾਊਸ ਵਿਚ ਰਾਤ ਰਹਿੰਦਿਆਂ ਬਾਜਵਾ, ਮੈਂ-ਪਾਤਰ ਦਾ ਖ਼ੈਰਖੁਆਹ ਹੋਣ ਦਾ ਖ਼ਮਿਆਜਾ ਭਰਵਾਉਣਾ ਲੋਚਦਾ ਹੈ।ਪਰ ਦੋਹਾਂ ਦਾ ਮੇਲ ਹੋਣ ਦੀ ਥਾਂ ਮੈਂ-ਪਾਤਰ ਦੇ ਪਛਤਾਵੇ ਦੀ ਸੁਰ ਨਾਲ ਮਾਯੂਸਕੁੰਨ ਸਥਿਤੀ ਵਿਚ ਕਹਾਣੀ ਦੀ ਸਮਾਪਤੀ ਹੋ ਜਾਂਦੀ ਹੈ।

ਵਿਸ਼ਵੀਕਰਨ ਦੇ ਦੌਰ ਵਿਚ ਪਤੀ-ਪਤਨੀ ਦੇ ਰਿਸ਼ਤੇ ਵਿਚਲੀ ਸ਼ੁੱਧਤਾ ਦਾ ਬਿੰਬ

ਤਿੜਕ ਰਿਹਾ ਹੈ,ਜਿਹੜਾ ਕਿ ਵਰਜਿਤ ਸੰਬੰਧਾਂ ਦੀ ਪਿੱਠਭੂਮੀ ਵਿਚ ਨਿਰੰਤਰ ਕਾਰਜਸ਼ੀਲ ਹੈ।ਇਕ ਦਿਨ (ਤ੍ਰਿਪਤਾ ਕੇ ਸਿੰਘ) ਕਹਾਣੀ ਵਿਚਲਾ ਪਤੀ,ਪਤਨੀ ਦੀ ਚਿੱਠੀ ਵਿਚਲੀ ਮੰਗ ਦੇ ਕਾਰਨ ਲੱਭਣ ਲਈ, ਆਪਣੀ ਵਿਆਹੁਤਾ ਜ਼ਿੰਦਗੀ ਉੱਤੇ ਪੰਛੀ ਝਾਤ ਮਾਰਦਾ ਹੈ ਤਾਂ ਪਾਠਕ ਸਾਹਮਣੇ ਉਸਦੇ ਦੋਗਲੇ ਕਿਰਦਾਰ ਦੇ ਦਰਸ਼ਨ ਹੁੰਦੇ ਹਨ।

ਮੈਂ ਆਪਣੇ ਬਾਰੇ ਸੋਚਣ ਲੱਗਾ ਦਫ਼ਤਰੀ ਕੰਮ ਦਾ ਬਹਾਨਾ ਬਣਾ ਕੇ ਘਰੋਂ ਦੋ-ਦੋ ਚਾਰ-ਚਾਰ ਦਿਨ ਬਾਹਰ ਰਹਿ ਆਉਂਦਾ ਤੇ ਮੌਕਾ ਮਿਲਣ 'ਤੇ ਥੋੜ੍ਹੀ ਬਹੁਤ ਮਸਤੀ ਵੀ ਕਰ ਲੈਂਦਾ। ਆਖ਼ਰ ਸਰਕਾਰੀ ਅਧਿਕਾਰੀ ਸਾਂ।ਪਰ ਆਸ਼ੂ ਨੂੰ ਕਦੀ ਕਿਸੇ ਕਿਸਮ ਦਾ ਸ਼ੱਕ ਨਹੀਂ ਸੀ ਹੋਣ ਦਿੱਤਾ। ਹਾਂ, ਮੇਰੇ ਘਰ ਪਰਤਣ 'ਤੇ ਇਕ ਅੱਧਾ ਦਿਨ ਘੁੱਟੀ ਵੱਟੀ ਜਿਹੀ ਰਹਿੰਦੀ ਸੀ ਪਰ ਬੋਲਦੀ ਨਹੀਂ ਸੀ ਕਦੀ ਵੀ ਕੁਝ ਵੀ। ਫਿਰ ਆਪੇ ਨਾਰਮਲ ਹੋ ਜਾਂਦੀ। ਬਹੁਤਾ ਗੁੱਸਾ ਹੋ ਕੇ ਆਖ਼ਰ ਉਹਨੇ ਜਾਣਾ ਵੀ ਕਿੱਥੇ ਸੀ, ਮੇਰੇ ਵਰਗਾ ਸਰਕਾਰੀ ਅਫ਼ਸਰ ਰੋਜ਼-ਰੋਜ਼ ਤਾਂ ਨਹੀਂ ਥਿਆਉਂਦਾ।[5]

ਦੰਪਤੀ ਰਿਸ਼ਤੇ ਦੀ ਨਿਰਾਰਥਕਤਾ ਗ੍ਰਹਿਸਥੀ ਜੀਵਨ ਦੀ ਸਾਰਥਕਤਾ ਹੀ ਖ਼ਤਮ ਕਰ ਦਿੰਦੀ ਹੈ। ਬਾਹਰੀ ਸੰਸਾਰ ਕਈ ਵਾਰ ਬਹੁਤ ਕੁਝ ਅਜਿਹਾ ਕਰਨ ਲਈ ਮਜਬੂਰ ਕਰ ਦਿੰਦਾ ਹੈ ਜਿਸ ਨਾਲ ਮਨੁੱਖ ਦੇ ਅੰਦਰੂਨੀ ਸੰਸਾਰ ਦੀਆਂ ਖ਼ਾਹਸ਼ਾਂਅਧੂਰੀਆਂ ਰਹਿ ਜਾਂਦੀਆਂ ਹਨ।ਆਸ਼ੂ ਨੇ ਵਿਆਹ ਦੇ ਪਹਿਲੇ ਦਿਨ ਤੋਂ ਹੀ ਆਪਣੀਆਂ ਰੀਝਾਂ ਨੂੰ ਦਬਦਿਆਂ ਦੇਖ ਕੇ ਅੰਤ ਆਪਣੀਆਂ ਸਭੇ ਇੱਛਾਵਾਂ ਹੀ ਮੁੱਕਾ ਲਈਆਂ ਸਨ ਭਾਵੇਂ ਕਿ ਸਹੁਰਿਆਂ ਦੀ ਨਜ਼ਰ ਵਿਚ ਉਹ ਇਕ ਸੁਚੱਜੀ ਨੂੰਹ ਦੇ ਪੂਰੇ ਫ਼ਰਜ਼ ਨਿਭਾਅ ਰਹੀ ਸੀ ਪਰ ਹੌਲੀ-ਹੌਲੀ ਉਸ ਦੇ ਵਿਹਾਰ ਵਿਚ ਨਿੱਕੇ-ਨਿੱਕੇ ਬਦਲਾਵ ਹੋਣੇ ਸ਼ੁਰੂ ਹੋ ਗਏ।ਗਹਿਣੇ ਪਹਿਨਣ ਦੀ ਸ਼ੌਕੀਨ ਆਸ਼ੂ ਨੇ ਹਾਰ ਸ਼ਿੰਗਾਰ ਕਰਨਾ ਅਤੇ ਵਰਤ ਰੱਖਣੇ ਵੀ ਬੰਦ ਦਿੱਤੇ ਸਨ। ਸੋਨੇ ਦੀਆਂ ਜ਼ੰਜੀਰਾਂ ਵਿਚ ਜਕੜੀ ਆਪਣੀ ਅਸੰਤੁਸ਼ਟ ਜ਼ਿੰਦਗੀ 'ਚੋਂ ਕੁਝ ਪਲਾਂ ਦੀ ਸੰਤੁਸ਼ਟੀ ਚਾਹੁੰਦੀ ਹੋਈ ਉਹ ਪਤੀ ਤੋਂ ਇਕ ਦਿਨ ਅਜਿਹਾ ਉਧਾਰਾ ਮੰਗਦੀ ਹੈ ਜਿਸ ਦਿਨ ਉਹ ਕਿਸੇ ਦੀ ਕੁਝ ਨਾ ਲੱਗਦੀ ਹੋਵੇ ਅਤੇ ਨਾ ਹੀ ਇਸ ਦਿਨ ਦੀ ਵਿਥਿਆ ਦਾ ਉਸ ਕੋਲੋਂ ਕੋਈ ਹਿਸਾਬ ਲਿਆ ਜਾਵੇ ਪਰ ਪਤੀ ਦੀ ਹਉਂ ਇਸ ਗੱਲ ਦੀ ਇਜਾਜ਼ਤ ਦੇਣ ਦੀ ਥਾਂ, ਜਨਮ ਦਿਨ ਉੱਤੇ ਹੀਰੇ ਦੀ ਇਕ ਨੱਥ ਤੋਹਫੇ ਦੇ ਤੌਰ 'ਤੇ ਦਿੰਦੀ ਹੈ ਜੋ ਕਿ ਪਤੀ ਦੁਆਰਾ ਪਤਨੀ ਨੂੰ ਕਾਬੂ ਵਿਚ ਰੱਖਣ ਦਾ ਚਿੰਨ੍ਹ ਬਣ ਕੇ ਪੇਸ਼ ਹੁੰਦੀ ਹੈ। ਨਾਰੀ ਨੂੰ ਜਨਮ ਤੋਂ ਹੀ ਸਮਾਜਕ ਬੰਧਸ਼ਾਂ ਤੇ ਧਾਰਮਿਕ ਰਹੁਰੀਤਾਂ ਦੀ ਤਾਬਿਆਦਾਰ ਰਹਿਣਾ ਸਿਖਾਇਆ ਜਾਂਦਾ ਰਿਹਾ ਹੈ। ਨਾਰੀ ਤ੍ਰਾਸਦੀ ਨੂੰ ਵੱਖਰੇ ਜ਼ਾਵੀਏ ਨਾਲ ਪੇਸ਼ ਕਰਦੀ 'ਗੋਲਡਨ ਅੱਖਰ' ਕਹਾਣੀ ਵਿਚ (ਬਲਬੀਰ ਕੌਰ ਰੀਹਲ) ਨਾਰੀ ਦੇ ਮੌਲਿਕ ਉਚਾਰ ਨੂੰ ਫੜਣ ਦਾ ਯਤਨ ਕੀਤਾ ਗਿਆ ਹੈ।ਇਸ ਕਹਾਣੀ ਵਿਚ ਨਾਰੀ ਦੇ ਨਾਰੀਤਵ ਨੂੰ ਆਧਾਰ ਬਣਾ ਕੇ ਕਟਾਖ਼ਸ਼ ਕੀਤਾ ਗਿਆ ਹੈ ਕਿ ਇਕ ਪਾਸੇ ਜੇਕਰ ਮਾਸਿਕ ਧਰਮ ਆਉਣ ਨਾਲ ਨਾਰੀ ਧਰਮ ਕਰਮ ਦੀਆਂ ਨਜ਼ਰਾਂ ਵਿਚ ਅਪਵਿੱਤਰ ਮੰਨੀ ਜਾਂਦੀ ਹੈ ਤਾਂ ਦੂਜੇ ਪਾਸੇ ਵਿਆਹ ਉਪਰੰਤ ਚਾਦਰ ਦਾ ਦਾਗ਼ੀ ਨਾ ਹੋਣਾ,ਉਸ ਨੂੰ ਪਤੀ ਨਜ਼ਰ ਵਿਚ ਅਪਵਿੱਤਰ ਬਣਾ ਦਿੰਦਾ ਹੈ।

ਪਹਿਲਾਂ ਕਾਮਨੀ ਦੀ ਮਾਂ ਉਸ ਦੇ ਪੈਰਾਂ ਵਿਚ ਵਹਿਮਾਂ ਭਰਮਾਂ ਦੀਆਂ ਤਾਕੀਦਾਂ ਦਾ ਰੱਸਾ ਬੰਨ੍ਹ ਦਿੰਦੀ ਹੈ ਅਤੇ ਫਿਰ ਪਤੀ ਸ਼ੱਕ ਦੀ ਕਿੱਲੀ ਉਸ ਦੇ ਹਲਕ ਵਿਚ ਗੱਡ ਦਿੰਦਾ ਹੈ ਜਿਸ ਕਾਰਨ ਉਹ ਇਕ ਬੱਚੀ ਦੀ ਮਾਂ ਬਣ ਕੇ ਵੀ ਪਤੀ ਸਤਿਕਾਰ ਤੋਂ ਵਾਂਝੀ ਰਹਿੰਦੀ ਹੋਈ ਅਸਤਿਤਵੀ

ਪੀੜਾ ਨੂੰ ਹੰਢਾਉਂਦੀ ਹੈ। ਪਤੀ ਲਈ ਸਿਰਫ਼ ਵਰਤੋਂ ਦੀ ਵਸਤ ਬਣ ਕੇ ਰਹਿ ਗਈ ਕਾਮਨੀ ਅੰਤਰੀਵੀ ਇਕੱਲ ਨੂੰ ਮਹਿਸੂਸ ਕਰਦੀ ਹੋਈ, ਖ਼ੁਦਕੁਸ਼ੀ ਕਰਨ ਦੀ ਕੋਸ਼ਿਸ਼ ਕਰਦੀ ਹੈ ਤਾਂ ਧੀ ਦਾ ਮੋਹ ਉਸ ਨੂੰ ਫ਼ੈਸਲਾ ਬਦਲਣ ਲਈ ਮਜ਼ਬੂਰ ਕਰ ਦਿੰਦਾ ਹੈ ਅਤੇ ਉਹ ਸਮਾਜ ਸੇਵਾ ਦਾ ਪ੍ਰਣ ਕਰਦਿਆਂ ਆਪਣੀ ਜ਼ਿੰਦਗੀ ਦਾ ਰੁਖ ਬਦਲਦੀ ਹੋਈ ਅੰਤ ਨੋਬਲ ਪ੍ਰਾਈਜ਼ ਦੀ ਵਿਜੇਤਾ ਬਣ ਜਾਂਦੀ ਹੈ। ਕਹਾਣੀ ਵਿਚ ਅਚਾਨਕ ਆਇਆ ਇਹ ਪਲਟਾ, ਕਹਾਣੀ ਨੂੰ ਵਿਚਾਰਮੁਖੀ ਹੋਣ ਦੀ ਥਾਂ ਹੋਂਦਮੁਖੀ ਬਣਾ ਦਿੰਦਾ ਹੈ।

ਕਾਮਨੀ ਨੇ ਟੇਬਲ 'ਤੇ ਪਿਆ ਲੈਂਪ ਜਗਾਇਆ, ਉਸ ਦੀ ਜ਼ਿੰਦਗੀ ਵਿਚ ਰੋਸ਼ਨੀ ਹੀ ਰੋਸ਼ਨੀ ਹੋ ਗਈ। ਕਾਮਨੀ ਵਿਆਹ ਤੋਂ ਪਹਿਲਾਂ ਇਕ ਐਨ.ਜੀ.ਓ ਚਲਾਉਂਦੀ ਸੀ। ਉਸ ਨੇ ਆਪਣੀ ਸਹੇਲੀ ਕਾਸਿਨ ਨਾਲ ਮਿਲ ਕੇ ਬੇਸਹਾਰਾ ਔਰਤਾਂ ਲਈ ਸਲੈਫ ਹੈਲਪ ਗਰੁੱਪ ਦੀ ਸ਼ੁਰੂਆਤ ਕੀਤੀ। ਉਸ ਦੁਆਰਾ ਚਲਾਏ ਜਾ ਰਹੇ ਸੈਲਫ਼ ਹੈਲਪ ਗਰੁੱਪ ਨੂੰ ਦੇਸ਼ ਵਿਦੇਸ਼ ਵਿਚ ਮਾਨਤਾ ਮਿਲ ਗਈ ਸੀ। ਬਹੁਤ ਸਾਰੀਆਂ ਬੇਸਹਾਰਾ ਔਰਤਾਂ ਲਈ ਉਹ ਰੱਬ ਤੋਂ ਵੀ ਵੱਧ ਸੀ,ਜਿਨ੍ਹਾਂ ਨੂੰ ਉਸ ਨੇ ਰੋਜਗਾਰ ਦਿੱਤਾ ਸੀ।[6]

ਔਰਤ-ਮਰਦ ਸੰਬੰਧਾਂ ਤਹਿਤ ਜਾਤੀਗਤ ਕਸ਼ਮਕਸ਼ ਨੂੰ ਬੂਮਰਿੰਗ ਵਿਧੀ ਵਿਚ ਸਿਰਜਦੀ ਕਹਾਣੀ ਰੰਗਾਂ ਦੀ ਸਾਂਝ ਸਮਾਜ ਵਿਗਿਆਨ (ਭਗਵੰਤ ਰਸੂਲਪੁਰੀ) ਦੇ ਆਰੰਭ ਵਿਚ ਹੀ ਕਲਾਕਾਰ ਪੂਜਾ ਦਾ ਵਿਚਲਿਤ ਵਿਹਾਰ ਪੇਸ਼ ਕੀਤਾ ਗਿਆ ਹੈ ਜਿਸ ਵਿਚ ਕੋਈ ਤਬਦੀਲੀ ਨਾ ਵਾਪਰਦੀ ਹੋਣ ਕਾਰਨ ਅੰਤ ਕਰੁਣਾਮਈ ਸੁਰ ਉੱਪਰ ਹੁੰਦਾ ਹੈ।ਪਹਿਲਾਂ ਪੂਜਾ ਦਾ ਅਗਾਂਹਵਧੂ ਵਿਹਾਰ ਹੀ ਪਹਿਲਕਦਮੀ ਕਰਦਾ ਹੋਇਆ ਪ੍ਰੋ. ਨਰਿੰਦਰ ਨਾਗ ਵੱਲ ਅਹੁਲਦਾ ਹੋਇਆ, ਉਸ ਨੂੰ ਸਰ ਤੋਂ ਉਸਤਾਦ ਬਣਾ ਲੈਂਦਾ ਹੈ ਅਤੇ ਫਿਰ ਨਿੱਤ ਦੀਆਂ ਮਿਲਣੀਆਂ ਕਾਰਨ ਗਰਭਵਤੀ ਹੋ ਗਈ ਪੂਜਾ ਘਰਦਿਆਂ ਦੇ ਵਿਰੋਧ ਦੇ ਬਾਵਜੂਦ ਨਰਿੰਦਰ ਨੂੰ ਵਿਆਹ ਲਈ ਰਾਜ਼ੀ ਕਰ ਲੈਂਦੀ ਹੈ।ਜ਼ਿੰਦਗੀ ਦੀ ਕੈਨਵਸ ਉੱਤੇ ਦੋ ਵੱਖਰੀਆਂ ਜਾਤਾਂ ਵਾਲੇ ਵਿਆਹ ਦਾ ਚਿੱਤਰ ਤਾਂ ਬਣਾ ਲੈਂਦੇ ਹਨ ਪਰ ਦੋਹਾਂ ਦੀ ਵਿਚਾਰਧਾਰਾ ਵਿਚਲੇ ਗੂੜੇ-ਫਿਕੇ ਰੰਗਾਂ ਦਾ ਫ਼ਰਕ, ਹੌਲੀ-ਹੌਲੀ ਤਰੇੜ ਬਣਦਾ-ਬਣਦਾ,ਕਿਰਨ ਦੀ ਆਮਦ ਨਾਲ ਦਰਾੜ ਬਣ ਜਾਂਦਾ ਹੈ। ਸ਼ਹਿਰ ਦੀ ਉੱਚ ਜਾਤ ਦੀ ਪੂਜਾ ਦਾ ਭਾਰਤੀ ਸਮਾਜ ਦੀ ਜਾਤੀ ਅਤੇ ਆਰਥਿਕ ਵੰਡ ਨੂੰ ਸਮਝਣ ਤੋਂ ਅਸਮਰੱਥ ਰਹਿੰਦਿਆਂ, ਨਰਿੰਦਰ ਦੀਆਂ ਸੱਤਾ ਖ਼ਿਲਾਫ਼ ਭੁਗਤਦੀਆਂ ਪੇਟਿਗਾਂ ਨੂੰ ਕੋਈ ਇਨਾਮ ਨਾ ਮਿਲਿਆ ਹੋਣ ਦਾ ਮਿਹਣਾ ਮਾਰਨਾ, ਦੋਹਾਂ ਦੇ ਰਿਸ਼ਤੇ ਦਾ ਸਮਾਜ ਵਿਗਿਆਨ ਡੋਲਾਅ ਦਿੰਦਾ ਹੈ।

ਗ੍ਰਹਿਸਥੀ ਜੀਵਨ ਗੁਜ਼ਾਰਦਿਆਂ ਹੋਇਆਂ ਵੀ ਕਿਸੇ ਨਾ ਕਿਸੇ ਘਾਟ ਕਾਰਨ "ਘਰ"ਦਾ ਅਹਿਸਾਸ ਨਾ ਕਰ ਪਾਉਂਦੀ ਅੱਜ ਦੀ ਔਰਤ,ਰਿਸ਼ਤਿਆਂ ਨੂੰ ਪਾਲਣ ਦਾ ਦਿਖਾਵਾ ਕਰਦੀ ਹੋਈ, ਪਤੀ ਮਕਾਨ ਨੂੰ ਤਿਲਾਂਜਲੀ ਦੇ ਕੇ ਪ੍ਰੇਮੀ ਨਾਲ ਤੁਰ ਪੈਂਦੀ ਹੈ ਪਰੰਤੂ ਪਤੀ ਸੰਗ ਰਹਿੰਦਿਆਂ,ਪ੍ਰੇਮੀ ਨਾਲ ਵਿਚਰਦੀ ਇਹ ਔਰਤ,ਕਿਸ ਤਰ੍ਹਾਂ ਦੇ ਘਰ ਦੀ ਨੀਂਹ ਰੱਖ ਰਹੀ ਹੈ?ਪਤੀ ਨਾਲ ਰਹਿਣ ਦੀ ਮਜਬੂਰੀ ਬੱਚੇ ਅਤੇ ਰੁਤਬਾ ਹੈ ਅਤੇ ਪ੍ਰੇਮੀ ਨੂੰ ਮਾਨਣ ਦਾ ਕਾਰਨ ਪਿਆਰ ਮਲਾਲ ਹੈ ਜਿਸ ਦੀ ਸ਼ੁਰੂਆਤ ਸਿੱਧੀ ਜਿਨਸੀ ਸੰਬੰਧਾਂ ਤੋਂ ਹੁੰਦੀ ਹੈ ਅਤੇ ਇਸ ਵਿਚ ਸੋਸ਼ਲ ਮੀਡੀਆ ਸਾਧਨ ਵਜੋਂ ਭੂਮਿਕਾ ਨਿਭਾਉਂਦਾ ਹੈ।

ਡਾ.ਬਲਦੇਵ ਸਿੰਘ ਅਨੁਸਾਰ:

ਕਾਮ-ਭਾਵਨਾਵਾਂ ਦੇ ਪ੍ਰਗਟਾਵੇ ਉੱਤੇ ਸਾਮੰਤੀ ਸੰਸਕ੍ਰਿਤੀ ਦੀ ਟੈਬੂ-ਚੇਤਨਾ ਦੀ ਕਠੋਰ

ਗ੍ਰਿਫਤ ਅਤੇ ਇਸ ਦੇ ਸਹਿਜ ਵਿਕਾਸ ਦੇ ਸੀਮਤ ਸਾਧਨਾਂ ਕਾਰਨ ਭਾਰਤੀ ਮਨ ਪਹਿਲਾਂ ਹੀ ਵਿਸਫੋਟਕ ਸਥਿਤੀ ਤੱਕ ਪਹੁੰਚਿਆ ਹੋਇਆ ਸੀ ਅਤੇ ਕਿਸੇ ਨਿਕਾਸੀ-ਚੈਨਲ ਦੀ ਤਲਾਸ਼ ਵਿਚ ਸੀ,ਜਿਹੜਾ ਉਸ ਨੂੰ ਮੀਡੀਏ ਦੁਆਰਾ ਪ੍ਰਦਰਸ਼ਿਤ ਨੰਗੇਜ਼ ਦੇ ਰੂਪ ਵਿਚ ਪ੍ਰਾਪਤ ਹੋ ਗਿਆ। ਨਵੀਂ ਪੰਜਾਬੀ ਕਹਾਣੀ ਵਿਚ ਕਾਮ ਦਾ ਤਾਂਡਵ ਨਾਚ ਅਨੇਕਾਂ ਰੂਪਾਂ 'ਚ ਪੇਸ਼ ਹੋਇਆ ਹੈ।[7]

ਲਫ਼ਜ਼ੀ ਚੱਕਰ ਦੇ ਫ਼ਰਕ ਨਾਲ ਪੇਸ਼ ਹੋਈਆਂ ਕਹਾਣੀਆਂ ਬੌਗਨਵਿਲੀਆ (ਜਸਪਾਲ ਕੌਰ) ਅਤੇ ਵਸ਼ੀਕਰਣ(ਦੀਪਤੀ ਬਬੂਟਾ) ਦੀਆਂ ਮੁੱਖ ਪਾਤਰਾਂ ਨੂੰ ਉਮਰ ਦੇ ਚਾਰ ਦਹਾਕੇ ਪਾਰ ਕਰਨ 'ਤੇ ਮੁਹੱਬਤ ਦਾ ਅਹਿਸਾਸ ਹੁੰਦਾ ਹੈ ਜਿਸ ਦਾ ਆਧਾਰ ਭੂਤਕਾਲ ਦੀ ਦੋਸਤੀ ਬਣਦੀ ਹੈ।ਜਵਾਨੀ ਸਮੇਂ ਪਿਤਰੀ ਤਾਕੀਦਾਂ ਦੀਆਂ ਪਾਲਕ ਇਹ ਪਾਤਰਾਂ ਆਪਣੇ ਭਾਵਾਂ ਨੂੰ ਜ਼ਬਾਨ ਨਹੀਂ ਦੇ ਸਕੀਆਂ ਤਾਂ ਕੁਆਰੀ ਮਹਿਕ ਭੁੱਬਲ ਹੇਠ ਦੱਬੀ ਚੰਗਿਆੜੀ ਬਣ ਸੁਲਗਣ ਲੱਗ ਪਈ ਸੀ। ਮਾਨਸਿਕ ਦਵੰਦ ਦਾ ਸ਼ਿਕਾਰ ਇਹਨਾਂ ਪਾਤਰਾਂ ਨੂੰ ਇਕ ਪਾਸੇ ਖਦਸ਼ਾ ਵੀ ਹੈ ਕਿ ਉਹਨਾਂ ਦੀ ਵਰ੍ਹਿਆਂ ਦੀ ਵਫਾਦਾਰੀ ਉੱਤੇ ਸਵਾਲੀਆ ਨਿਸ਼ਾਨ ਲੱਗ ਜਾਵੇਗਾ ਅਤੇ ਦੂਜੇ ਪਾਸੇ ਭਰੇ-ਭਕੁੰਨੇ ਘਰਾਂ ਵਿਚ ਰਹਿੰਦਿਆਂ ਵੀ ਅੰਦਰੂਨੀ ਖਲਾਅ ਨੂੰ ਮਹਿਸੂਸਦੀਆਂ ਹੋਈਆਂ,ਓਪਰੇ ਮਰਦਾਂ ਦੇ ਸੰਪਰਕ ਵਿਚ ਆਉਣ 'ਤੇ ਇਹਨਾਂ ਦੇ ਚੇਹਰੇ ਗੁਲਾਬੀ ਭਾਹ ਮਾਰਨ ਲੱਗ ਪੈਂਦੇ ਹਨ।

ਇਹ ਕੈਸਾ ਵਸ਼ੀਕਰਣ ਸੀ? ਰੰਗਾਂ 'ਚ ਵੱਸੀ ਅਜਬ ਜਿਹੀ ਮਹਿਕ ਤੋਂ ਮੈਂ ਜਿੰਨਾ ਪਿੱਛਾ ਛੁਡਾਉਣ ਦੀ ਚਾਰਾਜੋਈ ਕਰਦੀ, ਉਹ ਉਨ੍ਹੀ ਹੀ ਪੁਰਜ਼ੋਰ ਹੋ ਚੇਤਿਆਂ ਦੀ ਪਿਟਾਰੀ 'ਚੋਂ ਸਿਰ ਚੁੱਕ-ਚੁੱਕ ਮੈਨੂੰ ਡੱਸਦੀ। ਅਚੇਤ ਮਨ 'ਚ ਵੱਸਿਆ ਅਭੀਜੀਤ ਹੱਡਾਂ ਨੂੰ ਤੋੜਾ-ਖੋਹੀ ਲਾਉਂਦਾ।ਮੇਰੇ ਅੰਦਰ ਖ਼ੁਸ਼ਬੂਆਂ ਤਰੌਂਕਾ ਕਰਦੀਆਂ। ਹੱਥ-ਪੈਰ ਖੁੱਸਦੇ। ਮੈਂ ਸਾਵਣ ਦੀ ਤ੍ਰਿਹਾਈ ਬੱਦਲੀ ਬਣ ਤੜਫਦੀ।[8]

ਵਿਗਿਆਨਿਕ ਤੌਰ 'ਤੇ ਇਹ ਸਿੱਧ ਹੋ ਚੁੱਕਾ ਹੈ ਕਿ ਮਨੁੱਖ ਨੂੰ ਆਪਣੇ ਕੁਝ ਪੱਖ ਜਮਾਂਦਰੂ ਹੀ ਵਿਰਸੇ ਵਿਚੋਂ ਮਿਲਦੇ ਹੋਣ ਕਾਰਨ ਉਹ ਆਪਣੀਆਂ ਜੜ੍ਹਾਂ ਨਾਲ ਜੁੜ ਕੇ ਹੀ ਖ਼ੁਸ਼ ਰਹਿ ਸਕਦਾ ਹੈ।ਖੋਜ(ਹਰਮਹਿੰਦਰ ਚਹਿਲ) ਕਹਾਣੀ ਦਾ ਵਿਸ਼ਾ ਇਕ ਨਵੇਂ ਪਾਸਾਰ, ਜਿਹੜਾ ਮਸਨੂਈ ਗਰਭਧਾਰਨ ਅਤੇ ਟੈਸਟ ਟਿਊਬ ਬੇਬੀ ਦੀ ਸਥਿਤੀ ਵਿਚੋਂ ਉਪਜਦਾ ਹੈ,ਨੂੰ ਦਰਸਾਉਂਦਿਆਂ ਆਪਣੇ ਮੂਲ ਆਪਣੇ ਪਿਤਾ ਦੀ ਭਾਲ ਕਰਨ ਨਾਲ ਸੰਬੰਧਿਤ ਹੈ।ਆਪਣੇ ਜਨਮ ਤੋਂ ਪਹਿਲਾਂ ਹੀ ਆਪਣੇ ਪਿਤਾ ਤੋਂ ਨਿਰਲੇਪ ਰਹੀ ਸੈਫੀ ਦੀ ਮਾਨਸਿਕ ਬਿਮਾਰੀ ਦਾ ਇਲਾਜ ਡਾਕਟਰ ਉਸ ਦਾ ਆਪਣੇ ਪਿਤਾ ਨਾਲ ਸੁਮੇਲ ਹੋਣ ਵਿਚ ਦੱਸਦਾ ਹੈ।ਕਹਾਣੀ ਦੀ ਪ੍ਰਿਸ਼ਟ-ਭੂਮੀ ਵਿਚ ਉਸਦੀ ਮਾਂ ਦੇ ਲੈਜ਼ਬੀਅਨ ਹੋਣ ਦੀ ਬਿਰਤੀ ਤਿਆਗ ਕੇ ਆਪਣੀ ਧੀ ਪੈਦਾ ਕਰਨ ਦੀ ਇੱਛਾ ਅਤੇ ਫਿਰ ਇਸ ਇੱਛਾ ਨੂੰ ਅਮਰੀਕਾ ਦੇ ਇਕ ਸਪੱਰਮ ਬੈਂਕ ਦੁਆਰਾ ਪੂਰਾ ਕਰਨ ਦਾ ਜ਼ਿਕਰ ਕਰਦਿਆਂ, ਉਸ ਦੇ ਬਾਇਲੋਜੀਕਲ ਫਾਦਰ ਬਾਰੇ ਸਿਰਫ਼ ਨਾਂ ਤੇ ਸਰੀਰਕ ਦਿਖ ਦੀ ਹੀ ਜਾਣਕਾਰੀ ਮਿਲਦੀ ਹੈ ਕਿ ਉਹ ਮਲਕੀਤ ਸਿੰਘ ਮੱਲਨ ਦਾ ਅੰਸ਼ ਹੈ। ਕਈ ਮਹੀਨਿਆਂ ਤੱਕ ਮਲਕੀਤ ਦੀ ਭਾਲ ਵਿਚ ਹਰਾਸ਼ ਹੋਈਆਂ ਦੋਵੇਂ ਮਾਵਾਂ-ਧੀਆਂ ਜਦੋਂ ਘਰ ਵਾਪਸੀ ਕਰਨ ਲੱਗਦੀਆਂ ਹਨ ਤਾਂ ਸੈਫੀ ਦੀ ਅਸਰਚਜਤਾ ਪੈਦਾ ਕਰਦੀ ਛਿੱਕਾਂ ਮਾਰਨ 'ਤੇ ਮੀਂਹ ਆਉਣਾਜੇਨੈਟਿਕ ਬਿਮਾਰੀ ਉਸ ਦੇ ਪਿਤਾ ਨਾਲ ਮਿਲਾਉਣ ਦਾ ਸਾਧਨ ਬਣਦੀ ਹੈ।

ਬਾਹਰੀ ਮਾਹੌਲ ਤੋਂ ਨਿੱਜਮੁਖੀ ਬਣੇ ਇੱਕਵੀਂ ਸਦੀ ਦੇ ਮਨੁੱਖ ਦਾ ਘੋਲ ਵਧੇਰੇ ਕਰਕੇ

ਸਵੈ ਨਾਲ ਹੈ ਕਿਉਂਕਿ ਸਮੁੱਚਤਾ ਦੀ ਥਾਂ ਮਾਰੂ ਨਿੱਜਤਾ ਦੇ ਆ ਜਾਣ ਕਾਰਨ ਇਕੱਲਤਾ ਇਸ ਸਮੇਂ ਦੇ ਮਨੁੱਖ ਦੀ ਤ੍ਰਾਸਦੀ ਬਣ ਗਈ ਹੈ। ਜਦੋਂ ਇਸ ਨਿੱਜਮੁਖਤਾ ਵਿਚ ਬਾਹਰੀ ਪ੍ਰਸਥਿਤੀਆਂ ਹੀ ਰੁਕਾਵਟ ਬਣਦੀਆਂ ਹਨ ਤਾਂ ਸਵੈ ਘੋਲ ਮਾਨਸਿਕ ਅਤੇ ਸਮਾਜਕ ਸੰਕਟ ਦਾ ਨਤੀਜਾ ਹੋ ਨਿਬੜਦਾ ਹੈ।ਮੀਤੂ(ਜਿੰਦਰ) ਕਹਾਣੀ ਵਿਚ ਮਨੁੱਖੀ ਮਨ ਦੀ ਤਹਿ ਹੇਠ ਘਿਸਰਦੇ ਤੇ ਸੁਲਗਦੇ ਯਥਾਰਥ ਨੂੰ ਵਾਸਤਵਿਕਤਾ ਦਾ ਪ੍ਰਮਾਣਿਕ ਰੂਪ ਦੇ ਕੇ ਪੇਸ਼ ਕੀਤਾ ਗਿਆ ਹੈਕਿ ਉਹ ਰਿਸ਼ਤਿਆਂ ਵਿਚ ਘਿਰਿਆ ਵੀ ਬੇਗਾਨਗੀ ਕਿਉਂ ਅਨੁਭਵ ਕਰ ਰਿਹਾ ਹੈ। ਮਲਕੀਤ ਸਿੰਘ ਆਪਣੇ ਅੰਦਰਲੇ ਮੀਤੂ ਨੂੰ ਸਦਾ ਲਈ ਮਾਰ ਦੇਣ ਦਾ ਫ਼ੈਸਲਾ ਲੈਂਦਾ ਹੋਇਆ, ਆਪਣੇ ਨੂੰਹ-ਪੁੱਤ ਨਾਲ ਰਹਿਣ ਲਈ ਤਿਆਰ ਤਾਂਹੋ ਜਾਂਦਾ ਹੈ ਪਰ ਉਸ ਅੰਦਰਲਾ ਮੀਤੂ, ਮਲਕੀਤ ’ਤੇ ਹਰ ਵਾਰ ਦੀ ਤਰ੍ਹਾਂ ਭਾਰੀ ਪੈ ਜਾਂਦਾ ਹੈ। ਇਥੇ ‘ਮੀਤੂ’ ਜਟਕਾ ਅਣਖ ਅਤੇ ਹਉਮੈਂ ਦਾ ਪ੍ਰਤੀਕ ਹੈ, ਜਿਹੜਾ ਕਿਸੇ ਦੀ ਟੈਂਅ ਮੰਨਣੀ ਮੁਨਾਸਬ ਨਾ ਸਮਝਦਾ ਹੋਇਆ, ਜੱਟ ਸ਼੍ਰੇਣੀ ਦਾ ਮਕਾਨਕੀ ਭਾਂਤ ਦਾ ਚਿੱਤਰ ਉਭਾਰਦਾ ਹੈ। ਜਿੱਥੇ ਅੱਖ ਦੀ ਸ਼ਰਮ ਨੇ ਮਲਕੀਤ ਨੂੰ ਆਪਣੇ ਪਿਓ ਸਹਾਮਣੇ ਸਦਾ ਬੌਣਾ ਬਣਾ ਛੱਡਿਆ ਸੀ, ਉੱਥੇ ਆਪਣੇ ਪੁੱਤ ਵਾਰੀ ਉਸ ਅੰਦਰਲਾ ਮੀਤੂ ਪੈਰ-ਪੈਰ ’ਤੇ ਜਾਗ ਪੈਂਦਾ ਅਤੇ ਆਪਣੀਆਂ ਸ਼ਰਤਾਂ ਨਾਲ ਜ਼ਿੰਦਗੀ ਜਿਉਣ ਲਈ ਉਕਸਾਉਂਦਾ ਹੈ। ਏਸੇ ਹੈਂਕੜ ਦਾ ਪੱਟਿਆ ਉਹ ਪਿੰਡ ਆ ਪੈਸੇ ਦੇ ਜ਼ੋਰ ਨਾਲ ਆਪਣੀ ਧਾਕ ਜਮਾਉਣ ਵਿਚ ਨਕਾਮਯਾਬ ਰਹਿੰਦਾ ਹੈ। ਇੰਜ ਉਸ ਲਈ ਮੁੱਖ ਮੁੱਦਾ ਆਪਣੀ ਸੱਤਾ ਕਾਇਮ ਕਰਨ ਦਾ ਹੈ,ਜਿਹੜੀ ਵਿਦੇਸ਼ ਜਾਣ ਕਾਰਨ ਆਪਣੇ ਦੇਸ਼ ਵਿਚ ਗੁੰਮ ਹੋ ਜਾਂਦੀ ਹੈ ਅਤੇ ਪ੍ਰਦੇਸ ਇੰਗਲੈਂਡ ਵਿਚ ਬਣ ਨਹੀਂ ਪਾਉਂਦੀ ਹੈ।

ਪੰਜਾਬ ਵਿਚ ਨਵੀਂ ਬਣੀ ਸਰਕਾਰ ਦੇ ਪਹਿਲੇ ਸਾਲ ਹੀ ਖਾੜਕੂਵਾਦ ਖ਼ਤਮ ਕਰਨ ਦੇ ਨਾਂ ਹੇਠ ਸ਼ਹੀਦਾਂ ਦੀਆਂ ਵਾਰਾਂ ਗਾਉਣ ਵਾਲੇ ਢਾਡੀਆਂ ਨੂੰ ਵੀ ਨਿਸ਼ਾਨਾ ਬਣਾਉਣ ਦੀ ਵਿਸੰਗਤੀ ਨੂੰ ਆਲੋਚਨਾਤਮਕ ਯਥਾਰਥਵਾਦੀ ਰਚਨਾ ਦ੍ਰਿਸ਼ਟੀ ਰਾਹੀਂ ਦੋ ਤਲਵਾਰਾਂ ਬੱਧੀਆਂ (ਮਨਿੰਦਰ ਕਾਂਗ) ਕਹਾਣੀ ਵਿਚ ਪਕੜਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਜਿਹਨਾਂ ਇਨਾਮਾਂ-ਸਨਮਾਨਾਂ ਨੂੰ ਦੇਖ ਕੇ ਕਦੇ ਢਾਡੀ ਪੂਰਨ ਸਿੰਘ ਜੋਸ਼ ਨੂੰ ਨਸ਼ਾ ਚੜ੍ਹ ਜਾਂਦਾ ਸੀ,ਹੁਣ ਉਹੀ ਸਨਮਾਨ ਉਸ ਨੂੰ ਨਾਗ ਵਾਂਗ ਡੰਗਦੇ ਹਨ ਜਿਸ ਦਾ ਕਾਰਨ ਜੀਤ ਬਿੱਲਾ ਹੈ। ਜਿਸ ਦੇ ਦਿੱਤੇ ਨਜਾਇਜ਼ ਤਸੀਹਿਆਂ ਕਾਰਨ ਪਿਛਲੇ ਸੱਤ ਸਾਲਾਂ ਤੋਂ ਉਸ ਦਾ ਸਰੀਰ ਦੁੱਖਦਾ ਆ ਰਿਹਾ ਸੀ ਉਹੀ ਜੀਤ ਬਿੱਲੇ ਦੇ ਲਖਦਾਤੇ ਵਾਲੇ ਮੇਲੇ ਉੱਤੇ ਕੌਡੀ ਦੀ ਟੂਰਨਾਮੈਂਟ ਦੀ ਸਾਹਬਰੀ ਵਾਸਤੇ ਆਉਣ ਦਾ ਸੁਣ ਕੇ ਪੂਰਨ ਦੀਆਂ ਅੱਖਾਂ ਵਿਚ ਨਿਜ਼ਾਮ ਦੇ ਦਿੱਤੇ ਦਰਦ ਦਾ ਸੈਲਾਬ ਉਸ ਨੂੰ ਸੱਟਾਂ ਦੇ ਅਹਿਸਾਸ ਤੋਂ ਬੇਨਿਆਜ਼ ਕਰਦਿਆਂ, ਮਨ ਵਿਚ ਸਟੇਜ ਉੱਤੇ ਫਿਰ ਤੋਂ ਸ਼ਹੀਦਾਂ ਦੀ ਵਾਰ ਗਾਉਣ ਦੀ ਇੱਛਾ ਪੈਦਾ ਕਰਦਾ ਹੈ ਤਾਂ ਉਸ ਦਾ ਕੋਈ ਵੀ ਚੇਲਾ ਉਸ ਦੇ ਇਸ ਕਾਰਜ ਵਿਚ ਸਾਥ ਨਹੀਂ ਦਿੰਦਾ ਕਿਉਂਕਿ ਨਵੀਂ ਸਦੀ ਚੜ੍ਹਣ ਨਾਲ ਵੀ ਪੁਲਿਸ ਦੀ ਜਾਬਰੀ ਉਵੇਂ ਹੀ ਕਾਇਮ ਸੀ।ਪਰੰਤੂ ਕਹਾਣੀ ਦੇ ਅੰਤ ਵਿਚ ਪਲਟਾ ਵਜਦਾ ਹੈ ਅਤੇ ਪੂਰਨ ਦੀ ਖ਼ਿਦਮਤ ਵਿਚ ਹਮੇਸ਼ਾ ਰਹਿੰਦਾ ਉਸ ਦਾ ਚੇਲਾ ਕਿਰਪਾਲ, ਜਿਹੜਾ ਛੋਟੀ ਜਾਤ ਦਾ ਹੋਣ ਕਾਰਨ ਕਦੇ ਉਸ ਦੀ ਵਿਸ਼ੇਸ਼ ਤਵਜੋਂ ਨਹੀਂ ਪਾ ਸਕਿਆ ਸੀ, ਹੀ ਪੂਰਨ ਦੀ ਇੱਛਾ-ਪੂਰਤੀ ਵਿਚ ਸਹਾਇਕ ਸਿੱਧ ਹੁੰਦਾ ਹੈ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਕੱਥ ਤੇ ਵੱਥ ਦੇ ਪੱਧਰ ’ਤੇ ਨਵੀਂ ਜ਼ਮੀਨ ਤਿਆਰ ਕਰਦੀ ਸਮਕਾਲੀ ਪੰਜਾਬੀ ਕਹਾਣੀ ਅਤੀਤ ਨੂੰ ਘੋਖਦਿਆਂ ਭਵਿੱਖ ਨੂੰ ਆਤਮਸਾਤ

ਕਰਦੀ ਹੈ।ਉਪਰੋਕਤ ਕਹਾਣੀਆਂ ਵਿਚ ਕਹਾਣੀਕਾਰਾਂ ਨੇ ਇੱਛਾਵੀ ਪਾਤਰ ਪੇਸ਼ ਕੀਤੇ ਹਨ, ਜਿਹੜੇ ਵਿਪਰੀਤ ਸਥਿਤੀ ਵਿਚ ਕੇਵਲ ਟੁੱਟਦੇ ਹੀ ਨਹੀਂ ਲਿਫ ਜਾਂਦੇ ਹਨ ਪਰ ਇਹਨਾਂ ਪਾਤਰਾਂ ਦੇ ਲਿਫ ਜਾਣ ਤੋਂ ਪਹਿਲਾਂ, ਉਹਨਾਂ ਦੀ ਕਾਰਜਸ਼ੀਲਤਾ ਨੂੰ ਵੀ ਭਰਪੂਰ ਰੂਪ ਵਿਚ ਚਿਤਰਿਆ ਗਿਆ ਹੈ।ਕਹਾਣੀਆਂ ਦਾ ਉਦੇਸ਼, ਕਹਾਣੀ ਵਿਚ ਅਸਫਲਤਾ ਦੇ ਸੰਤਾਪ ਨੂੰ ਹੀ ਨਹੀਂ ਬਲਕਿ ਇਸ ਲਈ ਜ਼ੁੰਮੇਵਾਰ ਵਿਵਸਥਾ ਨੂੰ ਵੀ ਪੇਸ਼ ਕਰਨਾ ਰਿਹਾ ਹੈ। ਫੈਲਾਓ ਮੂਲਕ ਹੋਣ ਕਾਰਨ ਇਹਨਾਂ ਕਹਾਣੀਆਂ ਵਿਚ ਕੇਂਦਰੀ ਸਮੱਸਿਆ ਦੇ ਨਾਲ-ਨਾਲ ਹੋਰ ਨਿੱਕੀਆਂ-ਵੱਡੀਆਂ ਸਮੱਸਿਆਵਾਂ ਦੀ ਕਨਸੋਅ ਵੀ ਪ੍ਰਤੱਖ ਮਿਲਦੀ ਹੋਣ ਕਾਰਨ ਇਹ ਬਹੁਰੰਗੀ ਰੂਪ ਅਪਣਾ ਲੈਂਦੀਆਂ ਹਨ। ਕਥਾ ਅਤੇ ਕਥਾਕਾਰ ਵਿਚ ਵਿੱਥ ਸਥਾਪਿਤ ਕਰਦੀ ਇਹ ਕਹਾਣੀ ਸੁਣਾਉਣ ਦੀ ਥਾਂ ਉਘਾੜਣ ਦੀ ਵਿਧੀ ਨੂੰ ਅਪਣਾਉਂਦਿਆਂ ਹੋਇਆਂ ਨਵੇਂ ਮਜ਼ਮੂਨ ਅਤੇ ਤਕਨੀਕਾਂ ਵਰਤਦਿਆਂ, ਪੰਜਾਬੀ ਕਹਾਣੀ ਦੇ ਵਿਕਾਸ ਵਿਚ ਨਿਗਰ ਯੋਗਦਾਨ ਪਾਉਂਦੀ ਹੈ।

## ਹਵਾਲੇ ਅਤੇ ਟਿੱਪਣੀਆਂ


1. ਬਲਵਿੰਦਰ ਗਰੇਵਾਲ,"ਡਬੋਲ਼ੀਆ", ਡਬੋਲ਼ੀਆ, ਚੇਤਨਾ, ਪ੍ਰਕਾਸ਼ਨ, ਲੁਧਿਆਣਾ, 2021, ਪੰਨਾ-58.
2. ਅਜਮੇਰ ਸਿੱਧੂ, "ਜਹਾਜ਼ ਵਾਲੀ ਟੈਂਕੀ ,ਸ਼ਾਇਦ ਰੰਮੀ ਮੰਨ ਜਾਏ ਤੇ ਹੋਰ ਕਹਾਣੀਆਂ, ਡਾ.ਰਮਿੰਦਰ ਕੌਰ (ਸੰਪਾ.), ਗ੍ਰੇਸ਼ੀਅਸ ਬੁੱਕ, ਪਟਿਆਲਾ, 2016, ਪੰਨਾ-120.
3. ਸੁਖਜੀਤ, "ਪਾਤਸ਼ਾਹ", ਮੈਂ ਰੇਪ ਨੂੰ ਇੰਜੁਆਏ ਕਰਦੀ ਆਂ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2008, ਪੰਨਾ-110.
4. ਡਾ.ਧਨਵੰਤ ਕੌਰ,ਆਧੁਨਿਕ ਪੰਜਾਬੀ ਕਹਾਣੀ:ਬਿਰਤਾਂਤ ਸ਼ਾਸਤਰੀ ਅਧਿਐਨ,ਆਰਸੀ ਪਬਲਿਸ਼ਰਜ਼, ਦਿੱਲੀ,1994, ਪੰਨਾ-32.
5. ਤ੍ਰਿਪਤਾ.ਕੇ.ਸਿੰਘ, "ਇਕ ਦਿਨ" ,ਇਕ ਦਿਨ,ਸਪਤਰਿਸ਼ੀ ਪਬਲੀਕੇਸ਼ੰਜ਼, ਚੰਡੀਗੜ੍ਹ,ਪੰਨਾ-10.
6. ਬਲਬੀਰ ਕੌਰ ਰੀਹਲ, "ਗੋਲਡਨ ਅੱਖਰ", ਕਹਾਣੀਧਾਰਾ, ਅਪ੍ਰੈਲ-ਸਤੰਬਰ, 2020,ਪੰਨਾ-62.
7. ਡਾ.ਬਲਦੇਵ ਸਿੰਘ ਧਾਲੀਵਾਲ,ਪੰਜਾਬੀ ਕਹਾਣੀ ਦੀ ਇੱਕ ਸਦੀ: ਇਤਿਹਾਸਮੂਲਕ ਪ੍ਰਵਚਨ, ਰਵੀ ਸਾਹਿਤ ਪ੍ਰਕਾਸ਼ਨ,2002,ਪੰਨਾ-79.
8. ਦੀਪਤੀ ਬਬੂਟਾ, "ਵਸ਼ੀਕਰਣ, ਕਹਾਣੀਧਾਰਾ, ਜਨਵਰੀ-ਮਾਰਚ, 2021, ਪੰਨਾ-58.

# ਸਮਕਾਲੀ ਸਾਹਿਤ ਨੂੰ ਵਾਚਦਿਆਂ

1. ਜਿੰਦਰ, ਸੇਫ਼ਟੀ ਕਿੱਟ, ਨਵਯੁੱਗ ਪਬਲਿਸ਼ਰਜ਼, ਦਿੱਲੀ, 2023

2. ਗੁਰਮੀਤ ਕੜਿਆਲਵੀ, ਮੋਰ ਪੈਲ਼ ਕਿਉਂ ਨਹੀਂ ਪਾਉਂਦੇ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2023

3. ਹਰਪ੍ਰੀਤ ਸੇਖਾ, ਲੂਣਦਾਨੀ, ਨਵਯੁੱਗ ਪਬਲਿਸ਼ਰਜ਼, ਦਿੱਲੀ, 2023

4. ਬਲਵੰਤ ਫ਼ਰਵਾਲ਼ੀ, ਅੰਦਰਲੇ ਯੁੱਧ, ਕੈਲਿਬਰ ਪਬਲਿਸ਼ਰਜ਼, ਪਟਿਆਲਾ, 2023

5. ਸ਼ਬਦੀਸ਼, ਕਿਉਂ ਸੁਣਾਵਾਂ ਫ਼ੈਸਲਾ, 5ਆਬ ਪ੍ਰਕਾਸ਼ਨ, ਜਲੰਧਰ, 2023

6. ਕੁਲਵਿੰਦਰ ਖਹਿਰਾ, ਹਨੇਰੇ ਦੀ ਤਲ਼ੀ ’ਤੇ, 5ਆਬ ਪ੍ਰਕਾਸ਼ਨ, ਜਲੰਧਰ, 2023

ਜਿੰਦਰ ਪੰਜਾਬੀ ਕਹਾਣੀ ਵਿਚ ਸਥਾਪਿਤ ਨਾਮ ਹੈ ਜੋ ਲੰਮੇ ਸਮੇਂ ਤੋਂ ਰਚਨਾਕਾਰੀ ਦੇ ਖੇਤਰ ਵਿਚ ਸਰਗਰਮ ਹੈ। ਕਹਾਣੀ ਤੋਂ ਇਲਾਵਾ ਉਸਨੇ ਵਾਰਤਕ ਵੀ ਲਿਖੀ ਹੈ, ਪਰ ਉਸਦੀ ਮਨਪਸੰਦ ਵਿਧਾ ਕਹਾਣੀ ਹੈ। ‘ਸੇਫ਼ਟੀ ਕਿੱਟ’ ਉਸ ਦਾ ਨਵਾਂ ਕਹਾਣੀ-ਸੰਗ੍ਰਹਿ ਹੈ। ਇਸ ਵਿਚ ਇਕ ਲੰਮੀ ਭੂਮਿਕਾ ਤੇ ਦਸ ਕਹਾਣੀਆਂ ਦਰਜ ਹਨ। ਜਦੋਂ ਵੀ ਕੋਈ ਲੇਖਕ ਆਪਣੀ ਪੁਸਤਕ ਦੇ ਸ਼ੁਰੂ ਵਿਚ ਭੂਮਿਕਾ ਲਿਖਦਾ ਹੈ ਤਾਂ ਉਸਦਾ ਮਕਸਦ ਆਪਣੀ ਰਚਨਾ-ਪ੍ਰਕ੍ਰਿਆ ਤੇ ਆਪਣੀਆਂ ਕਹਾਣੀਆਂ ਬਾਰੇ ਕੁਝ ਇਸ਼ਾਰੇ ਕਰਨੇ ਹੁੰਦੇ ਹਨ ਤਾਂ ਕਿ ਪਾਠਕ ਉਨ੍ਹਾਂ ਨੂੰ ਵਧੇਰੇ ਚੰਗੀ ਤਰ੍ਹਾਂ ਸਮਝ ਸਕੇ। ਭੂਮਿਕਾ ਮੁਤਾਬਿਕ ਉਸਦੀਆਂ ਵਧੇਰੇ ਕਹਾਣੀਆਂ ਪਾਤਰਾਂ ਦੇ ਮਾਨਸਿਕ ਕਾਰ-ਵਿਹਾਰ ਬਾਰੇ ਹੁੰਦੀਆਂ ਹਨ, ਇਸ ਸੰਗ੍ਰਹਿ ਦੀਆਂ ਪਹਿਲੀ ਕਹਾਣੀ ‘ਮੇਰਾ ਕੋਈ ਕਸੂਰ ਨਹੀਂ’ ਪਰਵਾਸੀ ਜੀਵਨ ਬਾਰੇ ਹਨ, ਪਹਿਲੀ ਕਹਾਣੀ ਉੱਥੋਂ ਦੇ ਵਿਦਿਆਰਥੀਆਂ ਖ਼ਾਸ ਕਰ ਕੇ ਕੁੜੀਆਂ ਬਾਰੇ ਹੈ, ਪਰ ਕਹਾਣੀ ਦੀ ਪੜ੍ਹਤ ਤੋਂ ਬਾਅਦ ਕੇਵਲ ਇਕ ਪੱਖ ਤੇ ਉਹ ਵੀ ਨਾਂਹ ਪੱਖੀ ਪੱਖ ਉਭਰ ਕੇ ਸਾਹਮਣੇ ਆਉਂਦਾ ਹੈ। ਦੂਸਰੀ ਕਹਾਣੀ ‘ਸੁਰਤ’ ਬੇਸ਼ੱਕ ਈਰਾਨ ਦੇ ਹਾਲਾਤ ਦੀ ਕਹਾਣੀ ਹੈ, ਪਰ ਅਸਲ ਵਿਚ ਇਹ ਕਹਾਣੀ ਅਮਨ ਦੀ ਜ਼ਰੂਰਤ ਨੂੰ ਉਭਾਰਦੀ ਹੈ। ਕਿਉਂਕਿ ਲੜਾਈ ਵਿਚ ਹਮੇਸ਼ਾ ਆਮ ਆਦਮੀ ਹੀ ਮੁਸੀਬਤਾਂ ਦਾ ਸ਼ਿਕਾਰ ਹੁੰਦੇ ਹਨ। ਪਰ ਇਹ ਦੋਵੇਂ ਕਹਾਣੀਆਂ ਬਣਤਰ ਪੱਖੋਂ ਨਾਵਲੀ ਕਿਸਮ ਦੀਆਂ ਕਹਾਣੀਆਂ ਹਨ।

‘ਬੰਦੇ ਬਿਨਾਂ’ ਕਲਾਤਮਕ ਪੱਖੋਂ ਵਧੀਆ ਕਹਾਣੀ ਹੈ। ਇਹ ਕਹਾਣੀ ਸਮਾਜ ਵਿਚ ਛੁਪੇ ਰੂਪ ਵਿਚ ਵਾਪਰ ਰਹੇ ਨੂੰ ਕਲਾਤਮਕ ਢੰਗ ਨਾਲ ਪੇਸ਼ ਕਰਦੀ ਹੈ, ਸੰਕਟ ਉਦੋਂ ਪੈਦਾ ਹੁੰਦਾ ਹੈ ਜਦੋਂ ਕੋਈ ਗੱਲ ਘਰ ਦੀ ਚਾਰ ਦੀਵਾਰੀ ਤੋਂ ਬਾਹਰ ਨਿਕਲ ਕੇ ਲੋਕਾਂ ਤਕ ਪੁਜਦੀ ਹੈ, ਨਹੀਂ ਤਾਂ ਪਰਦੇ ਪਿੱਛੇ ਬਹੁਤ ਕੁਝ ਨਿਰਵਿਘਨ ਵਾਪਰਦਾ ਰਹਿੰਦਾ ਹੈ। ਕਹਾਣੀ ਦਾ ਅੰਤ ਇਸ ਕਹਾਣੀ ਨੂੰ ਹੋਰ ਵੀ ਵਡੇਰੇ ਤੇ ਕਲਾਤਮਕ ਅਰਥ ਪ੍ਰਦਾਨ ਕਰਦਾ ਹੈ। ‘ਚੀਕਾਂ’ ਵੀ ਅਜੇਹੇ ਰਿਸ਼ਤਿਆਂ ਦੀ ਹੀ ਕਹਾਣੀ ਹੈ, ਪਰ ਅਰਥ ਸੰਚਾਰ ਪੱਖੋਂ ਸਪੱਸ਼ਟ ਨਹੀਂ। ਅਗਲੀ ਕਹਾਣੀ ‘ਕੁੜਿੱਕੀ’ ਵਿਚ ‘ਕੁੜਿੱਕੀ’ ਦੇ ਮੈਟਾਫ਼ਰ ਰਾਹੀਂ ਔਰਤ ਮਾਨਸਿਕਤਾ ਨੂੰ ਪੇਸ਼ ਕੀਤਾ ਗਿਆ ਹੈ ਜਿਸ ਵਿਚ ਸਥਾਪਿਤ ਮਰਯਾਦਾ ਤੇ ਮਨ ਦੇ ਰਿਸ਼ਤਿਆਂ ਦਾ ਤਨਾਓ ਸਿਰਜਿਆ ਗਿਆ ਹੈ। ਅੰਤ ਇਹ ਔਰਤ ਸੰਬੰਧਾਂ ਦੀ ਕੁੜਿੱਕੀ ’ਚੋਂ ਬਾਹਰ ਆ ਕੇ ਵਧੇਰੇ ਵਿਹਾਰਕ ਹੋਣ ਦਾ ਬਿਰਤਾਂਤ ਸਿਰਜਦੀ ਹੈ। ‘ਸੇਫ਼ਟੀ ਕਿੱਟ’ ਅਜੋਕੇ ਸਮਾਜ ਦੀ ਪੇਸ਼ਕਾਰ ਹੈ। ਪੈਦਾ ਹੋ ਰਹੇ ਨਵੇਂ ਮੌਕਿਆਂ ਲਈ ਔਰਤ ਆਪਣੀ ਰਵਾਇਤੀ ਜੀਵਨ ਪੱਧਤੀ ਤੋਂ ਬਾਹਰ ਆ ਰਹੀ ਹੈ, ਪਰ ਇਨ੍ਹਾਂ ਮੌਕਿਆਂ ਦੇ ਨਾਲ ਹੀ ਉਸ ਲਈ ਖ਼ਤਰੇ ਵੀ ਵਧ ਰਹੇ ਸਨ, ਪਰ ਅਜੋਕੀ ਔਰਤ ਡਰ ਕੇ ਵਾਪਸੀ ਲਈ ਤਿਆਰ ਨਹੀਂ ਸਗੋਂ ਇਨ੍ਹਾਂ ਖਤਰਿਆਂ

ਲਈ ਮਾਨਸਿਕ ਤੌਰ 'ਤੇ ਤਿਆਰ ਹੋ ਰਹੀ ਹੈ। ਇਹੀ ਇਸ ਕਹਾਣੀ ਦੀ ਖ਼ੂਬਸੂਰਤੀ ਤੇ ਪ੍ਰਾਪਤੀ ਹੈ। 'ਸਕੈੱਚ', 'ਭਾਅ ਜੀ ਉਰਫ਼ ਕਾਮਰੇਡ' ਤੇ 'ਚਿਰਾਗ਼' ਸਾਧਾਰਣ ਕਹਾਣੀਆਂ ਹਨ। 'ਦੂਰੀਆਂ' ਰਿਸ਼ਤਿਆਂ ਵਿਚਲੀ ਅਪਣੱਤ ਤੇ ਔਰਤ ਦੀ ਸਥਿਤੀ ਦੀ ਕਹਾਣੀ ਹੈ।

ਗੁਰਮੀਤ ਕੜਿਆਲਵੀ ਨੇ ਪੰਜਾਬੀ ਵਿਚ ਨਾਵਲ, ਕਹਾਣੀ, ਵਾਰਤਕ, ਕਵਿਤਾ ਬਾਲ ਸਾਹਿਤ, ਹਰ ਵਿਧਾ ਵਿਚ ਭਰਪੂਰ ਲਿਖਿਆ ਹੈ। ਪਰ ਉਹ ਵਧੇਰੇ ਇਕ ਕਹਾਣੀਕਾਰ ਦੇ ਰੂਪ 'ਚ ਹੀ ਪ੍ਰਵਾਨ ਹੈ। 'ਮੋਰ ਪੈਲ਼ ਕਿਉਂ ਨਹੀਂ ਪਾਉਂਦੇ' ਉਸਦਾ ਨਵਾਂ ਕਹਾਣੀ ਸੰਗ੍ਰਹਿ ਹੈ। ਇਸ ਉਸ ਦੀਆਂ 12 ਕਹਾਣੀਆਂ ਦਰਜ ਹਨ। ਸੰਗ੍ਰਹਿ ਦੀਆਂ ਪਹਿਲੀਆਂ ਦੋ ਕਹਾਣੀਆਂ 'ਨਿੱਕੇ ਅੰਬਰ 'ਤੇ ਵੱਡੀ ਉਡਾਰੀ' ਤੇ 'ਚੱਲ ਟਿਮ ਹੋਰਟਨ ਚੱਲੀਏ' ਪਰਵਾਸੀ ਜੀਵਨ ਤੇ ਵਿਦੇਸ਼ ਜਾ ਕੇ ਵੱਸਣ ਦੀ ਲਾਲਸਾ ਦੀਆਂ ਕਹਾਣੀਆਂ ਹਨ, ਪਹਿਲੀ ਕਹਾਣੀ ਦੋ ਧਰਾਤਲਾਂ 'ਤੇ ਚਲਦੀ ਹੈ ਤੇ ਮਨੁੱਖੀ ਰਿਸ਼ਤਿਆਂ ਵਿਚ ਇਸ ਤੁਲਨਾ ਰਾਹੀਂ ਇਕ ਵਿਅੰਗ ਵੀ ਸਿਰਜਿਆ ਹੈ। ਸਾਡੇ ਸਭਿਆਚਾਰ ਮੁਤਾਬਿਕ ਰਿਸ਼ਤੇ ਜਾਂ ਸੰਜੋਗ ਪ੍ਰਮਾਤਮਾ ਦੀ ਦਰਗਾਹ ਤੋਂ ਤੈਅ ਹੁੰਦੇ ਹਨ, ਪਰ ਇਹ ਰਿਸ਼ਤੇ ਸਿਰਫ਼ ਵਿਦੇਸ਼ ਜਾਣ ਦੀ ਚਾਹਤ ਵਿਚ ਹੀ ਟੁੱਟ ਜਾਂਦੇ ਹਨ, ਜਦਕਿ ਦੂਸਰੇ ਪਾਸੇ ਜੈਸਿਕਾ ਦੇ ਪਾਤਰ ਰਹੀ ਰਿਸ਼ਤਿਆਂ ਨੂੰ ਜਿਸਮਾਂ ਤੋਂ ਪਾਰ ਜਾਂਦੇ ਦਿਖਾਇਆ ਗਿਆ ਹੈ। 'ਚੱਲ ਟਿੰਮ ਹੌਰਟਨ ਚੱਲੀਏ' ਕਹਾਣੀ ਵੀ ਪਰਵਾਸ ਨਾਲ ਸੰਬੰਧਿਤ ਹੈ ਤੇ ਵਿਦੇਸ਼ ਵਿਚ ਵਸਦੇ ਬਜ਼ੁਰਗਾਂ ਦੀ ਹਾਲਤ ਬਿਆਨ ਕਰਦੀ ਹੈ। 'ਟਿੰਮ ਹੌਰਟਨ-ਬੇਸ਼ਕ ਕੈਨੇਡਾ ਦੇ ਸਭਿਆਚਾਰ ਦਾ ਚਿਹਨ ਹੈ, ਪਰ ਬਲਦੇਵ ਸਿੰਘ ਦਾ ਪਤਨੀ ਨੂੰ ਓਥੇ ਜਾਣ ਲਈ ਕਹਿਣਾ ਅਸਲ ਵਿਚ ਆਪਣੀ ਹੋਣੀ ਤੇ ਆਪਣੀ ਪਛਾਣ ਆਪ ਨਿਰਧਾਰਿਤ ਕਰਨ ਦਾ ਮੈਟਾਫ਼ਰ ਹੈ। 'ਅਲੇਹਾ' ਕਹਾਣੀ ਨੂੰ ਰੰਗਾਂ/ਜਾਤਾਂ ਵਿਚ ਵਲੀ ਭਾਰਤੀ ਮਾਨਸਿਕਤਾ ਤੇ ਸੂਖਮ ਵਿਅੰਗ ਹੈ ਤੇ ਨਾਲ ਹੀ ਵਿਦੇਸ਼ ਜਾਣ ਦੀ ਚਾਹਤ ਵਿਚ ਕੀਤੇ ਜਾਣ ਵਾਲੇ ਸਮਝੌਤੇ ਤੇ ਸਾਡੀ ਸਮਾਜਕ ਮਰਯਾਦਾ ਵਿਚਲਾ ਖੋਖਲਾਪਣ ਵੀ ਇਸ ਕਹਾਣੀ ਰਾਹੀਂ ਉਜਾਗਰ ਹੁੰਦਾ ਹੈ, ਤੇ ਇਸ ਨੂੰ 'ਅਲੇਹੇ' ਦੇ ਮੈਟਾਫ਼ਰ ਰਾਹੀਂ ਪੇਸ਼ ਗਿਆ ਹੈ।

'ਬਸੰਤ' ਔਰਤ ਸਥਿਤੀ ਦੀ ਕਹਾਣੀ ਹੈ। ਇਕ ਪਾਸੇ ਬਸੰਤ ਵਾਂਗ ਖਿੜਨ ਤੇ ਪਤੰਗ ਬਣ ਕੇ ਖ਼ਾਹਿਸ਼ਾ ਦੇ ਅਕਾਸ਼ ਵਿਚ ਉੱਡਣ ਤੇ ਦੂਸਰੇ ਪਾਸੇ ਪਿਤਰਕੀ ਵਿਧਾਨ ਦੀਆਂ ਬੰਧਸ਼ਾਂ ਕਾਰਣ ਇਨ੍ਹਾਂ ਖ਼ਾਹਿਸ਼ਾਂ ਦੀ ਅਪੂਰਤੀ ਇਸ ਕਹਾਣੀ ਦਾ ਮੂਲ ਹੈ, 'ਰੱਬ ਜੀ' ਕਹਾਣੀ ਨਾਲੋਂ ਵਧੇਰੇ ਵਿਅਕਤੀ ਚਿਤਰ ਹੈ, ਜਿਸ ਰਾਹੀਂ ਸਮਾਜ ਦੀਆਂ ਵੀ ਬਹੁਤ ਸਾਰੀਆਂ ਅਹੁਰਾਂ ਦ੍ਰਿਸ਼ਟੀਗੋਚ ਕੀਤੀਆਂ ਗਈਆਂ ਹਨ। 'ਜਿਉਂਦਾ ਰਹਿ ਵੇ ਬਚੜਿਆ' ਘੋਰ ਗ਼ੁਰਬਤ ਦਾ ਦੁਖਾਂਤਕ ਚਿੱਤਰ ਹੈ ਜਿਸ ਵਿਚ ਕਰੋਨਾ ਵਰਗੀ ਵਬਾ ਹੋਰ ਵੀ ਵਾਧਾ ਕਰ ਦੇਂਦੀ ਹੈ, ਪਰ ਸੰਕਟ ਵਿਚ ਵੀ ਮੋਹ ਦਾ ਰਿਸ਼ਤਾ ਇਨਸਾਨੀਅਤ ਦਾ ਸੱਚ ਬਣ ਕੇ ਕਹਾਣੀ ਨੂੰ ਮਾਨਵੀ ਰੰਗਤ ਦੇਂਦਾ ਹੈ।

'ਮੋਰ ਪੈਲ਼ ਕਿਉਂ ਨਹੀਂ ਪਾਉਂਦੇ' ਕਹਾਣੀ ਜਾਤੀ ਵਿਵਸਥਾ ਤੇ ਵਿਤਕਰੇ ਦੀ ਕਹਾਣੀ ਹੈ। ਜੋ ਨਿੱਕਾ ਤੇ ਪਾਰੋ ਵਰਗਿਆਂ ਦੀਆਂ ਖਾਹਿਸ਼ਾਂ/ਲਿਆਕਤ ਨੂੰ ਕੁਚਲਣ ਦਾ ਕੰਮ ਕਰਦੀ ਹੈ। ਇਸ ਵਿਵਸਥਾ ਦੀਆਂ ਜੜ੍ਹਾਂ ਭਾਰਤੀ ਮਾਨਸਿਕ ਬਣਤਰ ਵਿਚ ਬਹੁਤ ਡੂੰਘੀਆਂ ਹਨ। ਇਹ ਵਿਵਸਥਾ 'ਲੋਹੇ ਦੇ ਮੋਰ' ਵਰਗੀ ਹੈ ਜੋ ਮਿੱਟੀ ਦੇ ਮੋਰ ਵਾਂਗ ਖ਼ੁਰਦਾ ਵੀ ਨਹੀਂ ਤੇ ਹਵਾ ਦੇ ਰੁੱਖ ਵਗ ਕੇ ਆਪਣੀ ਅਉਧ ਤੇ ਹੋਂਦ ਵੀ ਲਮੇਰੀ ਕਰਾ ਰਹਿੰਦਾ ਹੈ। 'ਦਰੋਣਾ ਦਾਰੀਆ' ਕਹਾਣੀ ਵੀ ਜਾਤ-ਪਾਤ ਦੀ ਵਿਵਸਥਾ ਦੇ ਹੋਰ ਪੱਖਾਂ ਨੂੰ ਪੇਸ਼ ਕਰਦੀ ਹੈ।

'ਧੂੰਆਂ' ਕਹਾਣੀ ਕੁਝ ਲੋਕਾਂ ਦੇ ਤਰੱਕੀ ਕਰ ਜਾਣ ਦੇ ਬਿਰਤਾਂਤ ਨੂੰ ਪੇਸ਼ ਕਰਦੀ ਹੈ। ਇਹ ਲੋਕ ਤਰੱਕੀ ਕਰ ਜਾਣ ਤੋਂ ਬਾਅਦ ਆਪਣੀ ਭਾਸ਼ਾ/ਪਛਾਣ ਬਦਲ ਦੇ ਹੋਰ ਅੱਗੇ ਵਧਣ ਤੇ ਚੂਹੇ

ਕੌੜ ਵਿਚ ਸ਼ਾਮਲ ਹੋਣ ਲਈ ਹਰ ਹੀਲਾ ਵਰਤਦੇ ਹਨ। ਕਹਾਣੀ ਵਿਚਲਾ ਲੱਛੂ ਇਸ ਸਭ ਕੁਝ ਨੂੰ ਵਿਅੰਗ ਦ੍ਰਿਸ਼ਟੀ ਤੋਂ ਵੇਖਦਾ 'ਤੇ ਰੱਦ ਕਰਦਾ ਹੈ, 'ਪਿੰਡ ਆਏਂ ਨੀ ਮਰਦਾਂ' ਕਿਸਾਨੀ ਤੇ ਖੇਤ-ਮਜ਼ਦੂਰਾਂ ਦੇ ਆਰਥਿਕ ਟਕਰਾਅ ਤੇ ਪਰੰਪਰਾਗਤ ਰਿਸ਼ਤਿਆਂ ਵਿਚਲੇ ਤਣਾਅ ਨੂੰ ਪੇਸ਼ ਕਰਦੀ ਹੈ। ਮਾਸਟਰ ਮਹਿੰਦਰ ਵਰਗੇ ਪਾਤਰ ਇਸ ਹਾਲਾਤ ਵਿਚ ਵੀ 'ਹਰਿਆ ਬੂਟ' ਦਾ ਚਿਹਨ ਹਨ।

ਹਰਪ੍ਰੀਤ ਸੇਖਾ, ਬੇਸ਼ਕ ਪੰਜਾਬੀ ਵਿਚ ਪਰਵਾਸੀ ਕਹਾਣੀਕਾਰ ਦੇ ਤੌਰ 'ਤੇ ਜਾਣਿਆ ਜਾਂਦਾ ਹੈ, ਪਰ ਉਸਦੀਆਂ ਕਹਾਣੀਆਂ ਦਾ ਦਾਇਰਾ ਮਾਨਵੀ ਜੀਵਨ ਦੇ ਸਾਰੇ ਪੱਖਾਂ ਨੂੰ ਸਮੇਟ ਸਕਣ ਦੀ ਸਮਰੱਥਾ ਵਾਲਾ ਹੈ। ਇਸ ਦਾ ਪ੍ਰਮਾਣ ਉਸਦਾ ਕਹਾਣੀ ਸੰਗ੍ਰਹਿ 'ਲੂਣਦਾਨੀ' ਹੈ। ਇਸ ਸੰਗ੍ਰਹਿ ਵਿਚ ਉਸਦੀਆਂ 9 ਕਹਾਣੀਆਂ ਸ਼ਾਮਲ ਹਨ। ਇਸ ਸੰਗ੍ਰਹਿ ਦੀਆਂ ਵਧੇਰੇ ਕਹਾਣੀਆਂ ਵਿਚ ਮਾਨਵੀ ਜੀਵਨ ਦੇ ਉਨ੍ਹਾਂ ਸਰੋਕਾਰਾਂ ਨੂੰ ਚਿਤਰਿਆ ਗਿਆ ਹੈ, ਜੋ ਵਡੇਰੇ ਅਰਥਾਂ ਵਾਲੇ ਹਨ। 'ਉਹ ਰਾਤ' ਤੇ 'ਵੀਡਜ਼' ਕਹਾਣੀਆਂ ਵਿਚੋਂ ਇਕ ਪਾਸੇ ਕੈਨੇਡਾ ਪਹੁੰਚਾਣ ਲਈ ਨਵੀਂ ਪੀੜ੍ਹੀ ਦਾ ਸੰਘਰਸ਼ ਤੇ ਮੁਸ਼ਕਲਾਂ ਤੇ ਦੂਸਰੇ ਪਾਸੇ ਇਨਸਾਨੀ ਰਿਸ਼ਤਿਆਂ ਦੇ ਵੱਖ-ਵੱਖ ਸੇਡਜ਼ ਉਜਾਗਰ ਹੁੰਦੇ ਹਨ। ਇਕੱਲੀ ਕੁੜੀ ਦਾ ਵਿਦੇਸ਼ ਦੀ ਧਰਤੀ ਤੇ ਪੈਰ ਜਮਾਉਣ ਦਾ ਸੰਘਰਸ਼ ਤੇ ਦੂਸਰੇ ਪਾਸੇ ਮਰਦਾਵੇਂ ਵਿਹਾਰ ਦੇ ਅਨੇਕਾਂ ਪੱਖ ਇਸ ਨੂੰ ਸਾਂਝੇ ਸਭਿਆਚਾਰ ਦੀ ਪੇਸ਼ਕਾਰੀ ਨਾਲ ਜੋੜਦੇ ਹਨ। ਕਹਾਣੀ ਦੇ ਅੰਤਲੇ ਵਾਕ 'ਤੂੰ ਪਹਿਲਾਂ ਵੀ ਕਿਸੇ ਨਾਲ ਕਦੀ ਇੱਥੇ ਆਈ ਹੈ?' ਨਾਲ ਕਹਾਣੀ ਮੁਕੰਮਲ ਹੀ ਨਹੀਂ ਹੁੰਦੀ, ਸਗੋਂ ਪਿਤਰਕੀ ਵਿਹਾਰ ਦਾ ਪ੍ਰਮਾਣਿਕ ਦਸਤਾਵੇਜ਼ ਵੀ ਬਣ ਜਾਂਦੀ ਹੈ, 'ਵੀਡਜ਼' ਕਹਾਣੀ ਵਿਚਲੇ ਸਿਰਲੇਖ ਵਾਲਾ ਮੈਟਾਫ਼ਰ ਕਹਾਣੀ ਨੂੰ ਸਿਰਫ਼ ਪ੍ਰਮਾਣਿਕ ਰਚਨਾ ਹੀ ਨਹੀਂ ਬਣਾਉਂਦਾ ਮਨੁੱਖ ਅੰਦਰ ਬੈਠੇ ਹੋਏ ਉਸ ਦੇ ਲੋਭ-ਲਾਲਚ ਨੂੰ ਵੀ ਉਜਾਗਰ ਕਰਦਾ ਹੈ। ਇਕ ਪਾਸੇ ਸੰਘਰਸ਼ ਕਰਕੇ, ਸ਼ੋਸ਼ਿਤ ਹੁੰਦੀ ਤੇ ਸਥਾਪਿਤ ਹੋਣ ਲਈ ਸੰਘਰਸ਼ ਕਰਦੀ ਨਵੀਂ ਪੀੜ੍ਹੀ, ਖਾਸ ਕਰਕੇ ਕੁੜੀਆਂ ਨੂੰ ਕਿਵੇਂ ਹਰ ਪੈਰ 'ਤੇ ਸ਼ੋਸ਼ਣ ਦਾ ਸ਼ਿਕਾਰ ਹੋਣਾ ਪੈਂਦਾ, ਇਥੋਂ ਤਕ ਕਿ ਮੀਡੀਆ ਵੀ ਉਨ੍ਹਾਂ ਲਈ ਖਲਨਾਇਕ ਬਣਕੇ ਪੇਸ਼ ਹੁੰਦਾ ਹੈ, ਜੇਕਰ ਕੋਈ ਦਰਸ਼ਨ ਵਰਗਾ ਆਪਣਾ ਫ਼ਰਜ਼ ਨਿਭਾਉਣ ਦਾ ਯਤਨ ਵੀ ਕਰਦਾ ਹੈ, ਉਹ ਇਸ ਮਾਫੀਏ ਦਾ ਸ਼ਿਕਾਰ ਹੋ ਜਾਂਦਾ ਹੈ। ਮੀਡੀਏ ਦਾ ਮਿਸ਼ਨ ਤੋਂ ਪ੍ਰਾਡਕਟ ਵਿਚ ਬਦਲ ਜਾਣ ਦਾ ਇਹ ਬਿਰਤਾਂਤ ਵਿਸ਼ਵ-ਵਿਆਪੀ ਵਰਤਾਰੇ ਦੇ ਰੂਪ ਵਿਚ ਸਾਹਮਣੇ ਆ ਰਿਹਾ ਹੈ। 'ਵੀਡਜ਼' ਤੇ 'ਘਾਹ' ਦੇ ਮੈਟਾਫ਼ਰ ਕਹਾਣੀ ਦੇ ਅਰਥਾਂ ਨੂੰ ਵਿਸਥਾਰ ਦੇਂਦੇ ਹਨ। 'ਮੋਹ ਜਾਲ', 'ਬੇ-ਵਸਾਹੀ ਦੀ ਰੁੱਤ', 'ਗੁੰਮ ਪੰਨੇ', 'ਸਬਕ' ਕਹਾਣੀਆਂ ਕੈਨੇਡਾ ਵਿਚ ਜਵਾਨ ਹੋ ਰਹੀ ਨਵੀਂ ਪੀੜ੍ਹੀ ਦੀਆਂ ਸਮੱਸਿਆਵਾਂ ਨੂੰ ਸੰਬੋਧਿਤ ਹਨ। ਜਿਥੇ ਮਾਂ-ਬਾਪ ਨਵੀਂ ਪੀੜ੍ਹੀ ਨੂੰ ਸਮਝ ਕੇ ਉਸ ਨਾਲ ਇਕਸੁਰ ਹਨ, ਉਥੇ ਵਿਚ ਸਮੱਸਿਆਵਾਂ ਸੰਕਟ ਤਕ ਨਹੀਂ ਪਹੁੰਚਦੀਆਂ, ਪਰ ਇਨ੍ਹਾਂ ਕਹਾਣੀਆਂ ਰਾਹੀਂ ਇਸ ਸਮਾਜ ਵਿਚ ਰਹਿ ਰਹੇ ਲੋਕਾਂ ਦੀ ਮਾਨਸਿਕਤਾ, ਜੋ ਲਗਾਤਾਰ ਇਕ ਅਸੁਰੱਖਿਅਤ ਭਾਵਨਾ 'ਚ ਘਿਰੀ ਹੋਈ ਹੈ, ਦਾ ਬਿਰਤਾਂਤ ਇਨ੍ਹਾਂ ਕਹਾਣੀਆਂ ਵਿਚ ਪੇਸ਼ ਹੋਇਆ ਹੈ। ਹਮਜਿਨਸੀ ਸੰਬੰਧ, ਨਸ਼ੇ, ਗੈਂਗਵਾਰ, ਕੁੜੀਆਂ ਦਾ ਘਰਾਂ ਵਿਚ ਹੋ ਰਿਹਾ ਸੋਸ਼ਣ ਤੇ ਮਾਂ-ਬਾਪ ਦੀਆਂ ਆਪਣੀਆਂ ਨਿਰੰਤਰ ਕੰਮ ਕਰਨ ਦੀਆਂ ਮਜਬੂਰੀਆਂ ਇਨ੍ਹਾਂ ਕਹਾਣੀਆਂ ਨੂੰ ਮਨੁੱਖੀ ਜੀਵਨ ਦੇ ਵਿਭਿੰਨ ਪੱਖਾਂ ਨਾਲ ਜੋੜਦੀਆਂ ਹਨ।

'ਮੋਹ ਜਾਲ', 'ਰੀਟ੍ਰੀਟ' ਕਹਾਣੀਆਂ ਇਕ ਪਾਸੇ ਰਿਸ਼ਤਿਆਂ ਵਿਚਲੀ ਅਪਣੱਤ, ਸਾਂਝ, ਸੁਰੱਖਿਆ ਤੇ ਦੂਸਰੇ ਪਾਸੇ ਆਪਣੇ ਹਿਤਾਂ ਦੀ ਪਹਿਲ ਵਾਲੀ ਪ੍ਰਵਿਰਤੀ ਨੂੰ ਅੰਗਾਤਮਕ ਨਜ਼ਰੀਏ ਤੋਂ ਪੇਸ਼ ਕਰਦੀਆਂ ਹਨ। 'ਰੀਟ੍ਰੀਟ' ਰਿਸ਼ਤਿਆਂ ਵਿਚਲੀ ਸੁਹਿਰਦਤਾ 'ਤੇ 'ਵਿਰਾਸਤ' ਕਹਾਣੀ

ਵਿਰਾਸਤ ਨੂੰ ਨਵਾਂ ਅਰਥ ਵਿਸਥਾਰ ਦੇਂਦੀ ਹੈ ਇਸ ਸੰਗ੍ਰਹਿ ਦੀਆਂ ਕਹਾਣੀਆਂ ਪਰਵਾਸੀ ਜੀਵਨ ਦੀ ਪੇਸ਼ਕਾਰੀ ਰਾਹੀਂ ਮਾਨਵੀ ਮਨ ਦੇ ਅਨੇਕਾਂ ਪੱਖਾਂ ਨੂੰ ਪੇਸ਼ ਕਰਦੀਆਂ ਖ਼ੂਬਸੂਰਤ ਕਹਾਣੀਆਂ ਹਨ ਕਿਤੇ ਕਿਤੇ ਸ਼ਬਦ ਜੋੜਾਂ ਦੀਆਂ ਗ਼ਲਤੀਆਂ ਜ਼ਰੂਰ ਰੜਕਦੀਆਂ ਹਨ।

ਬਲਵੰਤ ਫ਼ਰਵਾਲ਼ੀ ਦੀ 'ਅੰਦਰਲੇ ਯੁੱਧ' ਪਹਿਲੀ ਕਹਾਣੀਆਂ ਦੀ ਪੁਸਤਕ ਹੈ। ਇਸ ਤੋਂ ਪਹਿਲਾਂ ਦੋ ਕਾਵਿ-ਸੰਗ੍ਰਹਿ ਤੇ ਇਕ ਨਾਵਲ ਛਪ ਚੁੱਕਾ ਹੈ। ਪਰ ਉਸ ਨੂੰ ਪ੍ਰਵਾਨਗੀ ਕਹਾਣੀਕਾਰ ਵਜੋਂ ਹੀ ਮਿਲੀ ਹੈ। ਇਸ ਸੰਗ੍ਰਹਿ ਦੀ ਪਹਿਲੀ ਕਹਾਣੀ 'ਡੌਂਕੀ' ਗ਼ੈਰ-ਕਾਨੂੰਨੀ ਤਰੀਕਿਆਂ ਨਾਲ ਵਿਦੇਸ਼ ਜਾਣ ਦੇ ਬਿਰਤਾਂਤ 'ਤੇ ਉਸਰੀ ਹੋਈ ਹੈ। ਘਰ-ਬਾਰ, ਜ਼ਮੀਨ-ਜਾਇਦਾਦ ਵੇਚ ਕੇ ਬਾਹਰ ਜਾਣ ਨਾਲ ਜੁੜੇ ਖ਼ਤਰਿਆਂ ਕਾਰਣ ਸਮੁੱਚੀ ਕਹਾਣੀ ਵਿਚ ਇਕ ਤਣਾਓ ਤੇ ਸਹਿਮ ਫੈਲਿਆ ਹੋਇਆ। 'ਡੌਂਕੀ' ਦਾ ਚਿਹਨ ਬਹੁਅਰਥੀ ਹੈ। ਡੌਂਕੀ ਸਿਰਫ਼ ਪਰਵਾਸ ਧਾਰਨ ਕਰਨ ਵਾਲਾ ਹੀ ਨਹੀਂ ਲਾਉਂਦਾ, ਉਸਦੀ ਪਤਨੀ ਤੇ ਪਰਿਵਾਰ ਵੀ ਲਾਉਂਦਾ ਹੈ। ਔਰਤਾਂ ਦੀ ਅਜੇਹੀ ਡੌਂਕੀ ਦੇ ਵੇਰਵੇ ਕਹਾਣੀ ਵਿਚ ਥਾਂ-ਥਾਂ ਫੈਲੇ ਹੋਏ ਹਨ। ਅੰਤ ਕਹਾਣੀ ਦਾ ਕੇਂਦਰੀ ਪਾਤਰ ਇਥੇ ਹੀ ਰਹਿ ਕੇ ਸੰਘਰਸ਼ ਕਰਨ ਦਾ ਫ਼ੈਸਲਾ ਕਰਕੇ ਕਹਾਣੀ ਨੂੰ ਨਵੇਂ ਅਰਥ ਦੇਂਦਾ ਹੈ।

'ਜਵਾਰ ਭਾਟਾ' ਤੇ 'ਯੁੱਧ ਵਰਗੀ ਜ਼ਿੰਦਗੀ' ਖਾਨਦਾਨ ਦਾ ਵਾਰਿਸ ਪੈਦਾ ਨਾ ਕਰ ਸਕਣ ਦੇ ਤਣਾਓ ਦੀਆਂ ਕਹਾਣੀਆਂ ਹਨ। 'ਯੁੱਧ ਵਰਗੀ ਜ਼ਿੰਦਗੀ' ਵਿਚ ਇਹ ਲਾਲਸਾ ਪਰਿਵਾਰਕ ਬਰਬਾਦੀ ਦਾ ਕਾਰਣ ਬਣ ਜਾਂਦੀ ਹੈ। ਇਸ ਵਿਚ ਦੋ ਸਮਾਨਾਂਤਰ ਕਹਾਣੀਆਂ ਚਲਦੀਆਂ ਹਨ, ਜੋ ਇਸ ਨੂੰ ਬਣਤਰ ਪੱਖੋਂ ਮੁਕੰਮਲ ਨਹੀਂ ਹੋਣ ਦੇਂਦੀਆਂ। ਇਹ ਅਸਲ ਵਿਚ ਔਰਤ ਦੀ ਜ਼ਿੰਦਗੀ ਦਾ ਬਿਰਤਾਂਤ ਹੈ, ਜੋ ਪਹਿਲੀ ਕਹਾਣੀ 'ਡੌਂਕੀ' ਵਾਂਗ ਲਗਾਤਾਰ ਹੀ ਯੁੱਧ ਵਰਗੀ ਜ਼ਿੰਦਗੀ ਜਿਊਣ ਲਈ ਮਜਬੂਰ ਹੈ। 'ਧੁਆਂਖਿਆ ਜੰਗਲ' ਅਜੋਕੇ ਦੌਰ ਦੇ ਸੋਸ਼ਲ ਮੀਡੀਆ ਨਾਲ ਜੁੜੇ ਮਸਲਿਆਂ ਨੂੰ ਪੇਸ਼ ਕਰਦੀ ਹੈ। 'ਕੁੜੱਤਣ' ਕਹਾਣੀ ਦਾ ਵਿਸ਼ਾ ਪੰਜਾਬੀ ਵਿਚ ਕਹਾਣੀ ਵਿਚ ਵਾਰ-ਵਾਰ ਦੁਹਰਾਇਆ ਗਿਆ ਵਿਸ਼ਾ ਹੈ। ਜਦੋਂ ਪਰਿਵਾਰ 'ਚ ਇਕ ਵਿਅਕਤੀ ਪੜ੍ਹ-ਲਿਖ ਕੇ ਰੁਜਗਾਰ ਦੀ ਭਾਲ ਵਿਚ ਸ਼ਹਿਰ ਵੱਲ ਰੁਖ਼ ਕਰਦਾ ਹੈ ਤਾਂ ਪਿੰਡ ਤੇ ਸ਼ਹਿਰੀ ਜੀਵਨ ਵਿਚਲੇ ਤਣਾਓ ਨੂੰ ਇਹ ਕਹਾਣੀ ਪੇਸ਼ ਕਰਦੀ ਹੈ। ਬੰਦਾ ਤਾਂ ਬੰਦਾ ਹੀ ਰਹਿੰਦਾ ਹੈ ਵਿਚ ਸ਼ੱਕ ਅਖੀਰ ਮਰਦਾਵੀਂ ਹਉਮੈ ਦੇ ਰੂਪ ਵਿਚ ਉਜਾਗਰ ਹੋ ਜਾਂਦਾ ਹੈ ਤੇ ਮਿਹਣੇ ਦੀ ਸ਼ਕਲ ਵਿਚ ਔਰਤ ਦੀ ਸਾਰੀ ਜ਼ਿੰਦਗੀ ਦੇ ਅਰਥ ਹੀ ਬਦਲ ਦੇਂਦਾ ਹੈ।

'ਲੈਫਟੀਨੈਂਟ' ਤੇ 'ਲਾਲ ਲਕੀਰ' ਕਹਾਣੀਆਂ ਦਲਿਤ ਜੀਵਨ ਦੇ ਸੰਘਰਸ਼ ਤੇ ਜਾਤੀ ਵਿਵਸਥਾ ਦੇ ਅਮਾਨਵੀ ਪੱਖਾਂ ਨੂੰ ਪੇਸ਼ ਕਰਦੀਆਂ ਹਨ। ਜਦਕਿ 'ਦਾਅ ਤੇ ਚਾਅ' ਪਿਛਲੇ ਸਮਿਆਂ 'ਚ ਭਲਵਾਨ ਕੁੜੀਆਂ ਦੇ ਚਲੇ ਸੰਘਰਸ਼ ਨੂੰ ਸਿਰਫ਼ ਸ਼ੋਸ਼ਣ ਦੇ ਨਜ਼ਰੀਏ ਤੋਂ ਹੀ ਪੇਸ਼ ਨਹੀਂ ਕਰਦੀ, ਸਗੋਂ ਅਜੇਹੀਆਂ ਘਟਨਾਵਾਂ ਕਿਸ ਤਰ੍ਹਾਂ ਆਉਣ ਵਾਲੀ ਨਵੀਂ ਪੀੜ੍ਹੀ ਲਈ ਮੁਸ਼ਕਲਾਂ ਖੜ੍ਹੀਆਂ ਕਰਦੀ ਹੈ, ਉਹ ਫ਼ਿਕਰ ਇਸ ਕਹਾਣੀ ਦੀ ਕੇਂਦਰੀ ਧੁਨੀ ਹੈ।

'ਬੱਦਲਾਂ ਦੇ ਓਹਲੇ ਦਾ ਸੂਰਜ' ਲੋਕ ਮਾਨਸਿਕਤਾ ਤੇ ਤਰਕ ਦੇ ਤਣਾਓ ਦੀ ਕਹਾਣੀ ਹੈ ਜਦਕਿ 'ਆਪਣੀਆਂ ਪੈੜਾਂ ਦੀ ਨਿਸ਼ਾਨਦੇਹੀ' ਪੰਜਾਬ ਪ੍ਰਤਿ ਫ਼ਿਕਰ ਦੀ ਕਹਾਣੀ ਹੈ।

**-ਕੁਲਵੰਤ ਸਿੰਘ ਸੰਧੂ**

ਨਾਟਕਕਾਰ ਸ਼ਬਦੀਸ਼ ਮੂਲ ਰੂਪ ਵਿੱਚ ਕਵੀ ਹੈ। ਪੰਜਾਬ ਸੰਕਟ ਦੇ ਦਿਨਾਂ ਵਿੱਚ ਉਸ ਦਾ ਤਰੰਨੁਮ ਕਦੇ ਗਲੀ ਵਿੱਚੋਂ ਗਾਉਂਦੇ ਗਾਉਂਦੇ ਲੰਘਣ ਵਾਲੇ ਜੋਗੀ ਨੂੰ ਮੁਖ਼ਾਤਬ ਹੁੰਦਾ ਸੀ ਤੇ ਕਦੇ ਬੁੱਲਾਂ ਤੇ ਤਾਲੇ ਦੇ ਬਾਵਜੂਦ ਗੀਤਾਂ ਦੇ ਬੋਲ ਜਾਣ ਦੀ ਹਕੀਕਤ ਕਾਵਿ-ਇਤਿਹਾਸ ਵਿੱਚ ਦਰਜ

ਕਰਵਾਉਂਦਾ ਸੀ। ਉਸ ਦੀ ਕਵਿਤਾ ਦੀ ਪਲੇਠੀ ਕਿਤਾਬ ਕਰੀਬ ਪੱਚੀ ਵਰ੍ਹੇ ਪਹਿਲਾਂ ਛਪੀ। 'ਟਾਪੂ ਤੋਂ ਆਇਆ ਖ਼ਤ' ਨਾਲ ਉਸ ਨੇ ਪਾਸ਼ ਦੀ 'ਕਾਮਰੇਡ ਨਾਲ ਗੱਲਬਾਤ' ਨਾਲ ਸ਼ੁਰੂ ਹੋਈ ਕਾਵਿ-ਪਰੰਪਰਾ ਨੂੰ ਅੱਗੇ ਤੋਰਿਆ ਸੀ। ਇਹ ਕਾਵਿ-ਪਰੰਪਰਾ ਖੱਬੇ-ਪੱਖੀ ਧਿਰ ਦੀ ਸਿਆਸਤ ਅਤੇ ਵਿਚਾਰਧਾਰਾ ਨਾਲ ਸੰਵਾਦ ਦੀ ਪਰੰਪਰਾ ਸੀ। ਉਹ ਸੰਵਾਦ ਜੋ ਕਿਸੇ ਹੋਰ (ਟਹਿਰ) ਨਾਲ ਨਹੀਂ, ਆਪਣੀ ਧਿਰ ਨਾਲ ਹੋਣ ਕਾਰਨ ਇੱਕ ਤਰ੍ਹਾਂ ਦਾ ਸਵੈ-ਸੰਵਾਦ ਸੀ ਜੋ ਸਵੈ-ਵਿਸ਼ਲੇਸ਼ਣ ਦਾ ਰੂਪ ਲੈਂਦਾ ਸੀ।

ਚੌਥਾਈ ਸਦੀ ਬਾਅਦ ਛਪੀ ਆਪਣੀ ਦੂਸਰੀ ਕਾਵਿ-ਕਿਤਾਬ 'ਕਿਉਂ ਸੁਣਾਵਾਂ ਫੈਸਲਾ' ਵਿੱਚ ਵੀ ਉਹ ਆਪਣੀ ਪ੍ਰਤੱਖ ਸਿਆਸੀ ਕਵੀ ਹੋਣ ਦੀ ਪਛਾਣ ਨਾ ਸਿਰਫ਼ ਕਾਇਮ ਰੱਖਦਾ ਹੈ, ਸਗੋਂ ਇੱਕ ਕਦਮ ਹੋਰ ਅੱਗੇ ਦਾ ਸਫ਼ਰ ਕਰਦਾ ਹੈ। 60 ਦੇ ਕਰੀਬ ਨਜ਼ਮਾਂ ਦੀ ਇਸ ਕਿਤਾਬ ਦੀ ਪ੍ਰਕਾਸ਼ਨਾ ਸਮੇਂ ਮੁਲਕ ਅੰਦਰ ਬਹੁ-ਗਿਣਤੀਵਾਦ ਦੀ ਚੜ੍ਹਤ ਹੈ। ਤਕਰੀਬਨ ਇੱਕ ਦਹਾਕੇ ਤੋਂ ਮੁਲਕ ਅੰਦਰ ਸ਼ਹਿਰੀ ਅਜ਼ਾਦੀਆਂ ਦਾ ਗਲਾ ਘੁੱਟਿਆ ਜਾ ਰਿਹਾ ਹੈ। ਖੱਬੇ-ਪੱਖੀ ਵਿਚਾਰਵਾਨਾਂ ਉੱਤੇ ਸੱਤਾ ਦਾ ਦਮਨ ਤਿੱਖਾ ਹੋ ਗਿਆ ਹੈ। ਇਹ ਨਵੇਂ ਸਿਆਸੀ ਰੁਝਾਨ ਵੀ ਸ਼ਬਦੀਸ਼ ਦੀ ਕਵਿਤਾ ਦੇ ਧਿਆਨ ਦੇ ਕੇਂਦਰ ਵਿੱਚ ਹਨ। ਉਹ ਸਥਿਤੀਆਂ ਦੀਆਂ ਵਿਸੰਗਤੀਆਂ ਅਤੇ ਮਨੁੱਖੀ ਮਨ ਦੀਆਂ ਗੁੰਝਲਾਂ ਨੂੰ ਵੀ ਪਛਾਣਦਾ ਹੈ। ਚੰਗੀ ਗੱਲ ਇਹ ਹੈ ਕਿ ਉਹ ਸਿਆਸੀ ਕਵਿਤਾ ਲਿਖਦਿਆਂ ਵੀ ਲਾਊਡ ਨਹੀਂ ਹੁੰਦਾ ਸਗੋਂ ਵਿਚਾਰਾਂ ਨੂੰ ਚਿਹਨਾਂ ਦੀ ਸਹਾਇਤਾ ਨਾਲ ਪ੍ਰਗਟਾਉਂਦਾ ਹੈ।

ਕੁਲਵਿੰਦਰ ਖਹਿਰਾ ਕੈਨੇਡਾ ਵੱਸਦਾ ਪੰਜਾਬੀ ਕਵੀ ਹੈ। ਕਾਵਿ ਸੰਗ੍ਰਹਿ 'ਪੀੜ ਦੀ ਪਰਵਾਜ਼' ਅਤੇ ਨਾਟਕ 'ਅੰਨ੍ਹੀਆਂ ਗਲੀਆਂ' ਤੋਂ ਬਾਦ ਗ਼ਜ਼ਲ ਸੰਗ੍ਰਹਿ 'ਹਨੇਰੇ ਦੀ ਤਲੀ 'ਤੇ' ਉਸ ਦੀ ਤੀਸਰੀ ਕਿਤਾਬ ਹੈ। ਉਸ ਦੇ ਆਪਣੇ ਸ਼ਬਦਾਂ ਵਿੱਚ ਇਹ "ਸ਼ਾਇਰੀ ਜ਼ਿਕਰ ਤੋਂ ਵੱਧ ਫ਼ਿਕਰ ਦੀ ਸ਼ਾਇਰੀ ਹੈ।"ਇਸ ਸ਼ਾਇਰੀ ਦੀ ਇੱਕ ਵਿਸ਼ੇਸ਼ਤਾ ਕਿਸੇ ਭੂਗੋਲ ਤੋਂ ਮੁਕਤ ਹੋਣਾ ਹੈ। ਜੋ ਸ਼ੇਅਰ ਉਸ ਨੇ ਲਿਖੇ ਹਨ ਉਹ ਪੰਜਾਬੀ ਸ਼ਾਇਰ ਪੰਜਾਬ ਵਿੱਚ ਬੈਠਾ ਵੀ ਲਿਖ ਸਕਦਾ ਹੈ ਅਤੇ ਕਿਸੇ ਪਰਾਏ ਮੁਲਕ ਅੰਦਰ ਵੀ। ਇਹਨਾਂ ਅੰਦਰਲੇ ਫ਼ਿਕਰ ਕਿਸੇ ਪਰਵਾਸ ਹੰਢਾਉਂਦੇ ਬੰਦੇ ਦੇ ਨਹੀਂ ਸਗੋਂ ਯੂਨੀਵਰਸਲ ਹਨ। ਪੰਜਾਬ ਸੰਕਟ ਦੇ ਸਰੋਕਾਰ ਵੀ ਬਹੁਤ ਸਾਰੀਆਂ ਗ਼ਜ਼ਲਾਂ ਅੰਦਰ ਪ੍ਰਗਟ ਹੋਏ ਹਨ। ਗ਼ਜ਼ਲ-ਗੋ ਉੱਥੇ ਵੀ ਕਿਸੇ ਕਿਸਮ ਦੇ ਉਲਾਰ ਦਾ ਸ਼ਿਕਾਰ ਹੋਣ ਦੀ ਬਜਾਏ ਮਾਨਵੀ ਫ਼ਿਕਰਾਂ ਦੀ ਬਾਂਹ ਫੜੀ ਰੱਖਦਾ ਹੈ। ਭੁਪਿੰਦਰ ਦੂਲੇ ਨੇ ਲਿਖਿਆ ਹੈ ਕਿ ਕੁਲਵਿੰਦਰ ਖਹਿਰੇ ਦੀ ਗ਼ਜ਼ਲ ਦਾ ਆਪਣਾ ਮੌਲਿਕ ਰੰਗ ਹੈ ਕਿਉਂਕਿ ਉਸ ਨੇ ਪੰਜਾਬੀ ਜਾਂ ਉਰਦੂ ਦੇ ਵੱਡੇ ਸ਼ਾਇਰਾਂ ਦਾ ਪ੍ਰਭਾਵ ਗ੍ਰਹਿਣ ਨਹੀਂ ਕੀਤਾ। ਇਹ ਗੱਲ ਪੂਰੀ ਤਰ੍ਹਾਂ ਠੀਕ ਨਹੀਂ ਜਾਪਦੀ; ਕਿਉਂ ਕਿ ਕੋਈ ਵੀ ਕਵੀ ਆਪਣੀ ਪੁਰਵਲੀ ਵਿਰਾਸਤ ਨਾਲ ਜੁੜੇ ਬਿਨਾ ਸਾਰਥਕ ਸੁਹਜ ਦੀ ਸਿਰਜਣਾ ਨਹੀਂ ਕਰ ਸਕਦਾ। 'ਆਉਣਾ ਹੀ ਸੀ ਇਸ ਨੇ ਕਦੀ ਸ਼ਾਮ ਦੀ ਦਹਿਲੀਜ਼ 'ਤੇ, 'ਵੱਸਦਾ ਸੀ ਓਸ ਪਾਰ ਜੋ, ਚਿਹਰਾ ਕਿਧਰ ਗਿਆ' ਜਿਹੀਆਂ ਗ਼ਜ਼ਲਾਂ ਵਿੱਚ ਇਹ ਪ੍ਰਭਾਵ ਸਪਸ਼ਟ ਦਿਸਦਾ ਹੈ। ਉਸ ਦੀ ਵਿਚਾਰਕ ਪ੍ਰਤੀਬੱਧਤਾ ਨੂੰ ਇਸ ਸ਼ੇਅਰ ਵਿੱਚ ਉਠਾਏ ਸਵਾਲ ਵਿੱਚੋਂ ਦੇਖਿਆ ਜਾ ਸਕਦਾ ਹੈ:

ਉਦਾਸੀ, ਸੋਗ, ਉਲਝਣ, ਤਲਖ਼ੀਆਂ, ਸ਼ਿਕਵੇ, ਨਿਰਾਸ਼ਾ, ਗ਼ਮ,<br>
ਕੀ ਏਹੋ ਰੰਗ ਸ਼ਾਇਰੀ ਦੇ, ਕੀ ਏਹੋ ਹੈ ਕਲਾ 'ਲਿਖਣਾ'?

**-ਹਰਵਿੰਦਰ ਭੰਡਾਲ**




ਪ੍ਰਕਾਸ਼ਕ: ਚੇਤਨਾ ਪ੍ਰਕਾਸ਼ਨ ਲੁਧਿਆਣਾ
ਸਫੇ: 208 ਕੀਮਤ: 300/-

ਡਾ. ਰਜਨੀਸ਼ ਬਹਾਦਰ ਸਿੰਘ ਪੰਜਾਬੀ ਆਲੋਚਕਾਂ ਦੀ ਉਸ ਤਕਰੀਬਨ ਗੁਆਚ ਰਹੀ ਸ਼੍ਰੇਣੀ ਦਾ ਨੁਮਾਇੰਦਾ ਹੈ ਜੋ ਨਾ ਸਿਰਫ਼ ਸਿਧਾਂਤਕ ਸੂਝ ਦੇ ਧਨੀ ਹਨ, ਬਲਕਿ ਇਸ ਸੂਝ ਨੂੰ ਬਦਲਦੇ ਹਾਲਾਤ ਦੀ ਸਾਣ ਉੱਤੇ ਲਗਾਤਾਰ ਤਿੱਖਿਆਂ ਕਰਦੇ ਰਹਿਣ ਦੇ ਉਪਰਾਲੇ ਵਿਚ ਵੀ ਰਹਿੰਦੇ ਹਨ। ਆਪਣੇ ਇਨ੍ਹਾਂ ਗੁਣਾਂ ਕਾਰਨ ਹੀ ਇਹ ਸਾਡੀ ਬੋਲੀ ਦਾ ਉਹ ਆਲੋਚਕ ਹੈ ਜਿਸਦੀ ਨਾ ਤਾਂ ਕਦੇ ਦ੍ਰਿਸ਼ਟੀ ਧੁੰਦਲਾਈ ਹੈ ਅਤੇ ਨਾ ਹੀ ਕਦੇ ਉਸਦੇ ਵਿਚਾਰਾਂ ਵਿਚ ਖੜੋਤ ਦਾ ਅਹਿਸਾਸ ਹੋਇਆ ਹੈ। ਹਥਲੀ ਪੁਸਤਕ ਵਿਚ ਡਾ. ਰਜਨੀਸ਼ ਬਹਾਦਰ ਸਿੰਘ ਨੇ ਆਪਣੀ ਆਲੋਚਨਾਤਮਕ ਪ੍ਰਤਿਭਾ ਨੂੰ ਕਹਾਣੀ ਦੀ ਵਿਧਾ ਉੱਤੇ ਕੇਂਦਰਤ ਕਰਦੇ ਹੋਏ, ਜੇ ਇਕ ਪਾਸੇ ਪੰਜਾਬੀ ਕਹਾਣੀ ਦੀ ਸਮੁੱਚੀ ਇਤਿਹਾਸਕਾਰੀ ਪੇਸ਼ ਕੀਤੀ ਹੈ, ਤਾਂ ਦੂਜੇ ਪਾਸੇ ਇਸ ਦੀਆਂ ਵੱਖੋ-ਵੱਖ ਧਾਰਾਵਾਂ ਦੀ ਵੀ ਨਿਸ਼ਾਨਦੇਹੀ ਕੀਤੀ ਹੈ। ਕਹਾਣੀਆਂ ਵਿਚ ਪਾਤਰਾਂ ਦੀ ਖੁਦਮੁਖਤਾਰੀ ਦਾ ਨਿਵੇਕਲਾ ਪੈਮਾਨਾ ਸਿਰਜ ਕੇ ਉਸਨੇ ਸਾਡੇ ਸਾਹਿਤ ਦੇ ਮੰਨੇ ਕਹਾਣੀਕਾਰਾਂ ਦੀਆਂ ਪਰਮੰਨੀਆਂ ਕਹਾਣੀਆਂ ਦਾ ਵਿਸ਼ਲੇਸ਼ਣ ਵੀ ਕੀਤਾ ਹੈ। ਇਸ ਕਾਰਨ ਡਾ. ਰਜਨੀਸ਼ ਬਹਾਦਰ ਸਿੰਘ ਦੀ ਇਹ ਰਚਨਾ ਨਾ ਸਿਰਫ਼ ਪੰਜਾਬੀ ਕਹਾਣੀ ਦੇ ਖੋਜਾਰਥੀਆਂ, ਸਗੋਂ ਆਮ ਪਾਠਕਾਂ ਦੀ ਵੀ ਦਿਲਚਸਪੀ ਦਾ ਬਾਇਸ ਬਣਨ ਦੀ ਸਮਰੱਥਾ ਰੱਖਦੀ ਹੈ।

-ਸੁਕੀਰਤ

# ਜਸ ਮੰਡ ਦਾ ਰਚਨਾ ਸੰਸਾਰ














ਮਾਸਕੋ ਤੋਂ ਅੰਤਰਰਾਸ਼ਟਰੀ ਕਾਨੂੰਨ ਵਿਚ ਪੀ ਐਚ. ਡੀ. ਪ੍ਰਾਪਤ ਜਸ ਮੰਡ ਦੀ ਪੁਸਤਕ '*ਮਸ਼ਕੂਲੇ*' ਅਸਲ ਵਿਚ ਸੋਵੀਅਤ ਯੂਨੀਅਨ ਤੇ ਪੰਜਾਬੀ ਸਮਾਜ ਦਾ ਮਜ਼ਾਕਾਂ ਰਾਹੀਂ ਕੀਤਾ ਡੂੰਘਾ ਵਿਸ਼ਲੇਸ਼ਣ ਹੈ। ਉਸਦੀ ਅੰਗਰੇਜ਼ੀ ਵਿੱਚ ਲਿਖੀ ਤੇ ਹਿੰਦੀ ਤਰਜਮੇ ਵਿੱਚ ਵੀ ਛਪੀ ਪੁਸਤਕ '*The Secret Of Happiness*' ਖੁਸ਼ੀ ਦੇ ਸੰਕਲਪ ਬਾਰੇ ਗੰਭੀਰ ਖੋਜ ਵੀ ਹੈ, ਤੇ ਸ਼ਖਸੀਅਤ ਉਸਾਰੀ ਦੀ ਰਾਹ-ਦਸੇਰਾ ਵੀ। ਉਸਦੇ ਸਫ਼ਰਨਾਮੇ '*ਕਾਲੇ ਸਾਗਰ ਚਿੱਟੇ ਪਰਬਤ*' ਤੇ '*ਰੇਤੀਲੇ ਤੇ ਬਰਫੀਲੇ ਮਾਰੂਥਲ*' ਪੰਜਾਬੀ ਯਾਤਰੂਆਂ ਤੇ ਟ੍ਰੈਕਰਾਂ ਨੂੰ ਘਰ ਬੈਠੇ ਸੈਰ ਕਰਵਾਣ ਦੇ ਨਾਲ-ਨਾਲ ਉਨ੍ਹਾਂ ਨੂੰ ਸੈਰ ਕਰਨ ਲਈ ਉਕਸਾਂਦੇ ਵੀ ਹਨ, ਤੇ ਸੈਰ-ਸਪਾਟੇ ਦੀ ਗਾਈਡ ਦਾ ਕੰਮ ਵੀ ਕਰਦੇ ਹਨ। ਪੰਜ ਦਰਜਨਾਂ ਤੋਂ ਵੱਧ ਦੇਸਾਂ ਦੀ ਸੈਰ ਕਰ ਚੁੱਕੇ ਇਸ ਘੁਮੱਕੜ ਚਿੰਤਕ ਦੀਆਂ ਕਿਰਤਾਂ ਹਰ ਪੰਜਾਬੀ ਨੂੰ ਕੇਵਲ ਪੜ੍ਹਨੀਆਂ ਹੀ ਨਹੀਂ, ਸਗੋਂ ਚਿੱਖਣੀਆਂ ਚਾਹੀਦੀਆਂ ਹਨ।

- ਡਾ. ਰਜਨੀਸ਼ ਬਹਾਦਰ ਸਿੰਘ

# ਮਾਝਾ ਕਾਲਜ ਫ਼ਾਰ ਵੂਮੈਨ, ਤਰਨ ਤਾਰਨ

## ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਮਾਨਤਾ ਪ੍ਰਾਪਤ

ਨੋਟ:
ਸਾਰੇ ਕੋਰਸਾਂ ਵਿੱਚ
ਸੈਸ਼ਨ 2022-23 ਲਈ
ਰਜਿਸਟ੍ਰੇਸ਼ਨ/ਅਡਵਾਂਸ
ਬੁਕਿੰਗ ਸ਼ੁਰੂ




- ਕੇਂਦਰ/ਪੰਜਾਬ ਸਰਕਾਰ ਵੱਲੋਂ SC, BC ਅਤੇ ਘੱਟ ਗਿਣਤੀ (ਮਾਇਨੋਰਿਟੀ) ਵਿਦਿਆਰਥੀਆਂ ਲਈ ਵਜ਼ੀਫੇ ਦੀ ਸਹੂਲਤ।
- ਯੂਨੀਵਰਸਿਟੀ ਮੈਰਿਟ ਹੋਲਡਰ ਵਿਦਿਆਰਥੀਆਂ ਨੂੰ ਫੀਸਾਂ ਵਿਚ ਰਿਆਇਤ।

## ਚੱਲ ਰਹੇ ਕੋਰਸ

- +1, +2 ਆਰਟਸ, ਕਾਮਰਸ, ਮੈਡੀਕਲ ਅਤੇ ਨਾਨ ਮੈਡੀਕਲ ਗਰੁੱਪ (ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ)
- ਬੀ.ਏ.
- ਬੀ.ਐੱਸ-ਸੀ. (ਇਕਨਾਮਿਕਸ)
- ਬੀ.ਐੱਸ.ਸੀ. (ਕੰਪਿ. ਸਾਇੰਸ)
- ਬੀ.ਐੱਸ-ਸੀ. (ਨਾਨ-ਮੈਡੀਕਲ)
- ਬੀ.ਐੱਸ.ਸੀ. (ਫੈਸ਼ਨ ਡਿਜ਼ਾਈਨਿੰਗ)
- ਬੀ.ਕਾਮ.
- ਬੀ.ਬੀ.ਏ.
- ਬੀ.ਸੀ.ਏ.
- ਪੀ.ਜੀ.ਡੀ.ਸੀ.ਏ.
- ਐੱਮ.ਏ. (ਪੰਜਾਬੀ)
- ਐੱਮ.ਐੱਸ.ਸੀ. (ਕੰਪਿ. ਸਾਇੰਸ)
- ਡਿਪਲੋਮਾ ਇਨ ਕੋਸਮੈਟੋਲਾਜੀ

## ਕਾਲਜ ਬੱਸਾਂ ਦੇ ਰੂਟ



ਅੰਮ੍ਰਿਤਸਰ, ਤਰਨ ਤਾਰਨ, ਵਿਆਲਪੁਰ, ਝਬਾਲ, ਗੋਇੰਦਵਾਲ ਸਾਹਿਬ ਖਡੂਰ ਸਾਹਿਬ, ਰਾਜੋਕੇ, ਅਮਰਕੋਟ ਵਲਟੋਹਾ, ਘਰਿਆਲਾ, ਪੱਟੀ ਸਰਹਾਲੀ, ਸਭਰਾਂ।

## ਵਿਸ਼ੇਸ਼ਤਾਵਾਂ

- ਬੱਸਾਂ ਦੀ ਸਹੂਲਤ
- ਤਜ਼ਰਬੇਕਾਰ ਸਟਾਫ਼
- ਸੈਮੀਨਾਰ ਰੂਮ
- ਜਨਰੇਟਰ ਦੀ ਸਹੂਲਤ
- ਵਿਸ਼ਾਲ ਲਾਇਬ੍ਰੇਰੀ
- ਨਵੀਂ ਸ਼ਾਨਦਾਰ ਆਧੁਨਿਕ ਬਿਲਡਿੰਗ
- ਕੁਆਲਟੀ ਐਜੂਕੇਸ਼ਨ ਉੱਤੇ ਜ਼ੋਰ
- ਅਲਟਰਾ ਮਾਡਰਨ ਸਾਇੰਸ, ਫੈਸ਼ਨ ਡਿਜ਼ਾਇਨਿੰਗ, ਕੋਸਮੈਟੋਲਾਜੀ ਅਤੇ ਕੰਪਿਊਟਰ ਲੈਬ
- ਕੰਟੀਨ
- ਘੱਟ ਫੀਸਾਂ
- ਖੁੱਲੀਆਂ ਗਰਾਊਡਾਂ
- WI-FI ਕੈਂਪਸ

## ਨੇੜੇ ਬਾਬਾ ਦੀਪ ਸਿੰਘ ਗੇਟ, ਤਰਨ ਤਾਰਨ

E-mail :mcwtarntaran@ymail.com Website : www.majhacollegeforwomen.in (Principal Off.) 98764-82175

ਅਮਨਪ੍ਰੀਤ ਕੌਰ
ਵਾਈਸ ਪ੍ਰਿੰਸੀਪਲ
Mob.: 9646882940

ਹਰਮਿੰਦਰ ਕੌਰ
ਰਜਿਸਟਰਾਰ
Mob.: 9914489959

ਡਾ. ਹਰਦੀਪ ਕੌਰ
ਪ੍ਰਿੰਸੀਪਲ